# ਸਿਰਜਣਾ



ਅਪਰੈਲ-ਜੂਨ 2023 **208** 50 ਰੁਪਏ

# ਸਿਰਜਣਾ

208

ਅਪਰੈਲ-ਜੂਨ 2023

ਸੰਪਾਦਕ : ਰਘਬੀਰ ਸਿੰਘ
Editor : Raghbir Singh



1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

**SIRJANA**

*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/'ਇਕ ਦੇਸ਼ ਇਕ ਭਾਸ਼ਾ' ਦੀ ਚੁਣੌਤੀ/1

ਮਨਦੀਪ ਔਲਖ/ਛੇ ਕਵਿਤਾਵਾਂ/3

ਪ੍ਰੇਮ ਸਾਹਿਲ/ਸੱਤ ਕਵਿਤਾਵਾਂ/8

ਗੁਲਜ਼ਾਰ ਸਿੰਘ ਸੰਧੂ/ਲੇਖ/ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਉਸਰਈਏ/17

ਸੁਕੀਰਤ/ਯਾਤਰਾ/ਪੁਰਖਿਆਂ ਦੀਆਂ ਪੈੜਾਂ ਤਲਾਸ਼ਦਿਆਂ/21

ਹਰਪ੍ਰੀਤ ਸੇਖਾ/ਮੁਲਾਕਾਤ/ਅਮਨਪਾਲ ਸਾਰਾ/27

ਸਿਮਰਨ ਧਾਲੀਵਾਲ/ਕਹਾਣੀ/ਝਾਂਜਰਾਂ ਦਾ ਜੋੜਾ/41

ਅਨੇਮਨ ਸਿੰਘ/ਕਹਾਣੀ/ਮਾਰੂਥਲ/47

ਮੇਜਰ ਮਾਂਗਟ/ਕਹਾਣੀ/ਸ਼ਾਂਤੀ ਬਹਾਲ/55

ਜਸਬੀਰ ਮਾਨ/ਕਹਾਣੀ/...ਤੇ ਮੈਂ/63

ਰਵਿੰਦਰ ਰੁਪਾਲ ਕੌਲਗੜ੍ਹ/ਕਹਾਣੀ/ਸ਼ਿਕੰਜਾ/68

ਗੁਰਮੇਲ ਸਿੰਘ/ਲੇਖ/ਮਿੱਟੀ ਬੋਲ ਪਈ: ਵਾਸਤਵਿਕਤਾ ਤੋਂ ਕਲਾਤਮਕਤਾ ਦਾ ਸਫ਼ਰ/75

ਜੇ ਬੀ ਸੇਖੋਂ/ਰਿਵਿਊ/ਕਹੋ ਰੁਕਮਣੀ/86

ਹਰਿੰਦਰ ਸਿੰਘ/ਰਿਵਿਊ/ਇਸ਼ਕ ਨਾ ਮੰਨੇ ਵਾਟ/88

ਹਰਵਿੰਦਰ ਸਿੰਘ/ਰਿਵਿਊ/ਚਾਨਣ ਦੇ ਪਰਛਾਂਵੇਂ/90

ਪਰਗਟ ਸਿੰਘ/ਰਿਵਿਊ/ਦਿਆਰਾਂ 'ਚੋਂ ਲੰਘਦੀ ਹਵਾ/93

ਪੁਸਤਕ ਸੂਚੀ/95


ਟਾਈਟਲ ਚਿੱਤਰ : ਦੇਵ


ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ

*ਸੰਪਾਦਕੀ*

# *'ਇਕ ਦੇਸ਼ ਇਕ ਭਾਸ਼ਾ' ਦੀ ਚੁਣੌਤੀ*

*ਇਕ ਸਮੇਂ ਇਸ ਤਰ੍ਹਾਂ ਦਾ ਨਾਅਰਾ ਲੱਗਦਾ ਸੀ- 'ਅਨੇਕਤਾ 'ਚ ਏਕਤਾ, ਹਿੰਦ ਦੀ ਵਿਸ਼ੇਸ਼ਤਾ'। ਇਹ ਨਾਅਰਾ ਭਾਰਤੀ ਸੰਵਿਧਾਨ ਦੀ ਉਸ ਭਾਵਨਾ ਦੀ ਤਰਜਮਾਨੀ ਕਰਦਾ ਸੀ ਜਿਸ ਅਨੁਸਾਰ ਇਹ ਦੇਸ਼ ਵੱਖ ਵੱਖ ਖਿੱਤਿਆਂ, ਕੌਮੀਅਤਾਂ ਤੇ ਸਭਿਆਚਾਰਾਂ ਦਾ ਇਕ ਸਮੂਹ ਹੈ। ਇਹੀ ਇਸ ਦੇਸ਼ ਦੀ ਹਕੀਕਤ ਹੈ। ਇਸ ਹਕੀਕਤ ਨੂੰ ਨਾ ਸਿਰਫ ਪ੍ਰਵਾਨਗੀ ਦੇਣ ਸਗੋਂ ਇਸ ਉੱਤੇ ਮਾਣ ਕਰਨ ਦੀ ਭਾਵਨਾ ਵਿਚੋਂ ਅਜਿਹਾ ਨਾਅਰਾ ਉਭਰਦਾ ਸੀ। ਹੁਣ ਇਹ ਨਾਅਰਾ ਬੀਤੇ ਦੀ ਗੱਲ ਬਣਦਾ ਜਾ ਰਿਹਾ ਹੈ। ਇਸ ਦੀ ਥਾਂ ਬਦਲਵਾਂ ਨਾਅਰਾ ਘੜਿਆ ਜਾ ਰਿਹਾ ਹੈ, ਜਿਸਨੂੰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੋਲ ਦਿੱਤੇ ਹਨ- 'ਇਕ ਦੇਸ਼ ਇਕ ਭਾਸ਼ਾ'।*

*ਜਦੋਂ ਦੀ ਭਾਰਤੀ ਜਨਤਾ ਪਾਰਟੀ ਪੂਰਨ ਬਹੁਮੱਤ ਨਾਲ ਕੇਂਦਰ ਵਿਚ ਰਾਜਸੱਤਾ ਉੱਤੇ ਕਾਬਜ਼ ਹੋਈ ਹੈ, ਉਦੋਂ ਤੋਂ ਹੀ ਭਾਰਤ ਵਿਚ ਰਾਸ਼ਟਰ ਦਾ ਬਦਲਵਾਂ ਸੰਕਲਪ ਉਭਾਰਨ ਦੀ ਕੋਸ਼ਿਸ਼ ਹੋ ਰਹੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਜੁੜਕੇ ਵਰਤਮਾਨ ਸਰਕਾਰ ਦੀ ਅਸਲ ਤਾਕਤ ਵਜੋਂ ਜਾਣੀ ਜਾਂਦੀ ਜੋੜੀ ਦਾ ਅੰਗ ਹੈ, ਵੱਲੋਂ ਦਿੱਤਾ ਗਿਆ ਇਹ ਨਾਅਰਾ ਕੋਈ ਅਚਾਨਕ ਵਾਪਰੀ ਘਟਨਾ ਨਹੀਂ। ਇਹ ਸੱਤਾਧਾਰੀ ਧਿਰ ਦੀ ਰਾਸ਼ਟਰ ਦੇ ਨਵੇਂ ਸੰਕਲਪ ਵੱਲ ਵਧਣ ਦੀ ਵਿਧੀਵਤ ਯੋਜਨਾ ਦਾ ਹਿੱਸਾ ਹੈ। ਸੱਤਾ ਅੱਗੇ ਝੁਕਣ ਲਈ ਹਮੇਸ਼ਾ ਤਿਆਰ ਰਹਿਣ ਵਾਲਾ ਬੁੱਧੀਜੀਵੀਆਂ ਦਾ ਇਕ ਵਰਗ ਝੱਟ ਹੀ ਇਸ ਨਾਅਰੇ ਦੀ ਪੁਸ਼ਟੀ ਕਰਨ ਤੋਂ ਅਗਾਂਹ ਇਸ ਦਿਸ਼ਾ ਵਿਚ ਆਪਣਾ ਯੋਗਦਾਨ ਪਾਉਣ ਲਈ ਸਰਗਰਮ ਵੀ ਹੋ ਗਿਆ ਹੈ।*

*ਲੋਕਤੰਤਰੀ ਪ੍ਰਬੰਧ ਦੇ ਅੱਜੋਕੇ ਸਮਿਆਂ ਵਿਚ ਅਤੇ ਸੰਵਿਧਾਨ ਦੀ ਸਪਸ਼ਟ ਧਾਰਨਾ ਦੇ ਸਨਮੁਖ ਕਿਸੇ ਵੀ ਹਕੂਮਤ ਲਈ ਨੰਗੇ ਚਿੱਟੇ ਰੂਪ ਵਿਚ ਕਿਸੇ ਖਿੱਤੇ ਜਾਂ ਧਾਰਮਿਕ ਸਮੁਦਾਏ ਵੱਲ ਤੰਗਨਜ਼ਰੀ ਜਾਂ ਦਵੈਖ ਵਾਲੇ ਵਤੀਰੇ ਦਾ ਇਜ਼ਹਾਰ ਕਰਨਾ ਮੁਮਕਿਨ ਨਹੀਂ। ਪਰ ਆਪਣੇ ਰਾਜ ਕਾਲ਼ ਦੇ ਦਸ ਵਰ੍ਹਿਆਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ ਕਿ ਮੁਸਲਿਮ ਤੇ ਈਸਾਈ ਭਾਈਚਾਰੇ ਵਰਗੇ ਘੱਟ ਗਿਣਤੀ ਦੇ ਲੋਕਾਂ ਵੱਲ ਇਸਦੀ ਨਜ਼ਰ ਸਵੱਲੀ ਨਹੀਂ। ਧਰਮ ਦੇ ਆਧਾਰ 'ਤੇ ਲੋਕਾਂ ਨੂੰ ਵੱਖ ਵੱਖ ਖੈਮਿਆਂ ਵੱਲ ਧੱਕਣ ਨਾਲ ਰਾਜ ਕਰਨ ਵਾਲੀ ਅੱਜੋਕੀ ਧਿਰ ਨੂੰ ਸਿਆਸੀ ਲਾਹਾ ਵੀ ਮਿਲਦਾ ਹੈ, ਜਿਸ ਦੇ ਅਧੀਨ ਵੱਡੇ ਭਾਈਚਾਰੇ ਦੀ ਬਹੁਗਿਣਤੀ ਦੇ ਇਕ ਪਾਸੇ ਜਮ੍ਹਾ ਹੋਣ ਨਾਲ ਚੋਣਾਂ ਦੀ ਰਾਜਨੀਤੀ ਵਿਚ ਜਿੱਤ ਯਕੀਨੀ ਹੋ ਜਾਂਦੀ ਹੈ। ਹਿੰਦੂ ਫਿਰਕੂ ਅਨਸਰ ਬੇਰੋਕ ਦਹਾੜਦੇ ਫਿਰਦੇ ਹਨ ਅਤੇ ਉਹਨਾਂ ਵੱਲੋਂ ਘੱਟ ਗਿਣਤੀ ਦੇ ਰਹਿਣ ਸਹਿਣ ਦੇ ਢੰਗ ਅਥਵਾ ਸਭਿਆਚਾਰ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਨਤੀਜੇ ਵਜੋਂ ਬਹੁਤ ਸਾਰੇ ਖਿੱਤਿਆਂ ਵਿਚ ਘੱਟ ਗਿਣਤੀਆਂ ਨਾਲ ਸੰਬੰਧਤ ਲੋਕ, ਅਤੇ ਖਾਸਕਰ ਮੁਸਲਮਾਨ, ਆਤੰਕਤ ਹੋਏ ਦੁਬਕੇ ਬੈਠੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੀ ਪ੍ਰਵਾਹ ਕੀਤੇ ਬਿਨਾਂ ਸਰਕਾਰ ਵੱਲੋਂ ਵੀ ਰਾਸ਼ਟਰਵਾਦ ਦੇ ਨਾਂ ਹੇਠ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ, ਵਿਰੋਧੀਆਂ ਨੂੰ ਜੇਲ੍ਹਾਂ ਵਿਚ ਡੱਕਣ ਅਤੇ ਚੁਣੇ ਹੋਏ ਅਦਾਰਿਆਂ ਨੂੰ ਭੰਗ ਕਰਨ ਵਰਗੇ ਕਈ ਅਜਿਹੇ ਕਦਮ ਚੁੱਕੇ ਗਏ ਹਨ ਜੋ ਸਿੱਧੇ ਰੂਪ ਵਿਚ ਬਹੁਸੰਮਤੀ ਸਮੁਦਾਇ ਨੂੰ ਖੁਸ਼ ਕਰਦੇ ਹਨ।*

*ਉਪਰੋਕਤ ਸਥਿਤੀ ਦੀ ਭਿਅੰਕਰਤਾ ਦੇ ਟਾਕਰੇ 'ਇਕ ਦੇਸ਼ ਇਕ ਭਾਸ਼ਾ' ਦਾ ਨਾਅਰਾ ਏਨਾ ਖਤਰਨਾਕ ਤਾਂ ਨਹੀਂ, ਪਰ ਹੈ ਇਹ ਉਸੇ ਵਡੇਰੀ ਨੀਤੀਗਤ ਪਹੁੰਚ ਦਾ ਅੰਗ ਹੀ। ਪਹਿਲੀ ਵਾਰ*

*ਸੱਤਾ ਦੀ ਵਾਗਡੋਰ ਸੰਭਾਲਣ ਦੇ ਨਾਲ ਹੀ ਸਰਕਾਰੀ ਤੇ ਅਰਧ ਸਰਕਾਰੀ ਸਭਿਆਚਾਰਕ ਅਦਾਰਿਆਂ ਦਾ ਮੁਹਾਣ ਬਦਲਨ ਦੀ ਕਵਾਇਦ ਸ਼ੁਰੂ ਹੋ ਗਈ ਸੀ। ਵਿਗਿਆਨ ਦੀ ਥਾਂ ਅੰਧ ਵਿਸ਼ਵਾਸ ਫੈਲਾਉਣ, ਮਿਥਿਆਸ ਨੂੰ ਇਤਿਹਾਸ ਦਾ ਬਦਲ ਬਣਾਉਣ ਅਤੇ ਹਿੰਦੂ ਪੌਰਾਣਿਕ ਕਥਾਵਾਂ ਨੂੰ ਉਭਾਰਨ ਵਰਗੇ ਕਾਰਜ ਹੁਣ ਅਖੌਤੀ ਬੁੱਧੀਜੀਵ ਵਰਗ ਦੀ ਜ਼ਿੰਮੇਵਾਰੀ ਬਣ ਗਈ ਜਿਨ੍ਹਾਂ ਦੇ ਹੱਥ ਸਭਿਆਚਾਰਕ ਅਦਾਰਿਆਂ ਦੀ ਕਮਾਨ ਸੌਂਪੀ ਗਈ ਸੀ। ਏਸ ਨੀਤੀ ਉੱਤੇ ਹੋ ਰਹੇ ਅਮਲ ਦਾ ਸਾਖਿਆਤ ਪ੍ਰਗਟਾਵਾ ਲਿਖਤੀ ਮੀਡੀਆ ਵਿਚ ਛਪਦੀ ਸਮੱਗਰੀ ਅਤੇ ਰੇਡੀਉ ਟੈਲੀਵਿਯਨ ਤੋਂ ਪ੍ਰਸਾਰਤ ਹੁੰਦੇ ਪ੍ਰੋਗਰਾਮਾਂ ਵਿਚ ਭਲੀ ਭਾਂਤ ਦੇਖਿਆ ਜਾ ਸਕਦਾ ਹੈ।*

*ਪਰ ਇਕ ਭਾਸ਼ਾ, ਜੋ ਵਰਤਮਾਨ ਪ੍ਰਸੰਗ ਵਿਚ ਹਿੰਦੀ ਹੈ, ਨੂੰ ਦੇਸ਼ ਦੀ ਇਕੋ ਇਕ ਭਾਸ਼ਾ ਵਜੋਂ ਪ੍ਰਵਾਨ ਕਰਾਉਣਾ ਕੋਈ ਸਹਿਲ ਕਾਰਜ ਨਹੀਂ। ਦੱਖਣ ਦੇ ਰਾਜਾਂ ਅਤੇ ਬੰਗਾਲ, ਮਹਾਰਾਸ਼ਟਰ ਵਰਗੇ ਸੂਬਿਆਂ ਵਿਚ ਆਪੋ ਆਪਣੀਆਂ ਖੇਤਰੀ ਭਾਸ਼ਾਵਾਂ ਲਈ ਲੋਕਾਂ ਵਿਚ ਮੋਹ ਤੇ ਅਪਣੱਤ ਦੀ ਭਾਵਨਾ ਇਸ ਕਦਰ ਮਜ਼ਬੂਤ ਹੈ ਕਿ ਕੋਈ ਵੀ ਹੋਰ ਵਖੇਵਾਂ ਆਪਣੀ ਜ਼ੁਬਾਨ ਦੇ ਹੱਕ ਵਿਚ ਉਹਨਾਂ ਦੀ ਇਕਜੁੱਟਤਾ ਨੂੰ ਤੋੜ ਨਹੀਂ ਸਕਦਾ। ਫਿਰਕੂ ਆਧਾਰ 'ਤੇ ਲੋਕਾਂ ਵਿਚ ਵੰਡੀਆਂ ਪਾ ਕੇ ਉਹਨਾਂ ਨੂੰ ਵੱਖ ਵੱਖ ਖੇਮਿਆਂ ਵੱਲ ਧੱਕਣ ਦੀ ਰਾਜਨੀਤੀ ਤਾਂ ਇਹਨਾਂ ਸੂਬਿਆਂ ਵਿਚ ਵੀ ਕਾਰਗਰ ਹੁੰਦੀ ਨਜ਼ਰ ਆਈ ਹੈ ਪਰ ਭਾਸ਼ਾ ਦੇ ਆਧਾਰ 'ਤੇ ਉਨ੍ਹਾਂ ਵਿਚ ਅਜਿਹੀ ਦੁਫਾੜ ਪਾਉਣੀ ਕਦਾਚਿੱਤ ਸੰਭਵ ਨਹੀਂ। ਆਪਣੇ ਭਾਸ਼ਾਈ ਗੌਰਵ ਨੂੰ ਬਣਾਈ ਰੱਖਣ ਲਈ ਉਹ ਮਜ਼ਬੂਤੀ ਨਾਲ ਇਕਜੁੱਟ ਹੋ ਕੇ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰ ਸਕਦੇ ਹਨ।*

*ਪੰਜਾਬੀ ਜ਼ੁਬਾਨ ਨੂੰ ਲੈ ਕੇ ਮੋਰਚੇ ਲਾਉਣ ਦੇ ਆਪਣੇ ਇਤਿਹਾਸ ਦੇ ਬਾਵਜੂਦ ਪੰਜਾਬੀਆਂ ਵਿਚ ਆਮ ਤੌਰ 'ਤੇ ਆਪਣੀ ਭਾਸ਼ਾ ਪ੍ਰਤੀ ਮੋਹ ਤੇ ਇਕਜੁੱਟਤਾ ਦੀ ਅਜਿਹੀ ਭਾਵਨਾ ਮੌਜੂਦ ਨਹੀਂ। ਭਾਸ਼ਾ ਦੇ ਸਵਾਲ ਉੱਤੇ ਫਿਰਕੂ ਲੀਹਾਂ ਉੱਤੇ ਪੰਜਾਬੀਆਂ ਦੀ ਬਹੁਤ ਤਿੱਖੀ ਵੰਡ ਭਾਵੇਂ ਹੁਣ ਲਗਪਗ ਬੀਤੇ ਦੀ ਗੱਲ ਬਣ ਚੁੱਕੀ ਹੈ, ਪਰ ਆਪਣੀ ਭਾਸ਼ਾ ਉੱਤੇ ਮਾਣ ਦੀ ਕੁਦਰਤੀ ਭਾਵਨਾ ਪੰਜਾਬੀਆਂ ਵਿਚ ਅਸਲੋਂ ਗ਼ੈਰਹਾਜ਼ਰ ਹੈ। ਆਪਣੀ ਭਾਸ਼ਾ ਵੱਲ ਉਦਾਸੀਨਤਾ ਦੀ ਇਸ ਹਕੀਕਤ ਦੇ ਬਾਵਜੂਦ ਸੱਚ ਇਹ ਵੀ ਹੈ ਕਿ ਰਾਜਸੱਤਾ ਵੱਲੋਂ ਖੜ੍ਹੀ ਕੀਤੀ ਗਈ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਦੇ ਸਾਹਸ ਦੀ ਪੰਜਾਬੀਆਂ ਵਿਚ ਕਮੀ ਨਹੀਂ। ਇਸ ਲਈ 'ਇਕ ਦੇਸ਼ ਇਕ ਭਾਸ਼ਾ' ਦੇ ਨਾਅਰੇ ਨੂੰ , ਹੋਰਨਾਂ ਗ਼ੈਰ ਹਿੰਦੀ ਭਾਸ਼ੀ ਸੂਬਿਆਂ ਦੇ ਲੋਕਾਂ ਵਾਂਗ ਹੀ, ਪੰਜਾਬੀਆਂ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਣ ਲੱਗਾ। ਉਹ ਯਕੀਨਨ ਇਸ ਦਾ ਵਿਰੋਧ ਕਰਨਗੇ। ਇਹ ਗੱਲ ਵੱਖਰੀ ਹੈ ਕਿ ਉਹ ਖੁਦ ਹੀ ਲੋੜੀਂਦੇ ਭਾਸ਼ਾਈ ਗੌਰਵ ਦੀ ਅਣਹੋਂਦ ਦੀ ਨੀਂਦ ਵਿਚ ਸੁੱਤੇ ਪਏ ਰਹਿਣ।*

*ਇਸ ਲਈ ਪੰਜਾਬੀ ਭਾਸ਼ਾ ਨੂੰ ਅਸਲ ਚੁਣੌਤੀ ਕਿਸੇ ਬਾਹਰਲੀ ਧਿਰ ਵੱਲੋਂ ਨਹੀਂ ਸਗੋਂ ਖੁਦ ਆਪਣੇ ਵਿਹਾਰ ਵਿਚੋਂ ਉਭਰਦੀ ਹੈ। ਪੰਜਾਬੀਆਂ ਦੇ ਵਿਹਾਰ ਵਿਚ ਇਕ ਸਪਸ਼ਟ ਵਿਰੋਧਾਭਾਸ ਇਹ ਹੈ ਕਿ ਸਿਆਸੀ ਤੇ ਗ਼ੈਰ ਸਿਆਸੀ ਸਭਨਾਂ ਹੀ ਹਲਕਿਆਂ ਵਿਚ ਜਦੋਂ ਪੰਜਾਬੀ ਦੇ ਹੱਕ ਵਿਚ ਖਲੋਣ ਅਤੇ ਪੰਜਾਬੀ ਦੇ ਵਿਕਾਸ ਲਈ ਕੁਝ ਕਰਨ ਲਈ ਆਵਾਜ਼ ਬੁਲੰਦ ਕੀਤੀ ਜਾਂਦੀ ਹੈ, ਉਦੋਂ ਉਹ ਆਪਣੇ ਹੀ ਬੋਲਾਂ ਦੇ ਅਸਲ ਅਰਥਾਂ ਤੋਂ ਅਣਜਾਣ ਅਤੇ ਅਹਿਸਾਸ ਤੋਂ ਕੋਰੇ ਹੁੰਦੇ ਹਨ। ਕੋਈ ਵਜ੍ਹਾ ਨਹੀਂ ਕਿ ਪੰਜਾਬੀ ਭਾਸ਼ਾ ਨੂੰ ਸਰਕਾਰੀ ਕੰਮ-ਕਾਰ ਦੀ ਭਾਸ਼ਾ ਦਾ ਦਰਜਾ ਦੇਣ ਅਤੇ ਪੰਜਾਬੀ ਦੇ ਵਿਕਾਸ ਦੇ ਨਾਂ 'ਤੇ ਅਨੇਕਾਂ ਅਦਾਰੇ ਸਥਾਪਤ ਹੋਣ ਦੀ ਅੱਧੀ ਸਦੀ ਤੋਂ ਵੱਧ ਦਾ ਸਮਾਂ ਬੀਤ ਜਾਣ ਪਿੱਛੋਂ ਵੀ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਅਤੇ ਪੰਜਾਬੀ ਦੇ ਅਸਲ ਵਿਕਾਸ ਦੀ ਸੇਧ ਵਿਚ ਅਮਲ ਨਦਾਰਦ ਹੈ। ਪੰਜਾਬੀ ਭਾਸ਼ਾ ਏਨੀ ਵਿਆਪਕ ਤੇ ਸਮਰੱਥ ਹੈ ਕਿ ਬਾਹਰੋਂ ਆਇਆ ਕੋਈ ਫਰਮਾਨ ਜਾਂ ਧੌਂਸ ਤਾਂ ਇਸ ਉੱਤੇ ਸੱਟ ਨਹੀਂ ਮਾਰ ਸਕਦੇ ਪਰ ਇਸਨੂੰ ਸਮੇਂ ਦੀਆਂ ਲੋੜਾਂ ਦੇ ਹਾਣ ਦੀ ਭਾਸ਼ਾ ਬਣਾਉਣ ਲਈ ਵਿਹਾਰਕ ਪੱਧਰ 'ਤੇ ਬਹੁਤ ਕੁਝ ਕਰਨ ਦੀ ਲੋੜ ਹੈ। ਅਤੇ ਸਭ ਤੋਂ ਵੱਡੀ ਲੋੜ ਹੈ ਆਪਣੀ ਭਾਸ਼ਾ ਬਾਰੇ ਚੇਤਨਾ ਤੇ ਗੌਰਵ ਦਾ ਅਹਿਸਾਸ ਜਗਾਉਣ ਦੀ। 000*

# ਮਨਦੀਪ ਔਲਖ: ਛੇ ਕਵਿਤਾਵਾਂ

**ਗਰਲਜ਼ ਹੋਸਟਲ**

ਗਰਲਜ਼ ਹੋਸਟਲ
ਦੁਨੀਆਂ ਦੀ ਉਹ ਥਾਂ ਹੈ
ਜਿੱਥੇ ਬਿਨਾਂ ਸੰਕੋਚ ਤੋਂ
ਵਰਾਂਡੇ ਦੀ ਤਾਰ 'ਤੇ
ਸੁੱਕਦੇ ਹਨ ਜ਼ਨਾਨਾ ਅੰਗਵਸਤਰ

ਕੰਟੀਨ ਵੱਲ ਤੁਰੀਆਂ ਜਾਂਦੀਆਂ ਦੋ ਕੁੜੀਆਂ
ਤਾੜੀ ਵਜਾ ਕੇ ਹੱਸ ਸਕਦੀਆਂ
ਲਾਅਨ ਵਿਚ ਬੈਠੀਆਂ ਕੁੜੀਆਂ ਵਿਚੋਂ
ਛੋਟੀ ਆਪਣੇ ਤੋਂ ਵੱਡੀ ਕੁੜੀ ਦੀ ਵੱਖੀ ਵਿਚ
ਚੂੰਢੀ ਵੱਢਦਿਆਂ ਕਰ ਸਕਦੀ ਹੈ
ਕੋਈ ਵੀ ਵਰਜਿਤ ਗੱਲ

ਗਰਲਜ਼ ਹੋਸਟਲ ਦੁਨੀਆਂ ਦਾ ਅਜਿਹਾ ਕੋਨਾ
ਜਿੱਥੇ ਕੁਝ ਵੀ ਅਸ਼ਲੀਲ ਨਹੀਂ ਹੁੰਦਾ
ਨਾ ਸ਼ਾਲੀਨਤਾ ਦਾ ਸਾਹ ਘੁੱਟਵਾਂ ਪਹਿਰਾ ਰਹਿੰਦਾ
ਦਾਇਰਿਆਂ ਤੋਂ ਪਾਰ, ਕਮਰਿਆਂ ਵਿਚੋਂ ਉੱਚੀ-ਉੱਚੀ
ਗੂੰਜ ਸਕਦੇ ਅਕਾਰਨ ਹਾਸੇ
ਜਿਨ੍ਹਾਂ ਤੋਂ ਤ੍ਰਹਿੰਦੀਆਂ ਹਨ ਘਰ ਦੀਆਂ ਕੰਧਾਂ
ਮੁਹੱਲਿਆਂ ਦੇ ਜ਼ਾਬਤੇ, ਸ਼ਹਿਰ ਦੀ ਸ਼ਾਂਤੀ
ਤੇ ਦੇਸ਼ ਦਾ ਕਾਨੂੰਨ

ਗਰਲਜ਼ ਹੋਸਟਲ ਦੀਆਂ ਅਲਮਾਰੀਆਂ ਵਿਚ
ਦੁਬਕੇ ਰਹਿੰਦੇ ਮਹਿੰਗੇ ਚਮਕੀਲੇ ਤੇ
ਉਚੇਚ ਨਾਲ ਸਿਲਾਏ ਕਪੜੇ
ਕੁਰਸੀਆਂ ਬੈੱਡਾਂ 'ਤੇ ਖਿੜ ਖਿੜ ਹੱਸਦੀਆਂ
ਨਿੱਕਰਾਂ ਟੀਸ਼ਰਟਾਂ

ਗਰਲਜ਼ ਹੋਸਟਲ ਵਿਚ ਆਈਆਂ ਨਵੀਆਂ ਕੁੜੀਆਂ
ਕੁਝ ਦਿਨ ਉਦਾਸ ਰਹਿੰਦੀਆਂ
ਹੌਲ਼ੀ ਹੌਲ਼ੀ ਫਿਜ਼ਾ ਵਿਚ ਘੁਲ਼ਦੀਆਂ
ਕਰਦੀਆਂ ਬੇਸਵਾਦੇ ਖਾਣੇ ਦੀ ਸ਼ਿਕਾਇਤ

ਜਿਹੜੀ ਸ਼ਿਕਾਇਤ ਉਨ੍ਹਾਂ ਆਪ
ਸਹਿਣੀ ਹੁੰਦੀ ਸਾਰੀ ਉਮਰ

ਕੁੜੀਆਂ
ਕੁਝ ਸਾਲ ਹੋਸਟਲ ਵਿਚ ਗੁਜ਼ਾਰਦੀਆਂ
ਤੇ ਘਰਾਂ ਨੂੰ ਪਰਤ
ਉਦਾਸ ਤ੍ਰੀਮਤਾਂ ਵਿਚ ਵਟ ਜਾਂਦੀਆਂ

ਦੂਰ ਕਿਸੇ ਸ਼ਹਿਰ ਦੀ ਪੌਸ਼ ਕਾਲੋਨੀ ਵਿਚ
ਮਰਦ ਦੇ ਚਿੱਟੇ ਕਾਲ਼ੇ ਪੈਸੇ ਨਾਲ
ਬਣਾਈ ਕੋਠੀ ਦੇ ਇਕ ਕਮਰੇ ਵਿਚ
ਅੱਧੀ ਰਾਤ ਲਗਾਤਾਰ ਚਲਦੇ ਘੁਰਾੜਿਆਂ ਕੋਲ਼
ਜਾਗ ਕੇ ਨੀਂਦ ਉਡੀਕਦੀ
ਇਕ ਤ੍ਰੀਮਤ ਦੀਆਂ ਗੱਲ੍ਹਾਂ 'ਤੇ
ਸਿੰਮ ਆਏ ਦੋ ਹੰਝੂਆਂ ਵਿਚ
ਗਰਲਜ਼ ਹੋਸਟਲ ਧੜਕਦਾ ਹੈ 00

## ਇਕੱਲਿਆਂ ਸਫਰ 'ਤੇ

ਮੈਨੂੰ ਇਕੱਲਿਆਂ ਸਫਰ 'ਤੇ ਜਾਣ ਦਿਉ
ਮੇਰੇ ਕੋਲ਼ੋਂ ਨਹੀਂ ਚੁੱਕਿਆ ਜਾਣਾ, ਫਾਲਤੂ ਸਮਾਨ
ਖਾਨਦਾਨੀ ਇੱਜ਼ਤ, ਜ਼ਾਤ, ਧਰਮ ਤੇ ਗੋਤਰ
ਹਾਂ ਸੱਚ, ਕੁੜੀ ਹੋਣ ਦੀ ਮਰਿਆਦਾ ਵੀ

ਮੈਂ ਸਫਰ 'ਤੇ ਆਪਣੇ ਪੈਰਾਂ ਨਾਲ ਜਾਣਾ ਚਾਹਾਂ
ਆਪਣੀਆਂ ਅੱਖਾਂ ਨਾਲ ਵੀ

ਆਸ ਪਾਸ ਦੀ ਵਿਆਖਿਆ ਕਰਦੀ
ਦੂਜੀ ਜ਼ਬਾਨ ਵੀ ਨਹੀਂ ਲਿਜਾਣੀ ਮੈਂ
ਨਾ ਹੀ ਖਾਣ ਪੀਣ ਤੇ ਠਹਿਰਨ ਵਿਚ
ਕਿਸੇ ਹੋਰ ਦੀ ਮਰਜ਼ੀ

ਮੈਨੂੰ ਨਹੀਂ ਪਸੰਦ
ਬੱਸ ਵਿਚ ਬਿਗਾਨੇ ਮਰਦਾਂ ਦੀ ਛੋਹ ਤੋਂ ਬਚਾਉਣ ਬਹਾਨੇ
ਖਿੜਕੀ ਵੱਲ ਬਿਠਾਇਆ ਜਾਣਾ
ਨਾ ਹੀ ਖਾਣ ਪੀਣ ਵੇਲ਼ੇ
ਕਿਸੇ ਹੋਰ ਦਾ ਆਰਡਰ ਕੀਤਾ ਜਾਣਾ
ਤੇ ਫਿਰ ਸਿਫਤ ਵੀ ਕਰਨੀ

ਮੈਂ ਆਪਣੇ ਕੁੜੀ ਹੋਣ ਦਾ ਭਾਰੀ ਬੋਝ ਲਾਹ ਕੇ
ਬੱਸ ਵਿਚ ਬਹਿਣਾ ਹੈ
ਪਹਾੜੀ ਸ਼ਹਿਰ ਦੇ ਚੌਕ ਵਿਚ
ਬਰੈੱਡ ਆਮਲੇਟ ਖਾਣਾ ਹੈ
ਤੇ ਦੇਵਦਾਰਾਂ ਨਾਲ ਗੱਲਾਂ ਕਰਨੀਆਂ ਹਨ
ਉਨ੍ਹਾਂ ਦੀ ਭਾਸ਼ਾ ਵਿਚ
ਸਰਦ ਹਵਾਵਾਂ ਨੂੰ ਆਪਣੇ ਚਿਹਰੇ 'ਤੇ ਮਹਿਸੂਸ ਕਰਨਾ
ਝਰਨੇ ਦੇ ਦੂਧੀਆ ਪਾਣੀ ਵਿਚ
ਪੈਰ ਡੋਬ ਕੇ ਬੈਠਣਾ ਹੈ
ਅਣਜਾਣ ਯਾਤਰੂਆਂ ਨਾਲ ਕਰਨੀਆਂ ਹਨ ਗੱਲਾਂ
ਜੋ ਨਹੀਂ ਕੀਤੀਆਂ ਗਈਆਂ ਮੇਰੇ ਨਾਲ

ਕਿਸੇ ਗੈੱਸਟ ਹਾਊਸ ਜਾਂ ਹੋਸਟਲ ਦੀ ਥਾਂ
ਗੁੰਮਨਾਮ ਪਿੰਡ ਦੇ ਅਨਜਾਣ ਲੋਕਾਂ ਦੇ
ਜਰਜਰੇ ਘਰਾਂ ਵਿਚ
ਪਹਾੜੀ ਔਰਤਾਂ ਦੀ ਬਣਾਈਆਂ ਗਧੋਲੀਆਂ ਵਿਚ ਸੌਂ ਕੇ
ਵਰ੍ਹਿਆਂ ਦੀ ਥਕਾਨ ਉਤਾਰਨੀ ਹੈ ਮੈਂ

ਮੈਂ ਇਕੱਲਿਆਂ ਸਫਰ ਕਰਨਾ ਹੈ
ਆਪਣੇ ਆਪ ਨੂੰ ਵੀ, ਪਿਛਾਂਹ ਛੱਡ ਕੇ 00

## ਪੀਲ਼ੇ ਪੱਤਿਆਂ ਦਾ ਨ੍ਰਿਤ

ਧਰੇਕ ਦੇ ਪੀਲ਼ੇ ਪੱਤੇ
ਹਵਾ ਤੋਂ ਸਹਿਮੇ ਰਤਾ ਕੁ ਹਿੱਲਦੇ
ਟਾਹਣੀਆਂ ਉਹਲੇ ਸਹਿਮੇ ਜਿਹੇ ਲੱਗਦੇ

ਜੇ ਹਵਾ ਦੀ ਜ਼ੱਦ ਵਿਚ ਆ ਜਾਂਦੇ
ਵੱਖ ਹੋਏ ਟਾਹਣ ਤੋਂ, ਆਉਂਦੇ ਧਰਤੀ ਵੱਲ ਨੂੰ
ਆਪਣੀ ਆਖਰੀ ਉਡਾਨ ਭਰਦੇ
ਖਲਾਅ ਵਿਚ ਝੂਮਦੇ, ਨ੍ਰਿਤ ਨਰਤਕੀ ਵਾਂਗ

ਹੌਲ਼ੀ ਹੌਲ਼ੀ ਟੁੰਡ-ਮੁੰਡ ਹੋਈਆਂ ਟਾਹਣੀਆਂ
ਭਿਅੰਕਰ ਦਿਸਣਗੀਆਂ
ਪੱਤਝੜ ਦੀ ਪਹਿਰੇਦਾਰੀ ਕਰਦੀਆਂ
ਹਵਾ ਵਿਚ ਹਰਾਰਤ ਵਧੇਗੀ
ਟਾਹਣੀਆਂ ਉਪਰ ਅੱਖਾਂ ਚਮਕਣਗੀਆਂ
ਫੁੱਟਣਗੇ ਪੁੰਗਾਰੇ, ਨਵੇਂ ਪੱਤੇ ਆਉਣਗੇ

ਬਰਫਬਾਰੀ ਦੇ ਰਾਹ ਖੁਲ੍ਹਣ ਤੋਂ ਬਾਅਦ
ਪਹਾੜੀ ਪਿੰਡ ਵਿਚ ਆਉਂਦੇ ਪ੍ਰਾਹੁਣਿਆਂ ਵਾਂਗ 00

## ਸੁਫਨੇ ਸਮਾਨਾਂਤਰ

ਉਸਦਾ ਸੁਫਨਾ ਸੀ
ਕਿਸੇ ਹਰਿਆਵਲੇ ਸ਼ਹਿਰ ਦੇ ਪੌਸ਼ ਮੁਹੱਲੇ ਵਿਚ
ਢਾਈ ਸੌ ਗਜ਼ ਦਾ ਦੋਮੰਜ਼ਿਲਾ ਘਰ ਹੋਵੇ
ਪੋਰਚ ਵਿਚ ਖੜ੍ਹੀ ਕਾਰ ਦੀ ਤਾਕੀ
ਉਡੀਕ ਰਹੀ ਹੋਵੇ, ਖੋਲ੍ਹੇ ਜਾਣ ਨੂੰ
ਵੱਡਾ ਸਾਰਾ ਸਟੱਡੀ ਰੂਮ, ਸਲੀਕੇ ਨਾਲ ਟਿਕਾਈਆਂ ਕਿਤਾਬਾਂ
ਵਾਰਡਰੋਬਾਂ ਕੱਪੜਿਆਂ ਨਾਲ ਭਰੀਆਂ
ਲਿਸ਼ਕਦਾ ਬਾਥਰੂਮ
ਪੈਰਾਂ ਵਿਚ ਪੋਲਾ ਪੋਲਾ ਚੁਭਦਾ ਕਾਲੀਨ
ਹਰ ਚੀਜ਼ ਸੋਹਣੀ ਸੁਬਕ ਤੇ ਤਰਤੀਬਵਾਰ

ਮੇਰੇ ਖਾਬਾਂ 'ਚ ਆਉਣ, ਲੰਮੇ ਅਣਗਾਹੇ ਰਾਹ
ਧਰਤੀ ਤੇ ਸੂਰਜ ਨੂੰ ਨਾ ਮਿਲਣ ਦਿੰਦੇ, ਦੇਵਦਾਰ ਦੇ ਰੁੱਖ
ਆਪਮੁਹਾਰੇ ਉੱਗੇ, ਸੱਤਰੰਗੇ ਜੰਗਲ਼ੀ ਫੁੱਲ
ਖਾਮੋਸ਼ੀ ਦੇ ਲੰਗਾਰ ਲਾਹੁੰਦੀਆਂ, ਪੰਛੀਆਂ ਦੀਆਂ ਆਵਾਜ਼ਾਂ
ਮੋਢਿਆਂ 'ਤੇ ਟੰਗਿਆ ਬੈਗ
ਜਿਸ ਵਿਚ ਦੋ ਜੋੜੀ ਕਪੜੇ ਤੇ ਹੋਰ ਨਿੱਕ-ਸੁੱਕ
ਨਾਲ ਹੀ ਬੈਗ ਦੀ ਬਾਹਰਲੀ ਜੇਬ ਵਿਚ ਝੂਲਦੀ
ਪਾਬਲੋ ਨਰੂਦਾ ਦੀ ਕਵਿਤਾਵਾਂ ਵਾਲੀ ਕਿਤਾਬ
ਚਸ਼ਮਿਆਂ ਦਾ ਮਨ ਠਾਰਦਾ ਪਾਣੀ

ਦੋ ਧਰੁਵਾਂ 'ਤੇ ਖੜ੍ਹਿਆਂ ਵੀ
ਅਸੀਂ ਮੁਹੱਬਤ ਕੀਤੀ
ਰਸਤੇ ਹੀ ਨਹੀਂ
ਸੁਫਨੇ ਵੀ ਤੁਰ ਸਕਦੇ ਹਨ ਸਮਾਨਾਂਤਰ 00

## ਆਪੋ ਆਪਣਾ ਬੁੱਧ

ਹੁਣੇ-ਹੁਣੇ ਮੈਂ ਬੁੱਧ ਦੀ ਤਸਵੀਰ ਬਣਾਈ ਹੈ
ਤਸਵੀਰ ਦੀ ਗੱਲ੍ਹ ਮੋਟੀ ਬਣੀ, ਨੱਕ ਬੇਢਬਾ
ਸਿਰ ਦੇ ਕੁੰਡਲ਼
ਮੇਰੇ ਉਲ਼ਝੇ ਖਿਆਲਾਂ ਦੀ ਤਰਮਾਨੀ ਕਰਦੇ ਹਨ
ਕੰਨ ਲਟਕ ਗਿਆ ਹੈ, ਖੱਬੇ ਪਾਸੇ ਨੂੰ
ਮੁੰਦ ਹੋਈਆਂ ਅੱਖਾਂ

ਕੱਚੀ ਕੰਧ ਦੀਆਂ ਤਰੇੜਾਂ ਵਾਂਗ ਲੱਗਦੀਆਂ ਹਨ
ਦੇਖਣ ਵਾਲੇ ਨੂੰ

ਇਸ ਤਸਵੀਰ ਨੂੰ ਦੇਖ ਕੇ
ਵਿਅੰਗ ਨਾਲ ਉੱਚੀ ਹੱਸਿਆ ਹੈ ਕੋਈ
ਪਰ ਇਸ ਨੇ ਮੈਨੂੰ ਸ਼ਰਮਿੰਦਾ ਨਹੀਂ ਕੀਤਾ
ਮੇਰੇ ਅੰਦਰੋਂ ਹੀ ਕੋਈ ਬੋਲਿਆ ਹੈ,ਬੁੱਧ ਇਕੋ-ਇਕ ਨਹੀਂ
ਹਰ ਕਿਸੇ ਦਾ ਆਪਣਾ ਬੁੱਧ ਹੈ
ਹਰ ਕਿਸੇ ਦੇ ਅੰਦਰ ਬੁੱਧ ਹੈ

ਮੈਂ ਆਪਣੇ ਬੁੱਧ ਨੂੰ ਮੁਸਕਰਾ ਕੇ ਦੇਖਿਆ ਹੈ ਮਾਣ ਨਾਲ
ਤੇ ਸੋਚ ਲਿਆ ਹੈ
ਇਸਨੂੰ ਆਪਣੇ ਦਫਤਰ ਦੀ
ਸਾਹਮਣੀ ਕੰਧ 'ਤੇ ਲਾਉਣ ਲਈ 00

## ਕਿਸਾਨ ਗੁਰੂ

ਬਾਬਾ ਪਰਤਿਆ ਚਹੁੰ ਦਿਸ਼ਾਵਾਂ ਗਾਹ
ਕੱਠੇ ਕਰ ਕੇ ਕਿੰਨੇ ਅੱਖਰ, ਦਹਾਕਿਆਂ ਦੀ ਪੂੰਜੀ
ਕਰਤਾਰ ਦੇ ਅਸਥਾਨ ਆਇਆ
ਢੇਰੀ ਕੀਤੀ ਗੰਢੜੀ, ਜਪੁ ਉਚਾਰਿਆ ਬਾਬੇ

ਪੱਟੀ 'ਤੇ ਲਿਖੀ ਪਹਿਲੀ ਸਤਰ ਵਾਂਗ
ਮੁੜ੍ਹਕਾ ਧਰਤੀ 'ਚ ਡਿੱਗਿਆ, ਧਰਤੀ ਧੰਨ ਹੋਈ
ਬੀਜ ਪੋਰੇ, ਕੁਝ ਦਿਨ ਬਾਅਦ ਉੱਗੀਆਂ ਕਰੂੰਬਲਾਂ
ਤਾਜ਼ੇ ਲਿਖੇ ਅੱਖਰਾਂ ਵਾਂਗ

ਬਾਬੇ ਅੱਖਰਾਂ ਨੂੰ ਸਤਿਕਾਰਿਆ
ਪਰ ਦੱਸਿਆ ਇਹ ਵੀ
ਅੰਨ ਬਿਨਾਂ ਅੱਖਰ ਨਾ ਸੁੱਝਣ
ਨਾ ਹੀ ਉਪਜੇ ਸੂਝ-ਸਮਝ

ਬਾਬੇ ਕਥਨ ਨੂੰ ਅਮਲ ਦਾ ਜਾਮਾ ਦਿੱਤਾ
ਨਾਮ ਨਾਲ ਕਿਰਤ ਜੋੜੀ
ਬਾਬੇ ਕਿਸਾਨ ਅਖਵਾਇਆਂ 000

***(ਅੰਗਰੇਜ਼ੀ ਵਿਭਾਗ, ਗੁਰੂ ਨਾਨਕ ਕਾਲਿਜ ਸੁਖਚੈਨਿਆਣਾ ਸਾਹਿਬ***
***ਬੰਗਾ ਰੋਡ, ਫਗਵਾੜਾ 144 401 ਫੋਨ: 8567985300***
***ਈਮੇਲ: aulakhmandeep110292@gmail.com)***

# ਰੁੱਖੇ ਮਿੱਸੇ ਬੰਦੇ: ਸੱਤ ਕਵਿਤਾਵਾਂ: ਪ੍ਰੇਮ ਸਾਹਿਲ

## ਮੂੰਗੀ

ਦਸਤਾਰਾਂ ਵਾਲ਼ੇ ਵੀ ਕੁਝ ਇਕ ਸਿਰ ਨੂੰ ਗੱਭਿਓਂ ਸੀ ਮੁਨਵਾਉਂਦੇ
ਸਭ ਮਸਕੀਨ ਤੇ ਕੱਬੇ ਪਿੰਡ ਦੇ ਜਦ ਵੀ ਵਾਲ ਕਟਾਵਣ ਆਉਂਦੇ
ਮੂੰਗੀ ਮੂਹਰੇ ਸੀਸ ਝੁਕਾਉਂਦੇ

ਪੈਰਾਂ ਭਾਰ ਬਿਠਾ ਕੇ ਭੋਇੰ 'ਤੇ ਸੀ ਵਾਲ਼ ਬਣਾਉਂਦਾ
ਕੈਂਚੀ ਦੀ ਸਰਗਮ ਸੁਣਵਾਉਂਦਾ, ਕਦੇ ਉਸਤਰਾ ਲਾਉਂਦਾ
ਪਰ ਜਦ ਕਿਸੇ ਦੇ ਕੰਨ ਦੇ ਪਿੱਛੇ ਕੈਂਚੀ ਦੀ ਚੁਭ ਨੋਕ ਸੀ ਜਾਂਦੀ
ਉਈ ਨਿਕਲ਼ਦੀ
ਉਂਗਲ ਛੁਹਾ ਕੇ ਲਹੂ ਵਿਖਾਉਂਦਾ ਸੀ ਜਦ ਕੋਈ
"ਲੈ, ਖਨੂਹ ਤੈਂ ਆਪ ਲਿਆ ਹੋਣਾ ਏ ਕਾਕਾ" ਕਹਿੰਦਾ ਹੋਇਆ
ਚਾਰ ਕੁ ਵਾਲ਼ ਜ਼ਖ਼ਮ 'ਤੇ ਧਰ ਕੇ ਜ਼ਖ਼ਮ ਛੁਪਾ ਦਿੰਦਾ ਸੀ

ਪਤਨੀ ਉਸਦੀ ਬਾਹਰੋਂ ਪਿੰਡ ਮਕਾਣੀਂ ਆਈ ਟੀਮ ਦੀ ਬਣ ਉਸਤਾਨੀ ਜਾਂਦੀ
ਇਕ ਲੈਅ ਤੇ ਇਕ ਤਾਲ 'ਚ ਸੀ ਸਿਆਪਾ ਕਰਵਾਉਂਦੀ
ਕੇਵਲ ਛਾਤੀ ਹੀ ਨਈਂ, ਪੱਟਾਂ 'ਤੇ ਵੀ ਐਸੇ ਨੀਲ ਪਵਾਉਂਦੀ
ਪਿੱਟਣ ਵਾਲ਼ੀਆਂ ਯਾਦ ਕਰਦੀਆਂ ਵਰ੍ਹਿਆਂ ਤਾਈਂ
ਕਿਸੇ ਦੇ ਘਰ ਵਿਚ ਦਿਨ-ਸੁਦ ਦੇ ਸੱਦੇ ਦੇਵਣ ਉਨ ਘਰ-ਘਰ ਜਾਣਾ
ਪਿੰਡ ਦੀ ਲਾਗਣ ਹੋਣ ਦਾ ਪੂਰਾ ਫ਼ਰਜ਼ ਨਿਭਾਣਾ

ਕੱਦ-ਕਾਠੀ ਮੂੰਗੀ ਦੀ ਛੋਟੀ ਅਤੇ ਬਰੀਕ ਜਿਹੀ ਸੀ
ਜਾਂ ਕਹਿ ਲਓ ਕਿ ਰਾਮ ਰਤਨ ਦੀ ਸਗੀ ਸ਼ਰੀਕ ਜਿਹੀ ਸੀ

ਸਾਹੇ ਦੀ ਚਿੱਠੀ ਦੂਜੇ ਪਿੰਡ ਲੈ ਜਾਂਦਾ ਸੀ
ਸੁੱਖ-ਸੁਨੇਹਾ ਉਧਰੋਂ ਵੀ ਆਪਣੇ ਪਿੰਡ ਲੈ ਆਉਂਦਾ ਸੀ

ਮੂੰਹ ਉੱਪਰ ਨੂੰ ਚੁੱਕ ਕੇ ਖਤ ਕਢਵਾਉਂਦੇ ਸੀ ਕੁਝ
ਜਾਂ ਵਿਹਲੜ ਗੱਲਾਂ ਮਾਰਨ ਬਸ ਆਉਂਦੇ ਸੀ ਕੁਝ
ਸਹਿਜ ਗਤੀ ਦੇ ਨਾਲ਼ ਉਹ ਕੰਮ ਨਿਪਟਾਈ ਜਾਂਦਾ
ਨਾਲ਼ ਠਰੰਮੇ ਸੁਣਦਾ ਅਤੇ ਸੁਣਾਈ ਜਾਂਦਾ

ਹੱਟੀ ਉਸਦੀ ਤਾਂ ਉੱਭਰ ਕੇ ਨਈਂ ਦਿਸਦੀ ਸੀ
ਛੋਟੀ-ਮੋਟੀ ਵਸਤ ਉਪਯੋਗੀ ਤੁਪਕਿਆਂ ਵਤ ਬਾਹਰ ਰਿਸਦੀ ਸੀ

ਗਲ਼ੀ 'ਚ ਤੁਰਿਆ ਜਾਂਦਾ ਘੱਟ-ਵਧ ਹੀ ਦਿਸਦਾ ਸੀ
ਸੌਦਾ-ਸੁਲਫ਼ ਤਾਂ ਹੱਟੀ ਵਿਚੋਂ ਘੱਟ ਵਿਕਦਾ ਸੀ
ਕੁਝ ਸੇਪੀ, ਕੁਝ ਲਾਗ ਨੇ ਬਸ ਤੋਰੀ ਰੱਖਿਆ ਕੰਮ ਘਰ ਦਾ
ਬਿਨ ਮੂੰਗੀ ਪਿੰਡ ਵਿਚ ਲੋਕਾਂ ਦਾ ਨਈਂ ਸੀ ਸਰਦਾ

## ਖੁੰਢ

ਖੁੰਢ ਪਤਾ ਨਈਂ ਕਿਸ ਨੇ ਉਸਦੀ ਅੱਲ ਪਾਈ ਸੀ
ਨਾਂ ਉਸ ਦਾ ਤਾਂ ਸਿਗਾ ਸਵਰਨਾ
ਮੋਨੇ ਸਿਰ ਉਸਦੇ 'ਤ, ਛੋਟੇ ਵਾਲ਼ ਕਦੇ ਨਈਂ ਵੇਖੇ
ਵਾਲਾਂ ਦਾ ਛੱਤਾ ਹੁੰਦਾ ਸੀ

ਪੈਰਾਂ ਭਾਰ ਪਰ੍ਹੇ ਵਿਚ ਬੈਠਾ, ਗੱਲ ਕਰਦਾ ਸੀ ਠੱਠੇ ਵਾਲੀ
ਗਿਠ-ਭਰ ਲੰਮੀ ਤੁਰਸ਼ ਜ਼ਬਾਂ ਦੇ
ਫੀਤੇ ਨਾਲ ਹਰਿਕ ਨੂੰ ਮਿਣਦਾ
ਨਰ ਮਾਦੇ ਦਾ ਫਰਕ ਨਹੀਂ ਸੀ ਕੋਈ ਉਸ ਨੂੰ

ਵੱਡੀ ਉਮਰੇ, ਸਾਕ ਕਰਾ ਕੇ ਕਿਸੇ ਨੇ ਉਸ ਦਾ
ਘਰ ਵਸਦਾ ਕਰ ਦਿੱਤਾ
ਪਰ ਵਿਆਹ ਤੋਂ ਛੇਤੀਂ ਮਗਰੋਂ ਉਸ ਨੇ
ਬੁੱਢੀ ਮਾਂ, ਮੁਟਿਆਰ ਭੈਣ ਨੂੰ, ਵਿਖਾ ਬਾਹਰ ਦਾ ਰਸਤਾ ਦਿੱਤਾ

ਆਪ ਤਾਂ ਖੁੰਢ ਸੀ ਵੈਲੀ ਪੱਕਾ
ਪਰ ਪਤਨੀ ਉਸਦੀ,ਛਿਟੀ ਤੂਤ ਦੀ ਲੰਮੀ ਲੈਰੀ
ਕਾਠੀ ਦੀ ਮਜ਼ਬੂਤ ਬੜੀ ਸੀ
ਬਿਨਾਂ ਕਿਸੇ ਦਾ ਹੱਥ ਲੁਆਏ, ਪੱਠਿਆਂ ਦੀ ਚੁੱਕ ਭਰੀ ਸੀ ਲੈਂਦੀ
ਉਪਰੋ-ਥਲ਼ੀ ਜੁਆਕ ਦੋ ਜੰਮ ਕੇ ਵੀ ਉਹ
ਦੇਹ ਦੀ ਰਹੀ ਇਕਹਰੀ
ਬਾਹਰ ਬਕ-ਬਕ ਕਰਦੇ ਖੁੰਢ ਨੂੰ
ਘਰ ਵਿਚ ਕੁਸਕਣ ਨਹੀਂ ਸੀ ਦਿੰਦੀ

ਗੱਲ ਬੜੀ ਖੁੰਢ ਨੂੰ ਸੁਝਦੀ ਸੀ
ਘਰ ਵਿਚ ਭਾਵੇਂ ਭੰਗ ਭੁਜਦੀ ਸੀ

ਬੱਚੇ ਬੜੇ ਹੋ ਰਹੇ ਸੀ ਜਦ
ਮਾਂ ਤੋਂ ਪਰੇ ਹੋ ਰਹੇ ਸੀ ਜਦ
ਮਾਂ ਚਲ ਵੱਸੀ
ਸਿਗਟਾਂ ਪੀਂਦਾ, ਸੁਰਤੀ ਲਾਉਂਦਾ

ਖੁੰਢ ਲੋਕਾਂ ਦੇ ਪਸ਼ੂ ਵਿਕਾਉਂਦਾ
ਕਦ ਨਿੱਕਲ਼ਦਾ, ਕਦ ਘਰ ਆਉਂਦਾ
ਸਮਾਂ ਜਾਣਦਾ ਜਾਂ ਉਹ ਜਾਣੇ

ਠੱਠੇਬਾਜ਼ ਸਵਰਨੇ ਖੁੰਢ ਦੇ
ਇਕ ਦਿਨ ਆਪਣੇ ਵਿਕ ਗਏ ਦਾਣੇ।

## ਪਿਤਾ

ਕਪੜੇ ਸਿਉਣ 'ਚ ਮਗਨ ਪਿਤਾ ਨੂੰ
ਅਕਸਰ ਗਾਉਂਦੇ ਤੱਕਿਆ ਹੈ ਮੈਂ
ਕੱਵਾਲਾਂ ਨੂੰ ਸੁਣਨ ਚਲਾ ਜਾਂਦਾ ਸੀ ਸੁਣਿਆ
ਦੂਰ-ਦੁਰਾਢੇ ਪਿੰਡਾਂ ਜਾਂ ਸ਼ਹਿਰਾਂ ਵੱਲ ਆਪਣੇ ਸਾਈਕਲ 'ਤੇ ਹੀ

ਨ੍ਹਾਵਣ ਤੇ ਕਪੜੇ ਬਦਲਣ ਦਾ ਆਲ਼ਸ
ਕੰਮ ਲਈ ਮੂਡ ਬਨਾਵਣ ਲਈ ਬੀੜੀ ਦਾ ਸੇਵਨ
ਗੱਲਾਂ ਮਾਰਨ ਤੇ ਹੱਸਣ ਦਾ ਵੀ ਸੀ ਸ਼ੌਕ ਓਸ ਨੂੰ
ਭਾਵਕ ਹੁੰਦਾ ਸੀ ਤੇ ਗੁੱਸੇ ਵੀ ਹੁੰਦਾ ਸੀ

ਸਿਰ ਸੁੱਟ ਕੇ ਕੰਮ ਕਰਦਾ ਸੀ, ਖਾਂਦਾ ਪੀਂਦਾ ਸੀ
ਪੈਸੇ ਪਰ ਜਦ ਮੰਗਣੇ ਹੱਥ-ਉਧਾਰ ਹੀ ਫੜ ਕੇ ਦੇਣੇ

ਕੀ ਕਰਦਾ ਤੇ ਕੀ ਨਈਂ, ਮਾਤਾ ਨੂੰ ਕੋਈ ਖ਼ਬਰ ਨਹੀਂ ਸੀ
ਬੱਚਿਆਂ ਤੇ ਘਰ ਦਾ ਮਾਤਾ ਨੂੰ ਫਿਕਰ ਬੜਾ ਸੀ

ਖੇਤ ਅਸਾਡੀ ਹੋਸ਼ ਤੋਂ ਪਹਿਲਾਂ ਗਹਿਣੇ ਪੈ ਚੁੱਕੇ ਸਨ
ਗਹਿਣੇ ਵੀ ਮਾਤਾ ਦੇ ਵੇਚੇ ਜਾ ਚੁੱਕੇ ਸਨ
ਮਾਂ ਦੇ ਫਿਕਰਾਂ ਦੀ ਪੰਡ ਭਾਰੀ ਹੁੰਦੀ ਗਈ ਸੀ
ਘਰ ਤੰਗੀ ਤੇ ਲਾਚਾਰੀ ਦੇ ਗਰਤ 'ਚ ਜਾ ਚੁੱਕਾ ਸੀ
ਸਾਨੂੰ ਬੱਚਿਆਂ ਨੂੰ ਪਰ ਇਸ ਦੀ ਸਾਰ ਨਹੀਂ ਸੀ

ਆਈ ਅਤੇ ਚਲਾਈ ਦੇ ਸਾਧਨ ਨਾ-ਮਾਤਰ
ਮਾਂ ਦੇ ਪਾਗਲ ਹੋਣ ਦਾ ਕਾਰਣ
ਪਤਾ ਪਿਤਾ ਨੂੰ ਜੇ ਸੀ ਤਾਂ ਕੀ ਹੋ ਸਕਦਾ ਸੀ

ਪਾਗਲ ਪਤਨੀ, ਪੜ੍ਹਦੇ ਬੱਚੇ ਪਿੱਛੇ ਛੱਡ ਕੇ
ਦੂਰ ਪਰਾਏ ਸ਼ਹਿਰ 'ਚ ਜਾ ਉਹ ਕੰਮ ਕਰਦਾ ਸੀ

## ਮੋਢੇ 'ਤੇ ਦੁਕਾਨ ਸੀ ਉਸਦੇ

ਦੁਕਾਨ ਦਾ ਭਾੜਾ
ਬਿਜਲੀ ਦਾ ਬਿਲ ਤੇ ਨਾ ਵਿਕਰੀ-ਕਰ ਦਾ ਯੱਭ
ਨਾ ਆਪਣੇ ਬ੍ਰਾਂਡ ਨੂੰ ਪਰਮੋਟ ਕਰਨ ਦੀ ਚਿੰਤਾ
ਬਸ ਕੋਲ਼ ਖੜ੍ਹੇ ਬੱਚਿਆਂ ਨੂੰ ਚੁਰ੍ਹ ਜਿਹੀ ਲਾ ਦੇਣੀ
ਬੀਬੀ ਕੋਲ਼ੋਂ ਪੈਸੇ ਲਿਆਓ, ਨਈਂ ਦਿੰਦੀ ਰੁੱਸ ਜਾਓ
ਊਂ ਊਂ ਊਂ

ਦੁਕਾਨ ਉਸਦੇ ਮੋਢੇ 'ਤੇ ਹੁੰਦੀ ਸੀ
ਤੇ ਉਸ ਵਿਚ ਰੱਖ ਕੇ ਵੇਚਣ ਵਾਲੀ
ਸਿਰਫ਼ ਇਕ ਵਸਤੂ ਮਲ਼ਾਈ ਬਰਫ਼

ਅਣਮੁੰਨੀ ਨਿੱਕੀ-ਨਿੱਕੀ
ਚਿੱਟੀ ਦਾੜ੍ਹੀ ਤੇ ਸਫ਼ੈਦ ਪੱਗ ਵਾਲ਼ਾ ਮਧਰੇ ਕੱਦ ਦਾ
ਮਾਊਂ ਜਿਹਾ ਲਗਦਾ ਮੂਲ਼ਾ
ਨਿੱਕੀ ਜਿਹੀ ਤੱਕੜੀ, ਨਿੱਕੇ-ਨਿੱਕੇ ਬਾਟ
ਨਾਲ਼ ਹਰੇ ਪੱਤੇ ਵੀ ਸੰਦੂਕੜੀ 'ਚ ਰੱਖਦਾ

ਕਰਦ ਨਾਲ ਕੱਟ-ਕੱਟ ਕਤਲੀਆਂ ਮਲ਼ਾਈ ਬਰਫ਼ ਦੀਆਂ
ਤੱਕੜੀ ਦੇ ਪਲੜੇ 'ਚ ਤੋਲਦਾ
ਮਲ਼ਾਈ ਬਰਫ਼ ਨਾ ਲੈਣ ਵਾਲ਼ੇ ਨੂੰ ਸੁਣਾ ਕੇ ਮੂਲ਼ਾ
ਬਸ ਇਹੋ ਗੱਲ ਸਿਗਾ ਬੋਲਦਾ --
ਇਹ ਤਾਂ ਮੁੰਡਾ ਸੰਗਦਾ, ਬਰਫ਼ ਨਈਂਓਂ ਮੰਗਦਾ
ਪਰੇ-ਪਰੇ ਲੰਘਦਾ........ਦੇਖ, ਕਿੱਦਾਂ

## ਨੰਗਾ ਹੀ ਰਹਿੰਦਾ ਸੀ ਉਹ

ਰਾਜਪੁਰ ਭਾਈਆਂ ਵਾਂਗ, ਮਾਹਲਪੁਰ ਸੁਦਾਈਆਂ
ਮਾਹਲ ਪੁਰ ਦੀ ਅੱਲ ਨਹੀਂ ਪਈ, ਸ਼ੁਕਰ ਆ
ਪਰ ਮਾਹਲ ਪੁਰ ਸੁਦਾਈਆਂ ਦਾ
ਪਸੰਦੀਦਾ ਸ਼ਹਿਰ ਕਿਵੇਂ ਬਣ ਗਿਆ, ਕੌਣ ਜਾਣੇ

ਧੰਨੇ ਤੋਂ ਇਲਾਵਾ ਜਿਨ੍ਹਾਂ ਦੋ-ਤਿੰਨ ਹੋਰ ਸੁਦਾਈਆਂ ਨੇ ਵੀ
ਮਾਹਲ ਪੁਰ ਡੇਰੇ ਲਾ ਲਏ ਸੀ
ਤਿਲਕ ਵੀ ਉਨ੍ਹਾਂ ਵਿਚੋਂ ਇਕ ਸੀ
ਤੇੜ ਲੰਗਾਰੀਆਂ ਬਾਹਾਂ ਵਾਲ਼ੇ ਕੁੜਤੇ ਹੇਠ
ਨੰਗਾ ਹੀ ਰਹਿੰਦਾ ਸੀ ਉਹ
ਸਿਰ 'ਤੇ ਚਿੱਪੀ ਮੂਧੀ ਹੋਰ ਮਾਰ ਲਿਆ ਕਰਦਾ ਸੀ

ਤਿਲਕ ਮਸਤ ਕਹਿੰਦੇ ਸੀ ਲੋਕ ਉਸ ਨੂੰ
ਸਿਗਾ ਤਾਂ ਉਹ ਵੀ ਸੁਦਾਈ
ਦਿੱਖ ਪੱਖੋਂ ਮੇਰੇ ਲਈ ਭਾਵੇਂ ਸੁਕਰਾਤ ਸੀ

ਦੌਰੇ ਦੀ ਹਾਲਤ 'ਚ ਉਹ
ਆਪਣੀਆਂ ਵੀਹਣੀਆਂ ਤੇ ਬਾਹਵਾਂ ਦਾ ਮਾਸ
ਦੰਦੀਆਂ ਵੱਢ-ਵੱਢ ਲਹੂ-ਲੁਹਾਣ ਕਰ ਲਿਆ ਕਰਦਾ
ਝਈਆਂ ਲੈ-ਲੈ ਪੈਂਦਾ ਸੀ ਖ਼ੁਦ ਨੂੰ
ਕਿਸ ਅਪਰਾਧ-ਬੋਧ ਦਾ ਸ਼ਿਕਾਰ ਸੀ
ਉਹ ਸਵੈ-ਪੀੜਕ ਇਨਸਾਨ, ਪਤਾ ਨਹੀਂ
ਆਪਣੇ ਖ਼ਿਲਾਫ਼ ਖ਼ੁਦ ਫ਼ੈਸਲਾ ਸੁਣਾਉਂਦਾ ਸੀ ਜਿਹੜਾ
ਤੇ ਸਜ਼ਾ ਵੀ ਖ਼ੁਦ ਹੀ ਦਿਆ ਕਰਦਾ ਖ਼ੁਦ ਨੂੰ
ਸਿਆਣਾ ਨਹੀਂ ਸੀ ਨਾ ਉਹ, ਪਾਗਲ ਸੀ
ਸਿਆਣੇ ਤਾਂ ਬਲਕਿ ਆਪਣੇ ਅਪਰਾਧ ਦੀ ਸਜ਼ਾ ਵੀ
ਕਿਸੇ ਨਿਰਅਪਰਾਧ ਨੂੰ ਦਿੰਦੇ ਨੇ
ਵੈਸੇ ਤਾਂ ਸਿਆਣੇ ਕਦੇ ਰੋਂਦੇ ਨਹੀਂ
ਰੋਂਦੇ ਨੇ ਤਾਂ ਮਗਰਮੱਛ ਦੇ ਹੰਝੂ ਟਪਕਾਉਂਦੇ ਨੇ

ਕੋਈ ਪਾਗਲ ਜਦ ਰੋਂਦਾ ਏ
ਤਾਂ ਕਾਇਨਾਤ ਉਸ 'ਤੇ ਹੋਏ ਜ਼ੁਲਮਾਂ ਲਈ
ਕਿਸ ਨੂੰ ਲਾਹਣਤਾਂ ਪਾਉਂਦੀ ਅਪਰਾਧੀ ਠਹਿਰਾਉਂਦੀ ਏ
ਜੋ ਜਾਣਦੈ, ਮੈਨੂੰ ਵੀ ਦੱਸੇ...

**ਬਹੂਸ਼**

ਲੰਮਾ ਤਾਂ ਸੁੱਖ ਨਾਲ ਉਹ ਹੈ
ਪਰ ਬਾਹਵਾਂ ਉਸ ਦੀਆਂ ਹੋਰ ਵੀ ਲੰਮੀਆਂ ਲਗਦੀਆਂ ਨੇ
ਸਾਡੇ ਚੁਬਾਰੇ ਦੇ ਰੰਗ ਬਰੰਗੇ ਸ਼ੀਸ਼ਿਆਂ 'ਚੋਂ
ਚਾਂਦਮਾਰੀ ਨਾਲ ਕੁਝ ਨੂੰ ਕਾਣੇ ਤੇ ਕੁਝ ਨੂੰ ਚਕਨਾਚੂਰ
ਉਸੇ ਨੇ ਕੀਤਾ ਸੀ
ਉਸਦੀ ਪਿੱਠ ਪਿੱਛੇ ਭਾਵੇਂ ਸਭ ਉਸ ਨੂੰ ਬਹੂਸ਼ ਕਹਿੰਦੇ ਸਨ
ਪਰ ਸੱਦਦੇ ਕੁੱਕੂ ਸੀ

ਕੁੱਕੂ ਤਾਂ ਪਿੰਡ 'ਚ ਹੋਰ ਬਥੇਰੇ ਸਨ
ਪਰ ਸਰਜੀਤ ਦਾ ਕੁੱਕੂ ਉਹੀ ਸੀ ਕਿਉਂਕਿ
ਸਰਜੀਤ ਉਸ ਦੇ ਭਾਪੇ ਦਾ ਨਾਂ ਸੀ
ਡੋਡੇ ਲੈਣ ਲਾਂਭਲੇ ਪਿੰਡਾਂ ਤੋਂ ਅਮਲੀ ਵਲ਼ ਪਾ ਕੇ
ਉਸ ਦੇ ਭਾਪੇ ਕੋਲ਼ ਹੀ ਆਉਂਦੇ ਸਨ

ਕਦੇ-ਕਦਾਈਂ ਪੁਲ਼ਸ ਵੀ ਰਸਮ ਅਦਾਇਗੀ ਵਜੋਂ
ਭਾਪੇ ਨੂੰ ਫੜਕੇ ਲੈ ਜਾਇਆ ਕਰਦੀ ਸੀ
ਸ਼ਾਮ ਤਾਈਂ ਰਿਹਾ ਕਰ ਦੇਣ ਲਈ

ਕੁੱਕੂ ਮੇਰਾ ਹਾਣੀ ਸੀ
ਉਸ ਦੇ ਘਰ ਵੀ ਚਲੇ ਜਾਂਦਾ ਸਾਂ ਮੈਂ
ਉਬਲ਼ਿਆ ਅੰਡਾ ਉਸਦੇ ਘਰ ਖਾਣ ਨੂੰ ਮਿਲ ਜਾਂਦਾ ਸੀ
ਦਹੀਂ ਤੇ ਮੱਖਣ ਨਾਲ਼ ਰੋਟੀ ਉਸਦੀ ਬੀਬੀ ਕਈ ਵਾਰੀ ਮੈਂਨੂੰ ਵੀ
ਉਸ ਨਾਲ ਖੁਆ ਦਿਆ ਕਰਦੀ

ਠੰਢ ਦੇ ਦਿਨਾਂ 'ਚ ਨ੍ਹੇਰੇ ਹੋਏ ਤਕ
ਫੁੱਫੜ ਦੀ ਗਰਮ ਗਰਮ ਭੱਠੀ 'ਤੇ ਬੈਠਾ
ਉਹ ਕੋਈ ਬਾਲਣ ਦੀ ਨਲ਼ਕੀ ਬਾਲ਼ ਕੇ ਸੂਟਾ ਮਾਰਨ ਲੱਗ ਪੈਂਦਾ
ਨਾਲੇ ਵਾਰੀ ਵਾਰੀ ਸਾਨੂੰ ਵੀ ਲੁਆਈ ਜਾਂਦਾ

ਪੜ੍ਹਨ 'ਚ ਤਾਂ ਉਹ ਮਾਸ਼ਾ ਅੱਲਾ ਹੀ ਸੀ
ਪਰ ਦਿਮਾਗ਼ ਦਾ ਬਹੁਤ ਤਿੱਖਾ ਸੀ
ਦੂਜੇ ਨੂੰ ਉੱਲੂ ਬਨਾਉਣ 'ਚ ਮਾਹਿਰ ਤੇ ਲੜਨ 'ਚ ਮੋਹਰੇ ਹੁੰਦਾ ਸੀ
ਹਾਣੀ ਕਦੇ ਕੋਈ ਉਸ ਨਾਲ਼ ਪੰਗਾ ਨਹੀਂ ਸੀ ਲੈਂਦਾ
ਜੱਟ ਦਾ ਪੁੱਤ ਸੀ ਉਹ ਤੇ ਉਪਰੋਂ ਲੰਬੜਦਾਰਾਂ 'ਚੋਂ

ਪਸ਼ੂ ਚਾਰਨ ਜਾਣ ਵੇਲੇ
ਕਈ ਵਾਰ ਮੈਂਨੂੰ ਇਹ ਕਹਿ ਕੇ ਨਾਲ ਲੈ ਜਾਣਾ ਕਿ ਚੱਲ ਪ੍ਰੇਮ
ਤੂੰ ਆਉਂਦਾ ਹੋਇਆ ਬੇਲੇ 'ਚੋਂ ਬਾਲਣ ਲੈ ਆਈਂ
ਦੂਰ ਚਲੇ ਗਏ ਪਸ਼ੂਆਂ ਦੀਆਂ ਮੋੜੀਆਂ ਮਿੰਨਤ ਜਿਹੀ ਕਰਕੇ
ਮੈਥੋਂ ਕਰਾਈ ਜਾਣੀਆਂ

ਉਹ ਮੇਰਾ ਦੋਸਤ ਸੀ ਵੀ ਕਿ ਨਹੀਂ, ਮੈਨੂੰ ਅੱਜ ਤਾਈਂ ਪਤਾ ਨਹੀਂ
ਕਿਸੇ ਹੋਰ ਨਾਲ਼ ਵੀ ਉਸ ਨੂੰ ਘਿਓ-ਖਿਚੜੀ ਹੁੰਦੇ ਮੈਂ ਕਦੇ ਨਹੀਂ ਵੇਖਿਆ

ਉਸਦੀ ਪੀਤੀ ਹੋਈ 'ਤੇ ਉਸ ਤੋਂ ਬਚ ਕੇ ਰਹਿਣ ਦੀ ਲੋੜ ਹੈ
ਖ਼ਾਸੁਲਖ਼ਾਸ ਨੂੰ ਵੀ ਲਾਹ ਕੇ ਪਰੇ ਸੁੱਟ ਸਕਦਾ ਹੈ
ਸੋਫ਼ੀ ਹੋਣ ਦੀ ਹਾਲਤ 'ਚ ਵੀ ਉਸ ਨੂੰ ਸਮਝਾਣ ਗਏ ਉਲਟਾ
ਉਸ ਕੋਲ਼ੋਂ ਚੰਗੀ ਤਰ੍ਹਾਂ ਸਮਝ ਕੇ ਆਉਂਦੇ ਨੇ
ਐਸਾ ਨਾਸਮਝ ਹੈ ਉਹ ਕਿ ਪਹਿਲੀ ਵਾਰ ਮਿਲ ਕੇ ਕੋਈ ਵੀ ਉਸ ਨੂੰ
ਸਮਝਦਾਰ ਹੀ ਕਹੇਗਾ
ਇਕ ਤੋਂ ਇਕ ਕਹਾਵਤ, ਇਕ ਤੋਂ ਇਕ ਤੋਤਕੜਾ ਸੁਣ ਲਵੋ ਉਸ ਕੋਲ਼ੋਂ

ਹੁਣ ਵੀ ਜਦ ਕਦੇ ਮੈਂ ਪਿੰਡ ਜਾਵਾਂ
ਗਲ਼ੀ ਦੇ ਕਿਸੇ ਨਾ ਕਿਸੇ ਮੋੜ 'ਤੇ ਨਜ਼ਰ ਆ ਹੀ ਜਾਂਦਾ ਹੈ
ਬੱਲੇ, ਹੋਰ ਪ੍ਰੇਮ, ਕਦ ਆਇਆਂ? ਚੱਲ ਫੇਰ ਘਰ ਨੂੰ, ਕਹੇਗਾ
ਤੇ ਮੈਂ ਉਸ ਤੋਂ ਕੋਈ ਬਹਾਨਾ ਮਾਰ ਕੇ ਪਿੱਛਾ ਛੁਡਾਣ ਦੀ ਕੋਸ਼ਿਸ਼ ਕਰਦਾ ਹਾਂ

ਬੜੇ ਭਰਾ ਦੀ ਨਜ਼ਰ 'ਚ ਉਹ ਕੰਮ-ਚੋਰ ਸੀ
ਕੰਮ ਕਰਦੇ ਨੂੰ ਉਹਨੂੰ ਮੈਂ ਵੀ ਘੱਟ-ਵੱਧ ਹੀ ਵੇਖਿਆ ਹੈ
ਖੇਤੀ ਘੱਟ ਤੇ ਮਨ ਆਈ ਵੱਧ ਕਰਦਾ ਹੈ
ਜੁਆਨ ਹੈ ਅੱਜ ਵੀ, ਤੇ ਉੱਨਾ ਹੀ ਸ਼ੈਤਾਨ ਵੀ

## ਗੋਲ਼ਕੀ ਦੀ ਗੜਵੀ

ਫੁੱਟਬਾਲ ਦੇ ਜ਼ਿਆਦਾਤਰ ਮੈਚ
ਖਾਲਸਾ ਕਾਲਿਜ ਮਾਹਲ ਪੁਰ ਦੀ ਗਰਾਉਂਡ 'ਚ ਹੁੰਦੇ ਸਨ

ਮਾਹਲ ਪੁਰ ਦੀ ਫੁੱਟਬਾਲ ਟੀਮ
ਸਕੂਲ ਦੀ ਹੋਵੇ ਜਾਂ ਕਾਲਿਜ ਦੀ
ਜਿਸ ਵੀ ਟੀਮ ਨਾਲ ਖੇਡ ਰਹੀ ਹੁੰਦੀ
ਉਸ ਟੀਮ ਦੇ ਗੋਲ਼-ਪੋਸਟ ਦੇ ਪਿੱਛੇ
ਸਕੂਲ ਦੇ ਦਰਸ਼ਕ ਮੁੰਡਿਆਂ ਦੀ ਇਕ ਟੀਮ ਲੈ ਕੇ
ਬੈਠ ਜਾਂਦਾ ਸੀ ਇਕ ਮੁੰਡਾ, ਨਾਂ ਸੀ ਉਸਦਾ ਰੋਡਾ
ਸਿਰ 'ਤੇ ਵਾਲਾਂ ਦੇ ਜੂੜੇ ਵਾਲ਼ਾ ਰੋਡਾ
ਰੋਡਾ ਉਸਦੀ ਅੱਲ ਸੀ

ਜੂੜੇ 'ਚੋਂ ਬਾਹਰ ਖਿੱਲਰੇ ਵਾਲ਼ਾਂ ਦੀ ਪਰਵਾਹ ਨਹੀਂ ਸੀ ਹੁੰਦੀ ਉਸਨੂੰ
ਪਰਵਾਹ ਤਾਂ ਵਿਰੋਧੀ ਟੀਮ ਦੇ ਗੋਲ਼-ਕੀਪਰ ਨੂੰ
ਤੰਗ ਕਰਨ ਦੀ ਹੁੰਦੀ ਸੀ ਉਸਨੂੰ ਜਿਸਦੇ ਪਿੱਛੇ
ਆਪਣੀ ਟੋਲੀ ਨੂੰ ਲੈ ਕੇ ਬੈਠਾ ਉਹ ਇਕ ਲਾਈਨ ਬੋਲਦਾ ਸੀ -
ਗੋਲ਼ਕੀ ਦੀ ਗੜਵੀ ਮਾਂਜੀ ਗਈ
ਤੇ ਉਸਦੇ ਮਗਰ ਟੋਲੀ ਦੇ ਬਾਕੀ ਮੁੰਡੇ ਸੁਰ ਮਿਲ਼ਾ ਕੇ
ਦੁਹਰਾਉਂਦੇ ਸਨ - ਗੋਲ਼ਕੀ ਦੀ ਗੜਵੀ ਮਾਂਜੀ ਗਈ

ਇਹ ਲਾਇਨ ਮੁੰਡੇ ਚੀਖ-ਚੀਖ ਕੇ ਲਗਾਤਾਰ ਬੋਲੀ ਚਲੇ ਜਾਂਦੇ
ਮੈਚ ਦੇਖਦੇ ਦਰਸ਼ਕ, ਸੁਣ ਕੇ ਖਿੜ-ਖਿੜ ਹੱਸਦੇ ਸਨ

ਮਾਹਲਪੁਰ ਦੀ ਟੀਮ ਖੇਡ ਰਹੀ ਹੋਵੇ
ਤੇ ਉਸ ਟੀਮ ਨੂੰ ਰੋਡੇ ਦੀ ਟੀਮ ਦੀ ਸੁਪੋਰਟ ਮਿਲ ਰਹੀ ਹੋਵੇ
ਤਾਂ ਵਿਰੋਧੀ ਧਿਰ 'ਤੇ ਗੋਲ਼ਾਂ ਨੇ ਤਾਂ ਹੋਣਾ ਹੀ ਹੋਣਾ ਹੁੰਦਾ ਸੀ

ਹਰ ਗੋਲ਼ ਹੋਣ 'ਤੇ ਧਮੱਚੜ ਵੱਖ ਪਾਉਂਦੇ ਸੀ ਰੋਡਾ ਐਂਡ ਪਾਰਟੀ
ਪੂਰੇ ਮੈਚ ਦੌਰਾਨ
ਗੋਲ਼ਕੀ ਦੀ ਗੜਵੀ ਮਾਂਜੀ ਗਈ ਦਾ ਸੁਰ ਮੱਧਮ ਨਹੀਂ ਸੀ ਪੈਂਦਾ

ਫੁੱਟਬਾਲ ਦਾ ਇਕ ਖਿਡਾਰੀ ਹੁੰਦਾ ਸੀ ਸੁੱਖੀ
ਉਸਦੀ ਕੱਦ-ਕਾਠੀ ਵੇਖਕੇ ਮੈਂ ਤੇ ਮੇਰਾ ਮਿੱਤਰ ਲੰਗੇਰੀ ਵਾਲਾ ਭਿੰਦਰ
ਸੁੱਖੀ ਤੋਂ ਹੀ ਨਹੀਂ, ਦੂਜੇ ਖਿਡਾਰੀਆਂ ਤੋਂ ਵੀ ਡਰਦੇ ਹੁੰਦੇ ਸਾਂ
ਜਿਨ੍ਹਾਂ ਮੂਹਰੇ ਅਸੀਂ ਲੈਰੇ ਜਿਹੇ ਹੋਣ ਕਰਕੇ ਮਾਂਊਂ ਜਿਹੇ ਲਗਦੇ ਸਾਂ

ਕਾਲਿਜ ਦੀ ਟੀਮ 'ਚ ਖੇਡਦੇ ਕਾਲ਼ੇਵਾਲ ਭਗਤਾਂ ਦੇ ਖਿਡਾਰੀ
ਭਗਤਣੀ ਦੇ ਮੁੰਨੇ ਹੋਏ, ਮੋਟੇ-ਮੋਟੇ ਤੇ ਗੋਰੇ ਪੱਟਾਂ ਦੀਆਂ ਤਾਂ
ਕਾਲਿਜ ਦੀਆਂ ਕੁੜੀਆਂ ਵੀ ਦਿਵਾਨੀਆਂ ਹੁੰਦੀਆਂ ਸਨ
ਉਹ ਵੀ ਉਸਦਾ ਮੈਚ ਬੜੇ ਚਾਅ ਤੇ ਉਮਾਹ ਨਾਲ ਦੇਖਦੀਆਂ

ਭਗਤਣੀ ਦਾ ਨਾਂ ਤਾਂ ਜੁਗਿੰਦਰ ਸੀ
ਜੋਕਿ ਬਾਅਦ 'ਚ ਜੁਗਿੰਦਰ ਜੂਨੀਅਰ ਕਰਕੇ ਜਾਣਿਆ ਗਿਆ
ਜੁਗਿੰਦਰ ਜੂਨੀਅਰ ਇਸ ਕਰਕੇ ਕਿ ਜੁਗਿੰਦਰ ਸੀਨੀਅਰ
ਸਾਡੇ ਪਿੰਡ ਸਕਰੂਲੀ ਦਾ ਉਸ ਤੋਂ ਪਹਿਲਾਂ ਹੋ ਚੁੱਕਾ ਸੀ

ਸ਼ਾਮ-ਵਰਣੀ ਜੁਗਿੰਦਰ ਸੀਨੀਅਰ ਨੂੰ ਪਿੰਡ ਵਾਲ਼ੇ ਛਿੰਦੋ ਸੱਦਦੇ ਸਨ
ਪਿੰਡਾਂ ਦੇ ਇਕ ਮੈਚ 'ਚ ਖੇੜੇ ਪਿੰਡ ਖੇਡਦੇ ਛਿੰਦੋ ਨੂੰ
ਬਾਹਰ ਖੜੇ ਕਿਸੇ ਦਰਸ਼ਕ ਨੇ ਸੁਣਾ ਕੇ ਭੂਤਨਾ ਕਹਿ ਦਿੱਤਾ ਸੀ
ਸੁਣਦੇ ਸਾਰ ਛਿੰਦੋ ਜੁਗਿੰਦਰ ਸੀਨੀਅਰ ਨੇ
ਖੇਡ ਵਿਚੇ ਛੱਡ ਕੇ ਉਸ ਘੈਂਟ ਨੂੰ ਧੌਣੋਂ ਜਾ ਫੜਿਆ ਸੀ
ਤੇ ਫੇਰ ਚੰਗੀ ਤਰ੍ਹਾਂ ਉਸਦਾ ਭੂਤ ਉਤਾਰਿਆ ਸੀ.....

## ਨਲ਼ਕਾ, ਨ੍ਹੇਰਾ, ਮਿੱਤਰ ਤੇ ਮੈਂ

ਇਕ ਪਾਸੇ ਕਸ਼ਮੀਰ ਤੇ ਮੈਂ
ਦੂਜੇ ਪਾਸੇ, ਨਲ਼ਕਾ ਤੇ ਨ੍ਹੇਰਾ

ਵਗਦੇ ਰਾਹ, ਨ੍ਹੇਰੇ ਵਿਚ, ਨੰਗੇ
ਨਲ਼ਕੇ 'ਤੇ ਨ੍ਹਾਉਂਦੇ ਸੀ
ਤੇ ਇਤਫ਼ਾਕ ਵੀ ਐਸਾ, ਦੇਖੋ,
ਕਿ ਉਸ ਵੇਲੇ, ਰਾਹੀ ਵੀ
ਉਸ ਪਾਸੇ ਨਈਂ ਆਉਂਦੇ ਸੀ

ਨ੍ਹੇਰਾ ਤੱਕਦਾ ਸੀ, ਹੱਸਦਾ ਸੀ

ਗੇੜ ਰਿਹਾ ਨੰਗਾ ਇਕ, ਨਲ਼ਕਾ
ਤੇ ਦੂਜਾ ਨ੍ਹਾਉਂਦਾ ਸੀ
ਜਦ ਤਕ ਮਨ ਨੂੰ ਭਾਉਂਦਾ ਸੀ

ਤਨਜ਼ ਜ਼ਮਾਨੇ 'ਤੇ ਕੱਸਦੇ ਸੀ
ਨਾਲ਼ ਅਸਾਡੇ, ਨ੍ਹੇਰਾ ਤੇ ਨਲ਼ਕਾ ਦੋਵੇਂ ਹੱਸਦੇ ਸੀ
ਭਰਮ ਜਿਹਾ ਪੈੜਛ ਦਾ ਸੁਣਕੇ
ਕਪੜੇ ਪਾ ਕੇ, ਘਰ ਵੱਲ ਨੱਸਦੇ ਸੀ

ਪਿੱਛੋਂ ਨ੍ਹੇਰਾ ਤੇ ਨਲ਼ਕਾ,ਕੀ ਗੱਲਾਂ ਕਰਦੇ ਸੀ
ਤੇ ਕਿਸ-ਕਿਸ ਗੱਲ 'ਤੇ ਹੱਸਦੇ ਸੀ
ਕਿਸ ਨੇ ਸੁਣਨਾ ਸੀ
ਅਸੀਂ ਤਾਂ ਭਲ਼ਕੇ, ਮੁੜ ਨ੍ਹੇਰਾ ਹੋਵਣ 'ਤੇ ਮੁੜਨਾ ਸੀ

ਕਸ਼ਮੀਰ ਤੇ ਮੈਂ ਲੜ ਵੀ ਪੈਂਦੇ ਸੀ
ਪਰ ਗੱਲਾਂ ਕਰਦੇ ਰਹਿੰਦੇ ਸੀ
ਕਦੇ ਨਹੀਂ ਕਿਹਾ ਉਸਨੇ
ਚੁਕ ਝੋਲ਼ਾ, ਤੇ ਵਗ ਜਾ ਘਰ ਆਪਣੇ

ਹਾਂ ਮੈਂ ਰਹਿੰਦਾ ਸੀ ਘਰ ਉਸਦੇ
ਬੀਬੀ ਤੇ ਭਾਬੀ ਦੇ ਹੱਥਾਂ ਦੀਆਂ
ਪੱਕੀਆਂ ਹੀ ਖਾਂਦੇ ਸੀ
ਕਾਲਜੋਂ ਆ ਕੇ. ਖੇਤਾਂ ਵਲ ਵੀ ਵਗ ਜਾਂਦੇ ਸੀ

ਚੱਕੀ ਵੀ ਸੀ ਇਕ ਓਹਨਾਂ ਦੀ
ਮੱਝਾਂ ਤੇ ਬੌਲ਼ਦ ਹੁੰਦੇ ਸੀ
ਵੱਡੇ ਭਾਅ, ਭਾਪਾ ਜਾਂ ਤਾਇਆ ਹੀ ਵਾਹੁੰਦੇ ਸੀ
ਸਿੰਜਦੇ,ਗੁੱਡਦੇ,ਵੱਢਦੇ ਤੇ ਗਾਹੁੰਦੇ ਸੀ
ਸਾਡਾ ਤਾਂ ਫੇਰਾ-ਤੋਰਾ ਸੀ
ਨਾ ਚਿੰਤਾ ਸੀ, ਨਾ ਝੋਰਾ ਸੀ
ਬਸ ਹਿੜ-ਹਿੜ ਕਰਦੇ ਰਹਿੰਦੇ ਸੀ

ਕੀ ਹੁੰਦੇ ਸੀ, ਕੁੱਝ ਵੀ ਤਾਂ ਨਈਂ
ਕਾਲਿਜ ਜਾਂਦੇ ਸੀ, ਪੜ੍ਹਦੇ ਸੀ
ਘਰ ਮੁੜਦੇ ਸੀ.....000

***(47 Shaleen Enclave, Badripur Road, Jogiwala,***
***DEHRADUN-248 005***

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਉਸਰਈਏ

**ਗੁਲਜ਼ਾਰ ਸਿੰਘ ਸੰਧੂ**

ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੀ ਕਹਾਣੀ ਰੌਚਕ ਵੀ ਹੈ ਤੇ ਚਮਤਕਾਰੀ ਵੀ। ਭਾਰਤ ਅਤੇ ਪਾਕਿਸਤਾਨ ਵਿਚ ਕੋਈ ਵੀ ਅਜਿਹੀ ਸਭਾ ਨਹੀਂ ਜਿਸਦੀ ਆਪਣੀ ਇਮਾਰਤ ਹੋਵੇ ਤੇ ਜਿਹੜੀ ਸਰਕਾਰੀ ਸਹਾਇਤਾ ਤੋਂ ਬਿਨਾਂ ਲਗਾਤਾਰ ਆਪਣਾ ਕੰਮ-ਕਾਰ ਚਲਾ ਰਹੀ ਹੋਵੇ। ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਤੇ ਸਮਰੱਥ ਸਾਹਿਤਕਾਰਾਂ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਦੇ ਨਾਲ ਹਰ ਵਰ੍ਹੇ ਦੇ ਸ਼ੁਰੂ ਵਿਚ ਤਿੰਨ ਤੋਂ ਪੰਜ ਤਕ ਨਾਮੀ ਸਾਹਿਤਕਾਰਾਂ ਤੇ ਸਭਿਆਚਾਰ ਪ੍ਰੇਮੀਆਂ ਦਾ ਸਨਮਾਨ ਕਰਨਾ ਵੀ ਇਸਦੇ ਕਾਰਜ ਖੇਤਰ ਦਾ ਹਿੱਸਾ ਹੈ।

ਇਹ ਦੱਸਣਾ ਬਣਦਾ ਹੈ ਕਿ ਇਸ ਸਭਾ ਦਾ ਸੰਸਥਾਪਕ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦੇ ਬਹਿਬਲਪੁਰ ਨਾਂ ਦੇ ਪਿੰਡ ਦਾ ਜੰਮਪਲ ਹਰੀ ਸਿੰਘ ਸੀ, ਉਹ ਵਿਅਕਤੀ ਜਿਹੜਾ ਬਰਤਾਨਵੀ ਸਰਕਾਰ ਵਿਚ ਕਲਰਕ ਭਰਤੀ ਹੋ ਕੇ ਡਿਪਟੀ ਸੈਕਟਰੀ ਦੀ ਪਦਵੀ ਤਕ ਪਹੁੰਚਿਆ। ਉਸ ਨੇ ਆਪਣਾ ਸਿਰੜ ਪਾਲ਼ਦਿਆਂ ਸੇਵਾ-ਮੁਕਤੀ ਤੋਂ ਪਿੱਛੋਂ ਡਾਕਟ੍ਰੇਟ ਦੀ ਡਿਗਰੀ ਵੀ ਪ੍ਰਾਪਤ ਕੀਤੀ। ਫੇਰ ਜਦੋਂ ਉਹ ਗੁਰਦੁਆਰਾ ਬੰਗਲਾ ਸਾਹਿਬ ਦੇ ਵਿਹੜੇ ਪੰਜਾਬੀ ਪਿਆਰਿਆਂ ਲਈ ਗਿਆਨੀ ਦੀਆਂ ਕਲਾਸਾਂ ਲਾਉਣ ਲੱਗਿਆ ਤਾਂ ਉਹ ਗਿਆਨੀ ਜੀ ਵਜੋਂ ਜਾਣਿਆ ਜਾਣ ਲੱਗਿਆ। ਗਿਆਨੀ ਹਰੀ ਸਿੰਘ ਨੇ ਦਿੱਲੀ ਪਹੁੰਚਣ ਤੋਂ ਪਹਿਲਾਂ ਸਰਕਾਰੀ ਹਾਈ ਸਕੂਲ ਗੜ੍ਹਸ਼ੰਕਰ ਤੋਂ ਦਸਵੀਂ ਪਾਸ ਕੀਤੀ ਸੀ ਪਰ ਪੜ੍ਹਾਈ ਦਿੱਲੀ ਜਾ ਕੇ ਨੌਕਰੀ ਕਰਦਿਆਂ ਵੀ ਜਾਰੀ ਰੱਖੀ। ਗਿਆਨੀ ਪਾਸ ਕਰ ਕੇ ਗ੍ਰੈਜੂਏਸ਼ਨ ਕਰਨ ਤੋਂ ਪਿੱਛੋਂ ਪੰਜਾਬ ਯੂਨੀਵਰਸਿਟੀ ਕੈਂਪ ਕਾਲਿਜ ਨਵੀਂ ਦਿੱਲੀ ਤੋਂ 1949 ਵਿਚ ਰਾਜਨੀਤੀ ਸ਼ਾਸਤਰ ਵਿਚ ਐੱਮ.ਏ. ਕਰਨ ਵਾਲਾ ਵੀ ਇਹ ਸਿਰੜੀ ਜਿਉੜਾ ਸੀ। ਗੁਰਦੁਆਰਾ ਸਾਹਿਬ ਵਿਚ ਗਿਆਨੀ ਦੀਆਂ ਕਲਾਸਾਂ ਮੁਫਤੋ ਮੁਫਤੀ ਲਾਉਣ ਦਾ ਮੰਤਵ ਚਾਹਵਾਨ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਲਈ ਤਿਆਰ ਕਰਨਾ ਸੀ, ਤਾਕਿ ਉਹ ਵੀ ਗਿਆਨੀ ਹਰੀ ਸਿੰਘ ਵਾਂਗ ਟੁਕੜੇ ਟੁਕੜੇ ਪੜ੍ਹਾਈ ਕਰ ਕੇ ਉਚੇਰੀ ਵਿੱਦਿਆ ਪ੍ਰਾਪਤ ਕਰ ਸਕਣ। ਉਨ੍ਹਾਂ ਦਿਨਾਂ ਵਿਚ ਏਸ ਤਰ੍ਹਾਂ ਕੀਤੀ ਬੀ.ਏ.ਤਕ ਦੀ ਪੜ੍ਹਾਈ ਨੂੰ ਵਾਇਆ ਬਠਿੰਡਾ ਕੀਤੀ ਗ੍ਰੈਜੂਏਸ਼ਨ ਕਹਿੰਦੇ ਸਨ। ਉਸ ਨੇ ਇਹ ਉਪਕਾਰ ਉਦੋਂ ਤਕ ਜਾਰੀ ਰੱਖਿਆ ਜਦੋਂ ਤਕ ਪੰਜਾਹਵਿਆਂ ਵਿਚ ਹਰਚਰਨ ਸਿੰਘ ਨਾਟਕਕਾਰ ਨੇ ਕਰੋਲ ਬਾਗ਼ ਵਿਖੇ ਈਸਟ ਪੰਜਾਬ ਗਿਆਨੀ ਕਾਲਿਜ ਸਥਾਪਤ ਕਰ ਕੇ ਇਸਨੂ ਆਪਣੀ ਰੋਜ਼ੀ ਰੋਟੀ ਦਾ ਵਸੀਲਾ ਨਹੀਂ ਬਣਾਇਆ।

ਏਧਰ ਹਰੀ ਸਿੰਘ ਕੋਲ਼ੋਂ ਗਿਆਨੀ ਕਰਨ ਵਾਲੇ ਵਿਦਿਆਰਥੀਆਂ ਵਿਚੋਂ ਕੁਲਦੀਪ ਸਿੰਘ ਨਾਂ ਦਾ ਇਕ ਵਿਦਿਆਰਥੀ ਇਕ ਲੱਤ ਛੋਟੀ ਹੋਣ ਦੇ ਬਾਵਜੂਦ ਏਨਾ ਤੇਜ਼-ਤਰਾਰ ਸੀ ਕਿ ਉਸਨੇ ਹਰੀ ਸਿੰਘ ਨੂੰ ਪੰਜਾਬੀ ਸਾਹਿਤ ਸਭਾ ਦੀ ਸਥਪਨਾ ਲਈ ਮਨਾ ਲਿਆ। ਫੇਰ ਉਸਨੇ ਹਰਮਨ ਪਿਆਰੇ ਸਭਾ ਨੂੰ ਹਰੀ ਸਿੰਘ ਨੂੰ ਪ੍ਰਧਾਨ ਅਤੇ ਆਪਣੇ ਆਪ ਨੂੰ ਸੈਕਟਰੀ ਥਾਪ ਕੇ ਏਸ ਸਭਾ ਨੂੰ 1943 ਵਿਚ ਰਜਿਸਟਰ ਕਰਵਾ ਲਿਆ। ਗਿਆਨੀ ਹਰੀ ਸਿੰਘ ਕੋਲ ਪੜ੍ਹੇ ਹੋਏ ਗਿਆਨੀ ਪਾਸ ਵਿਦਿਆਰਥੀ ਜਿਨ੍ਹਾਂ ਨੂੰ ਲਿਖਣ ਦਾ ਸ਼ੌਕ ਸੀ, ਇਸਦੇ ਮੈਂਬਰ ਬਣ ਗਏ ਤੇ ਬਣਾ ਲਏ ਗਏ। ਇਸ ਸਭਾ ਦੀਆਂ ਬੈਠਕਾਂ ਹਰ ਐਤਵਾਰ ਸ਼ਾਮ ਨੂੰ ਗਿਆਨੀ ਜੀ ਦੇ ਘਰ ਹੀ ਲਗਦੀਆਂ।

ਗਿਆਨੀ ਜੀ ਦੇ ਘਰ ਹੋਣ ਵਾਲੀਆਂ ਸਭਾ ਦੀਆਂ ਬੈਠਕਾਂ ਵਿਚ ਨਵੇਂ ਲੇਖਕ ਆਪਣੀ ਕਵਿਤਾ, ਕਹਾਣੀ ਜਾਂ ਲੇਖ ਸੁਣਾਉਂਦੇ ਅਤੇ ਬਾਕੀ ਮੈਂਬਰ ਉਨ੍ਹਾਂ ਰਚਨਾਵਾਂ ਬਾਰੇ ਆਪਣੇ ਵਿਚਾਰ

ਪੇਸ਼ ਕਰਦੇ। ਇਸ ਬੈਠਕ ਵਿਚ ਚਾਹ ਦਾ ਵੀ ਪ੍ਰਬੰਧ ਹੁੰਦਾ ਜਿਹੜੀ ਸਭਨਾਂ ਨੂੰ ਮੁਫਤ ਮਿਲਦੀ। ਭਾਵ ਇਹ ਕਿ ਗਿਆਨੀ ਜੀ ਦਾ ਘਰ ਹੀ ਸਭਾ ਦਾ ਦਫਤਰ ਸੀ ਜਿੱਥੇ ਨਵੇਂ ਲੇਖਕਾਂ ਵੱਲੋਂ ਭੇਟ ਕੀਤੀਆਂ ਜਾਂ ਖਰੀਦੀਆਂ ਪੁਸਤਕਾਂ ਵਾਲੀ ਅਲਮਾਰੀ ਵੀ ਹੁੰਦੀ ਸੀ। ਜੇ ਗਿਆਨੀ ਜੀ ਦੀ ਰਿਹਾਇਸ਼ ਬਦਲਦੀ ਸੀ ਤਾਂ ਸਭਾ ਦਾ ਦਫਤਰ ਵੀ ਬਦਲ ਜਾਂਦਾ ਸੀ। ਕੁਝ ਸਮਾਂ ਇਹ ਮੀਟਿੰਗਾਂ ਸਭਾ ਦੇ ਇਕ ਹੋਰ ਮੈਂਬਰ ਪਿਆਰਾ ਸਿੰਘ ਐੱਮ.ਏ. ਦੇ ਘਰ ਵੀ ਏਸੇ ਤਰ੍ਹਾਂ ਲਗਦੀਆਂ ਰਹੀਆਂ। ਮੈਨੂੰ ਕਲ੍ਹ ਵਾਂਗ ਚੇਤੇ ਹੈ ਕਿ 1953 ਵਿਚ ਜਦੋਂ ਮੈਂ ਮਾਹਿਲਪੁਰ ਲਾਗਲੇ ਆਪਣੇ ਪਿੰਡ ਸੁੰਨੀ ਤੋਂ ਦਿੱਲੀ ਜਾ ਕੇ ਸਪਤਾਹਿਕ 'ਫਤਿਹ' ਅਤੇ ਮਾਸਕ 'ਪ੍ਰੀਤਮ' ਦਾ ਸਹਾਇਕ ਸੰਪਾਦਕ ਬਣਿਆ ਤਾਂ ਕੁਲਦੀਪ ਸਿੰਘ ਮੈਨੂੰ ਸਭਾ ਦਾ ਮੈਂਬਰ ਬਣਨ ਦਾ ਸੱਦਾ ਦੇਣ ਅਨਸਾਰੀ ਰੋਡ, ਦਰਿਆਗੰਜ ਮੇਰੇ ਦਫਤਰ ਆਇਆ ਸੀ। ਮੈਂ ਹਰੀ ਸਿੰਘ ਤੇ ਪਿਆਰਾ ਸਿੰਘ ਦੇ ਘਰਾਂ ਵਾਲੇ ਦਫਤਰਾਂ ਦਾ ਚਸ਼ਮਦੀਦ ਗਵਾਹ ਹਾਂ,ਜਿਹੜੇ ਗੋਲ਼ ਮਾਰਕਿਟ ਅਤੇ ਕਨਾਟ ਪਲੇਸ ਦੇ ਨੇੜੇ ਹੀ ਸਨ। ਮੈਂ 1954-55 ਤੋਂ ਇਸ ਵਡਮੁੱਲੀ ਸਭਾ ਨਾਲ ਅੱਜ ਤਕ ਜੁੜਿਆ ਆ ਰਿਹਾ ਹਾਂ। ਇਹ ਸਬੱਬ ਦੀ ਗੱਲ ਹੈ ਕਿ ਗਿਆਨੀ ਹਰੀ ਸਿੰਘ ਦਾ ਜੱਦੀ ਪੁਸ਼ਤੀ ਪਿੰਡ ਬਹਿਬਲਪੁਰ ਮੇਰੇ ਪਿੰਡ ਸੁੰਨੀ ਤੋਂ ਕੇਵਲ ਚਾਰ ਕਿਲੋਮੀਟਰ ਦੀ ਦੂਰੀ ਉੱਤੇ ਹੈ। ਇਹ ਦੋਵੇਂ ਪਿੰਡ ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦੇ ਹਨ ਅਤੇ ਥਾਣਾ ਮਾਹਿਲਪੁਰ ਦੇ ਅਧੀਨ ਆਉਂਦੇ ਹਨ। ਗਿਆਨੀ ਹਰੀ ਸਿੰਘ ਦੀ ਵਿੱਦਿਆ ਦਾ ਸੋਮਾ ਸਰਕਾਰੀ ਹਾਈ ਗੜ੍ਹਸ਼ੰਕਰ ਸੀ ਤੇ ਮੇਰਾ ਖਾਲਸਾ ਕਾਲਿਜ ਮਾਹਿਲਪੁਰ।

ਗਿਆਨੀ ਹਰੀ ਸਿੰਘ ਤੇ ਉਸਦਾ ਸ਼ਾਗਿਰਦ ਕੁਲਦੀਪ ਸਿੰਘ ਪੰਜਾਬੀ ਸਾਹਿਤ ਸਭਾ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਦਿੱਲੀ ਅਤੇ ਨਵੀਂ ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਸਾਰਥਕ ਉਪਰਾਲੇ ਵੀ ਕਰਦੇ ਰਹੇ। ਦੇਸ਼ ਦੇ ਵੰਡਾਰੇ ਮਗਰੋਂ ਦਿੱਲੀ ਯੂਨੀਵਰਸਿਟੀ ਦੇ ਦਿੱਲੀ ਕਾਲਿਜ. ਜਿਸਦਾ ਨਾਂ ਹੁਣ ਜ਼ਾਕਿਰ ਹੁਸੈਨ ਕਾਲਿਜ ਹੈ, ਵਿਚ ਹਰੀ ਸਿੰਘ ਬਿਨਾਂ ਤਨਖਾਹ ਤੋਂ ਸੇਵਾ ਕਰਦਿਆਂ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਂਦਾ ਰਿਹਾ। ਇਹ ਸਭ ਗੱਲਾਂ ਕੀ ਸਿੱਧ ਕਰਦੀਆਂ ਹਨ? ਇਹ ਕਿ ਗਿਆਨੀ ਹਰੀ ਸਿੰਘ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਦੇ ਮਾਮਲੇ ਵਿਚ ਦੂਰ ਦ੍ਰਿਸ਼ਟੀ ਵਾਲਾ ਬੁੱਧੀਮਾਨ ਵੀ ਸੀ ਤੇ ਵਚਨਬੱਧ ਕਾਰਜਕਰਤਾ ਵੀ। ਪੰਜਾਬੀ ਭਾਸ਼ਾ. ਸਾਹਿਤ ਤੇ ਸਭਿਆਚਾਰ ਦੇ ਇਸ ਘੁਲਾਟੀਏ ਨੂੰ ਨਵੀਂ ਪੀੜ੍ਹੀ ਦੇ ਲੇਖਕ ਭਾਵੇਂ ਬਹੁਤਾ ਨਾ ਜਾਣਦੇ ਹੋਣ ਪਰ ਪਿਛਲੀ ਸਦੀ ਦੇ ਵੱਡੇ ਤੇ ਪ੍ਰਮੁਖ ਲੇਖਕਾਂ ਨਾਲ ਉਸਦੇ ਬੜੇ ਨਿਕਟ ਸੰਬੰਧ ਸਨ। ਇਹਨਾਂ ਵਿਚ ਭਾਈ ਵੀਰ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਗਿਆਨੀ ਹੀਰਾ ਸਿੰਘ ਦਰਦ, ਈਸ਼ਵਰ ਚੰਦਰ ਨੰਦਾ, ਪ੍ਰੋ. ਪ੍ਰੀਤਮ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਆਦਿ ਦੇ ਨਾਂ ਗਿਣਾਏ ਜਾ ਸਕਦੇ ਹਨ। ਇਹਨਾਂ ਸੰਬੰਧਾਂ ਦਾ ਆਧਾਰ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਗੰਭੀਰ ਸਰੋਕਾਰ ਹੀ ਸੀ। ਗਿਆਨੀ ਹਰੀ ਸਿੰਘ 'ਸਾਫ ਸਾਦਾ ਰਹਿਣੀ ਬਹਿਣੀ ਅਤੇ ਉੱਚੀ-ਸੁੱਚੀ ਕਰਨੀ ਕਹਿਣੀ' ਦੀ ਸਾਕਾਰ ਮੂਰਤ ਸੀ। ਨਾ ਮਾਇਆ ਦਾ ਮੋਹ ਅਤੇ ਨਾ ਹੀ ਗਿਆਨ ਦੀ ਹਉਮੈਂ। ਗਿਆਨੀ ਹਰੀ ਸਿੰਘ ਵਰਗਾ ਅਜਿਹਾ ਸਮਾਜ ਸੇਵਕ ਵੀ ਵਿਰਲਾ ਟਾਵਾਂ ਹੀ ਹੁੰਦਾ ਹੈ ਜਿਹੜਾ ਕੰਮ ਕਰਨ ਲਈ ਸਦਾ ਅਗਲੀ ਪਾਲ਼ ਵਿਚ ਹੋਵੇ ਅਤੇ ਸ਼ੋਭਾ ਦਾ ਸਿਹਰਾ ਗਲ਼ ਪੁਆਉਣ ਸਮੇਂ ਸਭ ਤੋਂ ਪਿਛਲੀਆਂ ਕਤਾਰਾਂ ਵਿਚ।

ਇਸ ਸਭਾ ਦਾ ਆਪਣਾ ਭਵਨ ਤੇ ਵਸੀਲੇ ਪੈਦਾ ਹੋਣ ਦਾ ਚਮਤਕਾਰ ਵੀ ਨੋਟ ਕਰਨ ਵਾਲਾ ਹੈ। ਇਕ ਪੜਾਅ ਉੱਤੇ ਨਗਰ ਪਾਲਿਕਾ ਦਿੱਲੀ ਨੇ ਮਾਤਾ ਸੁੰਦਰੀ ਗੁਰਦੁਆਰਾ ਅਤੇ ਯੂਨਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਦਫਤਰ ਨੇੜਲੇ ਇੰਸਟੀਚਿਊਸ਼ਨਲ ਏਰੀਆ ਵਿਚ ਵਿੱਦਿਅਕ ਤੇ ਸਭਿਆਚਾਰਕ ਸੰਸ਼ਥਾਵਾਂ ਨੂੰ ਬਹੁਤ ਸਸਤੇ ਭਾਅ ਪਲਾਟ ਦੇਣ ਦਾ ਐਲਾਨ ਕੀਤਾ। ਸ਼ਰਤ ਇਹ ਕਿ ਉਮੀਦਵਾਰ ਸੰਸਥਾਵਾਂ ਵਿਉਂਤਬਧ ਢੰਗ ਨਾਲ ਰਜਿਸਟਰਡ ਹੋਣ। ਹਰ ਸੰਸਥਾ ਨੂੰ 2200 ਗਜ਼ ਦਾ ਪਲਾਟ

ਮਿਲ ਗਿਆ। ਇਹਨਾਂ ਵਿਚ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੀ ਸ਼ਾਮਲ ਸੀ।

ਇਸ ਪੜਾਅ ਉੱਤੇ ਭਵਨ ਉਸਾਰੀ ਦਾ ਕੰਮ ਕਰਤਾਰ ਸਿੰਘ ਦੁੱਗਲ ਅਤੇ ਭਾਪਾ ਪ੍ਰੀਤਮ ਸਿੰਘ ਨੂੰ ਸੌਂਪ ਕੇ ਗਿਆਨੀ ਹਰੀ ਸਿੰਘ ਤਾਂ ਲਾਂਭੇ ਹੋ ਗਏ ਪਰ ਬਾਕੀ ਮੈਂਬਰਾਂ ਨੇ ਪੂਰਾ ਸਹਿਯੋਗ ਦਿੱਤਾ। ਇਹ ਸਿਹਰਾ ਭਾਪਾ ਪ੍ਰੀਤਮ ਸਿੰਘ ਦੀ ਦੂਰ ਦ੍ਰਿਸ਼ਟੀ ਦੇ ਸਿਰ ਬੱਝਦਾ ਹੈ ਕਿ ਉਨ੍ਹਾਂ ਨੇ ਡਾਬਰ ਇੰਡੀਆ ਕੰਪਨੀ ਨੂੰ ਮਨਾ ਲਿਆ ਕਿ ਉਹ ਸਭਾ ਦੇ ਪਲਾਟ ਉੱਤੇ ਲੋੜੀਂਦਾ ਭਵਨ ਉਸਾਰ ਕੇ ਪਹਿਲੀ ਮੰਜ਼ਿਲ ਆਪਣੇ ਕੋਲ ਰੱਖ ਲੈਣ, ਬੇਸਮੈਂਟ, ਜ਼ਮੀਨੀ ਮੰਜ਼ਿਲ ਅਤੇ ਦੂਜੀ ਮੰਜ਼ਿਲ ਦੇ ਕਮਰੇ ਸਭਾ ਨੂੰ ਦੇ ਦੇਣ। ਸ਼ਰਤ ਇਹ ਕਿ ਉਹ ਪਹਿਲੀ ਮੰਜ਼ਿਲ ਦਾ ਯੋਗ ਕਿਰਾਇਆ ਦਿੰਦੇ ਰਹਿਣ ਜਿਸ ਵਿਚ ਮਿਥੇ ਸਮੇਂ ਉਪਰੰਤ ਵਾਧਾ ਕਰਨ ਦਾ ਸਭਾ ਨੂੰ ਪੂਰਾ ਹੱਕ ਹੋਵੇਗਾ। ਨਵੀਂ ਦਿੱਲੀ ਅਤੇ ਦਿੱਲੀ ਦੇ ਅੱਧ ਵਿਚਕਾਰ ਬਣੀ ਇਸ ਇਮਾਰਤ ਦਾ ਨਾਂ ਪੰਜਾਬੀ ਭਵਨ ਰੱਖਿਆ ਜਿਸਦਾ ਨੀਂਹ ਪੱਥਰ ਇੰਦਰ ਕੁਮਾਰ ਗੁਜਰਾਲ ਵਿਦੇਸ਼ ਮੰਤਰੀ ਭਾਰਤ ਸਰਕਾਰ ਨੇ 5 ਮਈ 1990 ਨੂੰ ਰੱਖਿਆ ਸੀ। ਅੱਜ ਦੇ ਦਿਨ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਇਹ ਭਵਨ ਉਰਦੂ ਘਰ, ਹਿੰਦੀ ਭਵਨ, ਗ਼ਾਲਿਬ ਅਕੈਡਮੀ, ਗੰਧਰਵ ਭਵਨ ਵਿਦਿਆਲਯ ਤੇ ਜੈਨੀਆਂ ਦੇ ਅਣੂਵਰਤ ਭਵਨ ਦੇ ਬਰਾਬਰ ਬੋਲਦਾ ਹੈ। ਵੱਧ ਭਾਵੇਂ ਹੋਵੇ ਘੱਟ ਨਹੀਂ। ਇਸਦੇ ਕਾਨਫਰੰਸ ਹਾਲ, ਕਲਾ ਗੈਲਰੀ ਤੇ ਲਾਇਬਰੇਰੀ ਵਿਚ ਹਰ ਸਮੇਂ ਸਮਾਗਮ ਹੁੰਦੇ ਰਹਿੰਦੇ ਹਨ। ਡਾਬਰ ਵਾਲਿਆਂ ਤੋਂ ਮਿਲਣ ਵਾਲੀ ਕਿਰਾਏ ਦੀ ਰਕਮ ਏਨੀ ਹੁੰਦੀ ਹੈ ਕਿ ਕਿਸੇ ਵੀ ਸਾਹਿਤਕ, ਸਭਿਆਚਾਰਕ ਤੇ ਕਲਾ ਪ੍ਰੋਗਰਾਮ ਲਈ ਸਰਕਾਰ ਦੇ ਹਥਾਂ ਵੱਲ ਨਹੀਂ ਵੇਖਣਾ ਪੈਂਦਾ।

ਇਹ ਗੱਲ ਵੱਖਰੀ ਹੈ ਕਿ ਹੁਣ ਗਿਆਨੀ ਹਰੀ ਸਿੰਘ ਵਾਲੀਆਂ ਸਾਹਿਤਕ ਬੈਠਕਾਂ ਹਰ ਐਤਵਾਰ ਦੀ ਥਾਂ ਹਰ ਮਹੀਨੇ ਦੇ ਦੂਜੇ ਸ਼ਨਿਚਰਵਾਰ ਹੀ ਹੁੰਦੀਆਂ ਹਨ ਪਰ ਇਨ੍ਹਾਂ ਵਿਚ ਵਿਚਾਰ ਵਟਾਂਦਰਾ ਪਹਿਲਾਂ ਨਾਲੋਂ ਬਹੁਤ ਵਧੀਆ ਹੁੰਦਾ ਹੈ। ਸਥਾਪਤ ਲੇਖਕ ਰਚਨਾ ਪੇਸ਼ ਕਰਕੇ ਮਾਣ ਮਹਿਸੂਸ ਕਰਦੇ ਹਨ ਤੇ ਨਵੇਂ ਲੇਖਕ ਇਸਨੂੰ ਵਰਕਸ਼ਾਪ ਸਮਝਦੇ ਹਨ। ਸਮਰੱਥ ਲੇਖਕਾਂ ਨੂੰ ਫੈਲੋਸ਼ਿਪ ਤੇ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਵਿਚ ਕਦੇ ਵਿਘਨ ਨਹੀਂ ਪਿਆ। ਜਦੋਂ ਕਦੇ ਵੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੁਸਤਕ ਮੇਲੇ ਲੱਗਦੇ ਹਨ, ਦਿੱਲੀ ਸਥਿਤ ਪੰਜਾਬੀ ਪਬਲੀਕੇਸ਼ਨ ਅਦਾਰਿਆਂ– ਨਵਯੁਗ ਪਬਲਿਸ਼ਰਜ਼, ਨੈਸ਼ਨਲ ਬੁਕ ਸ਼ਾਪ, ਆਰਸੀ ਪਬਲਿਸ਼ਰਜ਼, ਮਨਪ੍ਰੀਤ ਪ੍ਰਕਾਸ਼ਨ ਤੇ ਸ਼ਿਲਾਲੇਖ ਪ੍ਰਕਾਸ਼ਨ– ਨੂੰ ਆਪੋ ਆਪਣੇ ਸਟਾਲ ਬੁਕ ਕਰਾਉਣ ਲਈ ਸਭਾ ਵੱਲੋਂ ਸਬਸਿਡੀ ਦਿੱਤੀ ਜਾਂਦੀ ਹੈ।

ਸਮੇਂ ਸਮੇਂ ਪ੍ਰਮੁਖ ਪੰਜਾਬੀ ਲੇਖਕਾਂ ਦੇ ਦਿਹਾੜੇ ਮਨਾਉਣਾ ਵੀ ਸਭਾ ਦੇ ਪ੍ਰੋਗਰਾਮ ਵਿਚ ਸ਼ਾਮਲ ਹੈ। ਵਾਰਿਸ ਸ਼ਾਹ, ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ ਨਾਵਲਿਸਟ ਤੇ ਗੁਰਮੁਖ ਸਿੰਘ ਮੁਸਾਫਰ ਦੇ ਨਾਂ ਅਜਿਹੇ ਵੱਡੇ ਲੇਖਕਾਂ ਵਿਚ ਸ਼ੁਮਾਰ ਹੁੰਦੇ ਹਨ। ਸਮੇਂ ਸਮੇਂ ਸਾਹਿਤ ਸਭਿਆਚਾਰ ਤੇ ਕਲਾ ਦੇ ਅਜਿਹੇ ਮਹਾਂਰਥੀਆਂ ਦੀ ਯਾਦ ਵਿਚ ਪ੍ਰੋਗਰਾਮ ਆਯੋਜਤ ਕਰ ਕੇ ਵੀ ਸਭਾ ਮਾਣ ਮਹਿਸੂਸ ਕਰਦੀ ਹੈ। ਜਿੱਥੋਂ ਤਕ ਇਸ ਭਵਨ ਵਿਖੇ ਚਿਤਰਕਾਰਾਂ ਤੇ ਕਲਾਕਾਰਾਂ ਦੀਆਂ ਕ੍ਰਿਤੀਆਂ ਦੀਆਂ ਪ੍ਰਦਰਸ਼ਨੀਆਂ ਦਾ ਸੰਬੰਧ ਹੈ, ਇਨ੍ਹਾਂ ਦਾ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ, ਮੰਤਰੀ ਤੇ ਕਲਾ ਰਸੀਏ ਕਰਦੇ ਆਏ ਹਨ।

ਇਕ ਹੋਰ ਆਪਣੀ ਕਿਸਮ ਦਾ ਮੌਲਿਕ ਪ੍ਰੋਗਗਰਾਮ ਵੀ ਧਿਆਨ ਮੰਗਦਾ ਹੈ। ਸਭਾ ਵੱਲੋਂ ਪੰਜਾਬੀ ਨੂੰ ਪਰਨਾਏ ਰਾਜਾਂ ਤੇ ਇਲਾਕਿਆਂ ਵਿਚ 200 ਪੇਂਡੂ ਲਾਇਬਰੇਰੀਆਂ ਵੀ ਚਾਲੂ ਕੀਤੀਆਂ ਗਈਆਂ ਹਨ ਜਿਹੜੀਆਂ ਪਛੜੇ ਹੋਏ ਦਿਹਾਤੀ ਇਲਾਕਿਆਂ ਦੇ ਪੰਜਾਬੀ ਪਾਠਕਾਂ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਚ ਆਉਂਦੇ ਨਵੇਂ ਰੁਝਾਨਾਂ ਤੋਂ ਜਾਣੂੰ ਕਰਾਉਂਦੀਆਂ ਹਨ।

ਇਹ ਵੀ ਸਭਾ ਦਾ ਨਿਵੇਕਲਾ ਪ੍ਰੋਗਰਾਮ ਹੀ ਸਮਝੋ ਕਿ ਹਰ ਸਾਲ ਦੇ ਆਰੰਭ ਵਿਚ ਕੁਤਬ

ਦੀ ਲਾਠ ਤੋਂ ਇਕ ਕਿਲੋਮੀਟਰ ਅੱਗੇ ਅੰਧੇਰੀਆ ਮੋੜ ‘ਤੇ ਸਥਿਤ ਨਵਯੁਗ ਫਾਰਮ ਉੱਤੇ ਦੂਰ ਨੇੜੇ ਦੇ ਤਿੰਨ ਤੋ ਚਾਰ ਸੌ ਕਲਾ ਤੇ ਸਾਹਿਤ ਰਸੀਏ ਸਵੇਰੇ 11 ਵਜੇ ਤੋਂ ਸ਼ਾਮ ਦੇ ਚਾਰ ਵਜੇ ਤਕ ਧੁੱਪ ਦੀ ਮਹਿਫਲ ਮਨਾਉਂਦੇ ਹਨ। ਏਥੇ ਗੀਤ ਸੰਗੀਤ ਤੇ ਪੁਸਤਕ ਪ੍ਰਦਰਸ਼ਨੀ ਤੋਂ ਬਿਨਾਂ ਨਾਮਵਰ ਸ਼ਖ਼ਸੀਅਤਾਂ ਦਾ ਉਨ੍ਹਾਂ ਦੀ ਸਾਹਿਤਕ ਤੇ ਸਭਿਆਚਾਰਕ ਦੇਣ ਲਈ ਸਨਮਾਨ ਕੀਤਾ ਜਾਂਦਾ ਹੈ। ਏਸ ਵਰ੍ਹੇ ਵਾਲੀ ਮਹਿਫਲ 32ਵੀਂ ਸੀ। ਇਸ ਵਿਚ ਜਿਹੜੇ ਮਹਾਂਰਥੀ ਸਨਮਾਨੇ ਗਏ, ਉਨ੍ਹਾਂ ਵਿਚ ਰਘਬੀਰ ਸਿੰਘ ਸਿਰਜਣਾ, ਭਾਈ ਵੀਰ ਸਿੰਘ ਸਦਨ ਵਾਲੇ ਮਹਿੰਦਰ ਸਿੰਘ, ਸਭਾ ਨਾਲ ਲੰਮੇਂ ਸਮੇਂ ਤੋਂ ਜੁੜੇ ਰਹੇ ਕਰਨਜੀਤ ਸਿੰਘ ਅਤੇ ਵਿਅੰਗ ਲੇਖਕ ਤੇ ਗਲਪਕਾਰ ਕੇ.ਐੱਲ. ਗਰਗ ਸ਼ਾਮਲ ਸਨ। ਏਸ ਮਹਿਫਲ ਵਿਚ ਨਵ ਪ੍ਰਕਾਸ਼ਤ ਪੁਸਤਕਾਂ ਵੀ ਲੋਕ ਅਰਪਨ ਕੀਤੀਆਂ ਜਾਂਦੀਆਂ ਹਨ। ਏਸ ਵਰ੍ਹੇ ਜਿਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਲੋਕ ਅਰਪਨ ਕੀਤੀਆਂ ਗਈਆਂ, ਉਨ੍ਹਾਂ ਵਿਚ ਅਜੀਤ ਕੌਰ, ਡਾ. ਰੇਣੁਕਾ ਸਿੰਘ, ਡਾ. ਕਰਨਜੀਤ ਸਿੰਘ, ਬਚਿੰਤ ਕੌਰ, ਬਲਬੀਰ ਮਾਧੋਪੁਰੀ, ਕੇਸਰਾ ਰਾਮ, ਸੱਜਾਦ ਜ਼ਹੀਰ, ਖਵਾਜਾ ਅਹਿਮਦ ਅੱਬਾਸ, ਐੱਸ ਬਲਵੰਤ, ਅਮਰਜੀਤ ਚੰਦਨ ਤੇ ਕਰਮ ਸਿੰਘ ਬਠਿੰਡਾ ਸ਼ਾਮਲ ਸਨ।

ਅਖੰਡ ਹਿੰਦੋਸਤਾਨ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਸਥਾਪਤ ਹੋਈ ਏਸ ਸਭਾ ਨੇ ਇਸ ਵਰ੍ਹੇ 80 ਸਾਲ ਪੂਰੇ ਕਰ ਲਏ ਹਨ। ਗਿਆਨੀ ਹਰੀ ਸਿੰਘ, ਕਰਤਾਰ ਸਿੰਘ ਦੁੱਗਲ ਤੇ ਭਾਪਾ ਪ੍ਰੀਤਮ ਸਿੰਘ ਤਾਂ ਨਹੀਂ ਰਹੇ ਪਰ ਇਸਦੀ ਦੇਖ-ਰੇਖ ਅੱਜ ਦੇ ਦਿਨ ਪ੍ਰੋਫੈਸਰ ਤੇ ਸਮਾਜ ਸੇਵਿਕਾ ਡਾ. ਰੇਣੁਕਾ ਤੇ ਬਕਲਮ ਖ਼ੁਦ ਕਰ ਰਹੇ ਹਨ।000

***(1538, ਸੈਕਟਰ 36-ਡੀ, ਚੰਡੀਗੜ੍ਹ-160 036)***

## *ਸਿਰਜਣਾ ਦੇ ਪੁਰਾਣੇ ਅੰਕ*

***SIRJANA ARCHIVES ON INTERNET***

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ ‘ਸਿਰਜਣਾ’ ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ ‘ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ ‘ਸਿਰਜਣਾ’ ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ ‘ਸਿਰਜਣਾ’ ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ ‘ਸਿਰਜਣਾ’ ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਹਾਲੇ ਇਸ ਸਾਈਟ ਉੱਤੇ ‘ਸਿਰਜਣਾ’ ਦੇ ਪਹਿਲੇ ਛੇ ਵਰ੍ਹਿਆਂ ਦੀਆਂ ਫਾਈਲਾਂ ਮੌਜੂਦ ਨਹੀਂ। ਛੇਤੀ ਹੀ ਇਹ ਫਾਈਲਾਂ ਵੀ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। -ਸੰਪਾਦਕ***

# ਪੁਰਖਿਆਂ ਦੀਆਂ ਪੈੜਾਂ ਤਲਾਸ਼ਦਿਆਂ: ਯਾਤਰਾ: ਸੁਕੀਰਤ

ਵੀਜ਼ਾ ਅਫ਼ਸਰ ਪੁੱਛਦਾ ਹੈ, "ਸਿਆਲਕੋਟ ਤੁਸੀਂ ਕਿਸ ਨੂੰ ਮਿਲਣ ਜਾਣਾ ਹੈ?"

ਮੈਨੂੰ ਸੱਦਾ ਭੇਜਣ ਵਾਲਾ ਦੋਸਤ, ਹਸਨ ਸ਼ਾਹ, ਲਾਹੌਰ ਤੋਂ ਹੈ। ਉਸਦਾ ਪਤਾ ਮੇਰੇ ਫਾਰਮ 'ਤੇ ਦਰਜ ਹੈ, ਸਿਆਲਕੋਟ ਵਾਲੇ ਖਾਨੇ ਵਿਚ ਮੈਂ ਐਵੇਂ ਹੀ ਕਿਸੇ ਹੋਟਲ ਦਾ ਪਤਾ ਦਰਜ ਕਰ ਛੱਡਿਆ ਹੈ। ਆਖਰ ਕਿਸ ਨੂੰ ਮਿਲਣ ਜਾ ਰਿਹਾ ਹਾਂ ਮੈਂ ਸਿਆਲਕੋਟ?

"ਜੀ, ਮੇਰੇ ਵਡਕਿਆਂ ਦਾ ਜਨਮ ਸਿਆਲਕੋਟ ਦਾ ਹੈ। ਬਸ ਓਸ ਜ਼ਮੀਨ ਨੂੰ ਦੇਖਣ, ਉਨ੍ਹਾਂ ਦੇ ਪਿੰਡ ਹੋ ਕੇ ਆਉਣ ਦਾ ਮਨ ਹੈ।" ਵੀਜ਼ਾ ਅਫ਼ਸਰ ਦੇ ਸਾਹਮਣੇ 'ਓਸ ਭੋਇੰ ਨੂੰ ਸਜਦਾ ਕਰਨ ਦੀ ਇੱਛਾ ਹੈ' ਵਰਗੇ ਜਜ਼ਬਾਤੀ ਸ਼ਬਦ ਵਰਤਣ ਤੋਂ ਝੱਕ ਜਾਂਦਾ ਹਾਂ। ਮਿਹਰਬਾਨ ਵੀਜ਼ਾ ਅਫ਼ਸਰ ਸਿਆਲਕੋਟ ਜਾਣ ਦੀ ਇਜਾਜ਼ਤ ਦੇਂਦਾ ਠੱਪਾ ਵੀ ਲਾ ਦੇਂਦਾ ਹੈ।

ਮੇਰੇ ਕੋਲ਼ 'ਓਸ ਭੋਇੰ' ਨੂੰ ਲੱਭਣ ਲਈ ਜਾਣਕਾਰੀ ਹੈ ਵੀ, ਤੇ ਨਹੀਂ ਵੀ। ਇਕ ਜ਼ਿਕਰ ਮੇਰੇ ਨਾਨੇ ਦੀ ਜੀਵਨ ਕਹਾਣੀ ਵਿਚ ਦਰਜ ਹੈ: ਸਿਆਲਕੋਟ ਦੀ ਤਹਿਸੀਲ ਡਸਕਾ ਦੇ ਕੋਲ਼ ਜਾਮਕੇ ਚੀਮਾ ਨਾਂ ਦੇ ਪਿੰਡ ਵਿਚ ਦੋ ਪੱਕੀਆਂ ਸਹੇਲੀਆਂ ਸਨ। ਦੋਵੇਂ ਉੱਤੋੜਿੱਤੀ ਵਿਆਹੀਆਂ ਗਈਆਂ, ਤਕਰੀਬਨ ਇੱਕੋ ਵੇਲ਼ੇ ਦੋਵੇਂ ਹਾਮਲਾ ਹੋਈਆਂ, ਤੇ ਇਕ ਦੂਜੇ ਦੇ ਗਰਭ ਵਿਚ ਪਲ਼ ਰਹੇ ਬਾਲਾਂ ਨੂੰ ਇਹ ਸੋਚ ਕੇ ਮੰਗ ਛੱਡਿਆ ਕਿ ਜੇ ਇਕ ਨੇ ਮੁੰਡਾ ਜਣਿਆ ਤੇ ਦੂਜੀ ਨੇ ਕੁੜੀ ਤਾਂ ਉਨ੍ਹਾਂ ਨੂੰ ਵਿਆਹ ਕੇ ਆਪਣੇ ਸਹੇਲਪੁਣੇ ਨੂੰ ਪੱਕੀ ਰਿਸ਼ਤੇਦਾਰੀ ਵਿਚ ਵਟਾ ਲੈਣਗੀਆਂ। ਤੇ ਇੰਝ ਹੀ ਹੋਇਆ, ਹਫ਼ਤੇ ਕੁ ਦੇ ਵਕਫੇ ਨਾਲ, 1895 ਵਿਚ ਵੈਸਾਖ ਦੇ ਮਹੀਨੇ, ਇਕ ਨੇ ਧੀ ਨੂੰ ਜਨਮ ਦਿੱਤਾ ਤੇ ਦੂਜੀ ਨੇ ਪੁੱਤਰ ਨੂੰ। ਇਹ ਬਾਲ, ਜਿਨ੍ਹਾਂ ਦਾ ਸਾਥ ਗਰਭ ਦੀ ਜੂਨੇ ਹੀ ਮਿੱਥ ਲਿਆ ਗਿਆ ਸੀ, ਮੇਰੀ ਨਾਨੀ (ਸ਼ਿਵਦੇਈ / ਜਗਜੀਤ ਕੌਰ) ਤੇ ਨਾਨਾ (ਗੁਰਬਖ਼ਸ਼ ਸਿੰਘ) ਸਨ। ਤੇ ਅੱਜ, ਇਨ੍ਹਾਂ ਸਹੇਲੀਆਂ ਦੇ ਆਪਸੀ ਕੌਲ ਦੇ 127 ਵਰ੍ਹੇ ਮਗਰੋਂ ਉਨ੍ਹਾਂ ਦਾ ਇਕ ਪੜਦੋਹਤਾ ਓਸ ਪਿੰਡ ਨੂੰ ਦੇਖਣ ਆ ਰਿਹਾ ਸੀ, ਜਿਸ ਦੀਆਂ ਗਲ਼ੀਆਂ ਵਿਚ ਕਿਤੇ ਬੈਠੀਆਂ ਨੇ ਕਦੇ ਆਪਸੀ ਜੁੜਤ ਦੀ ਉਹ ਜੜ੍ਹ ਲਾਈ ਸੀ ਜਿਸਦੀ ਇਕ ਟਾਹਣੀ ਮੈਂ ਵੀ ਹਾਂ। ਦੂਜੀ ਸ਼ੈਅ ਮੇਰੇ ਕੋਲ਼ ਇਕ ਵੱਡੀ ਪਰਿਵਾਰਕ ਤਸਵੀਰ ਹੈ, ਕਿਸੇ ਐਸੇ ਵੇਲ਼ੇ ਦੀ ਜਦੋਂ ਵਿਆਹ ਸ਼ਾਦੀ ਵਰਗੇ ਕਿਸੇ ਮੌਕੇ ਸਾਰਾ ਖਾਨਦਾਨ ਜੁੜਿਆ ਹੋਵੇਗਾ ਤੇ ਏਸ ਮੌਕੇ ਨੂੰ ਦਰਜ ਕਰਨ ਲਈ ਕਸਬੀ ਫੋਟੋਕਾਰ ਨੂੰ ਬੁਲਾ ਕੇ ਇਹ ਤਸਵੀਰ ਖਿਚਾਈ ਗਈ ਹੋਵੇਗੀ। ਤਸਵੀਰ ਦੇ ਇਕ ਕੋਨੇ 'ਤੇ, ਹੋਰਨਾਂ ਬਾਲਾਂ ਨਾਲ ਪਹਿਲੀ ਪਾਲ਼ ਵਿਚ ਬੈਠੀ ਆਪਣੀ ਮਾਂ ਨੂੰ ਮੈਂ ਪਛਾਣ ਸਕਦਾ ਹਾਂ। ਇਸ ਵਿਚ ਉਹ ਛੇ ਕੁ ਸਾਲਾਂ ਦੀ ਜਾਪਦੀ ਹੈ, ਸੋ ਅੰਦਾਜ਼ਨ ਇਹ ਤਸਵੀਰ 1934 ਜਾਂ 35 ਦੇ ਗੇੜ ਦੀ ਹੈ। ਤੇ ਏਨੇ ਕੁ ਹੀ ਜਣੇ, ਕੋਈ 34-35, ਇਸ ਤਸਵੀਰ ਵਿਚ ਮੌਜੂਦ ਹਨ। ਕਿਸੇ ਮੋਕਲ਼ੇ ਵਿਹੜੇ ਵਿਚ ਕੁਝ ਖੜੋਤੇ ਤੇ ਕੁਝ ਬੈਠੇ ਹੋਏ ਇਕ ਪਰਿਵਾਰ ਦੀਆਂ ਤਿੰਨ ਪੁਸ਼ਤਾਂ ਦੇ ਲੋਕ, ਜਿਨ੍ਹਾਂ ਪਿੱਛੇ ਵੱਡੀਆਂ ਵੱਡੀਆਂ ਮਹਿਰਾਬਾਂ ਨਾਲ ਛੱਤਿਆ ਬਰਾਂਡਾ ਵੀ ਦਿਸ ਰਿਹਾ ਹੈ। ਭਾਵੇਂ ਇਸ ਤਸਵੀਰ ਵਿਚ ਨਹੀਂ ਵੀ ਦਿਸਦੀਆਂ, ਪਰ ਪਰਿਵਾਰਕ ਵਡੇਰਿਆਂ ਦੀਆਂ ਦੱਸੀਆਂ ਦੋ ਹੋਰ ਨਿਸ਼ਾਨੀਆਂ ਵੀ ਮੇਰੇ ਕੋਲ਼ ਹੈਣ: ਇਕ ਤਾਂ ਇਸ ਦਲਾਨ ਵਿਚ ਇਕ ਪਾਸੇ ਵੱਡਾ ਸਾਰਾ ਰੁਖ ਹੁੰਦਾ ਸੀ, ਤੇ ਦੂਜੇ ਇਸ ਵਿਚ ਘਰ ਦਾ ਆਪਣਾ ਖੂਹ ਵੀ ਸੀ। ਮੇਰੀ ਇਕ ਪੜਨਾਨੀ ਦਾ ਨਾਂਅ ਮਾਲਣੀ ਮੈਨੂੰ ਪਤਾ ਹੈ, ਕਿਉਂਕਿ ਇਹ ਦਾਰ ਜੀ (ਨਾਨਾ ਜੀ) ਦੀਆਂ ਲਿਖਤਾਂ ਵਿਚ ਵੀ ਦਰਜ ਹੈ, ਤੇ ਉਨ੍ਹਾਂ ਦੇ ਪ੍ਰੀਤ ਨਗਰ ਵਾਲੇ ਘਰ ਦੇ ਗੇਟ ਉੱਤੇ ਵੀ ਖੁਣਿਆ ਹੋਇਆ ਹੈ। ਦੂਜੀ ਪੜਨਾਨੀ ਦਾ ਨਾਂਅ ਦੱਸ ਸਕਣ ਵਾਲਾ ਹੁਣ ਕੋਈ ਵੀ ਮੌਜੂਦ ਨਹੀਂ, ਪਰ

ਮਾਮਾ ਹਿਰਦੇਪਾਲ ਸਿੰਘ ਨੂੰ ਆਪਣੇ ਨਾਨੇ ਸੁਲਤਾਨ ਸਿੰਘ ਆਹਲੂਵਾਲੀਆ ਦਾ ਨਾਂਅ ਵੀ ਚੇਤੇ ਹੈ ਤੇ ਇਹ ਵੀ ਪਤਾ ਹੈ ਕਿ ਕਸਬ ਤੋਂ ਉਹ ਸੁਨਿਆਰੇ ਸਨ, ਤੇ 1947 ਵਿਚ ਜਾਮਕੇ ਚੀਮਾ ਦੇ ਲੰਮੇ ਸਮੇਂ ਤੋਂ ਤੁਰਦੇ ਆ ਰਹੇ ਸਰਪੰਚ ਵੀ ਸਨ।

ਏਨੀ ਕੁ ਜਾਣਕਾਰੀ ਨਾਲ ਲੈਸ, ਵੰਡ ਦੇ 75 ਸਾਲ ਬਾਅਦ, ਨਵੰਬਰ 2022 ਦੇ ਆਖਰੀ ਦਿਨਾਂ ਵਿਚ ਮੈਂ ਜਾਮਕੇ ਚੀਮਾ ਪਹੁੰਚਣ ਦਾ ਉਪਰਾਲਾ ਕਰਦਾ ਹਾਂ। ਹਸਨ ਸ਼ਾਹ ਨੇ ਆਪਣੀ ਗੱਡੀ ਤੇ ਡਰਾਈਵਰ ਮੈਨੂੰ ਦਿੱਤੇ ਹੋਏ ਹਨ, ਤੇ ਮੇਰੇ ਨਾਲ ਲਹਿੰਦੇ ਪੰਜਾਬ ਦਾ ਨੌਜਵਾਨ ਲਿਖਾਰੀ, ਸਾਡੇ ਦੁਹਾਂ - ਮੇਰਾ ਤੇ ਹਸਨ- ਦਾ ਅਜ਼ੀਜ਼ ਅਲੀ ਉਸਮਾਨ ਬਾਜਵਾ ਵੀ ਹੈ। ਹੁਣ ਲਾਹੌਰ ਰਹਿੰਦੇ ਅਲੀ ਦਾ ਪਿਛੋਕੜ ਵੀ ਸਿਆਲਕੋਟ ਦੇ ਇਕ ਪਿੰਡ ਦਾ ਹੈ, ਤੇ ਹਸਨ ਨੂੰ ਜਾਪਦਾ ਹੈ ਮੇਰੇ ਏਸ ਖੋਜੀ ਸਫ਼ਰ ਲਈ ਉਹ ਸਭ ਤੋਂ ਵੱਧ ਢੁੱਕਵਾਂ ਨਿਗਰਾਨ-ਸਾਥੀ ਰਹੇਗਾ। ਲਾਹੌਰ ਤੋਂ ਸਿਆਲਕੋਟ ਦੀ ਨਵੀਂ ਬਣੀ ਮੋਟਰਵੇਅ ਉੱਤੇ ਡੇਢ ਤੋਂ ਘੱਟ ਸਮੇਂ ਦੇ ਸਫ਼ਰ ਮਗਰੋਂ ਡਸਕੇ ਵੱਲ ਪਾਟ ਰਹੀ ਸੜਕ ਦੇ ਬੋਰਡ ਆਣੇ ਸ਼ੁਰੂ ਹੋ ਜਾਂਦੇ ਹਨ, ਤੇ ਅਸੀਂ ਇਸ ਸ਼ਾਹਰਾਹ ਨੂੰ ਛੱਡ ਉਸ ਸੜਕ ‘ਤੇ ਪੈ ਜਾਂਦੇ ਹਾਂ। ਜਾਮਕੇ ਚੀਮਾ ਹੁਣ ਪਹੁੰਚੇ ਕਿ ਪਹੁੰਚੇ। ਮੈਂ ਛੋਟੀ ਸੜਕ ‘ਤੇ ਪਹੁੰਚ ਕੇ ਗੂਗਲ ਨਕਸ਼ੇ ਨੂੰ ਵੀ ਚਾਲੂ ਕਰ ਦੇਂਦਾ ਹਾਂ। ਸੜਕ ਕਈ ਮੋੜੇ ਘੇੜੇ ਕੱਟ ਕੇ ਸਾਨੂੰ ਪਿੰਡ ਦੀਆਂ ਬਾਹਰਵਾਰ ਵੱਸੀਆਂ ਗ਼ਲੀਆਂ ਵਿਚੋਂ ਲੰਘਾ ਰਹੀ ਹੈ। ਜੇ ਮੈਂ ਇਕ ਪਲ ਲਈ ਭੁੱਲ ਜਾਵਾਂ ਕਿ ਮੈਂ ਪਾਕਿਸਤਾਨ ਵਿਚ ਹਾਂ, ਤਾਂ ਇਹ ਸਾਡੇ ਪਾਸੇ ਦਾ ਕੋਈ ਪਿੰਡ ਵੀ ਹੋ ਸਕਦਾ ਹੈ: ਉਹੋ ਜਿਹੇ ਨਿੱਕੇ-ਵੱਡੇ ਘਰ, ਉਹੋ ਜਿਹੀਆਂ ਬੇਤਰਤੀਬ ਗ਼ਲੀਆਂ, ਤੇ ਉਹੋ ਜਿਹੇ ਹੀ ਗ਼ਲੀਆਂ ਵਿਚ ਖੇਡਦੇ ਫਿਰਦੇ ਬੇਪਰਵਾਹ ਬਾਲ।

‘ਯੂ ਹੈਵ ਰੀਚਡ ਯੋਰ ਡੈਸਟੀਨੇਸ਼ਨ’; ਇਕ ਸੜਕ ‘ਤੇ ਲਿਆ ਕੇ ਗੂਗਲ ਤੋਂ ਜ਼ਨਾਨਾ ਆਵਾਜ਼ ਵਿਚ ਐਲਾਨ ਹੁੰਦਾ ਹੈ। ਗੂਗਲ ਨੂੰ ਕਿਵੇਂ ਪਤਾ ਕਿ ਮੇਰੀ ਮੰਜ਼ਲ ਕਿਹੜੀ ਹੈ! ਪਰ ਮੈਨੂੰ ਵੀ ਕਿਹੜਾ ਕੋਈ ਪਤਾ ਹੈ ਕਿ ਏਸ ਪਿੰਡ ਵਿਚ ਮੈਂ ਕਿਸ ਥਾਂ ਜਾਣਾ ਹੈ! ਇਸ ਲਗਾਤਾਰ ਆਵਾਜਾਈ ਵਾਲੀ ਸੜਕ ਦੀ ਵੱਖੀ ਵਿਚੋਂ ਨਿਕਲ ਰਹੀ ਇਕ ਚੌੜੀ, ਪਰ ਖਾਲੀ ਦਿਸਦੀ ਗ਼ਲੀ ਵਿਚ ਅਸੀਂ ਕਾਰ ਖੜ੍ਹੀ ਕਰ ਦੇਂਦੇ ਹਾਂ। ਹੁਣ ਕਿਹੜੇ ਪਾਸੇ ਜਾਈਏ? ਅਲੀ ਨੂੰ ਰਤਾ ਕੁ ਦੂਰ ਬੈਠਾ, ਗ਼ਲੀ ਵਿਚ ਪਕੌੜੇ ਤਲ਼ ਰਿਹਾ ਬਜ਼ੁਰਗ ਦਿਸਦਾ ਹੈ, “ਬਾਬਾ ਜੀ, ਪਿੰਡ ਦਾ ਸਭ ਤੋਂ ਪੁਰਾਣਾ ਇਲਾਕਾ ਕਿਹੜਾ ਏ?”

“ਕਿਸ ਦੇ ਘਰ ਜਾਣਾ ਜੇ?” ਬਜ਼ੁਰਗ ਮੋੜਵਾਂ ਸਵਾਲ ਕਰਦਾ ਹੈ।

“ਇਹ ਇੰਡੀਆ ਤੋਂ ਆਏ ਮਹਿਮਾਨ ਨੇ, ਇਨ੍ਹਾਂ ਦੇ ਵਡੇਰੇ ਏਸੇ ਥਾਂ ਤੋਂ ਸਨ। 47 ਤੀਕ ਪਿੰਡ ਦੇ ਸਰਪੰਚ ਵੀ ਸਨ, ਸੁਨਿਆਰੇ ਦਾ ਕੰਮ ਕਰਦੇ ਸਨ।” ਅਲੀ ਇਕੋ ਸਾਹ ਪਛਾਣ ਦੀਆਂ ਸਾਰੀਆਂ ਤੰਦਾਂ ਪਰੋਸ ਦੇਂਦਾ ਹੈ। ਇਹ ਸੁਣ ਕੇ ਬਜ਼ੁਰਗ ਮਹਿਮਾਨ ਨੂੰ ਪਹਿਲਾਂ ਪਕੌੜੇ ਖੁਆਣਾ ਚਾਹੁੰਦਾ ਹੈ, ਜਿਸ ਸੱਦੇ ਨੂੰ ਅਸੀਂ ਸ਼ੁਕਰਾਨੇ ਭਰੀ ਨਾਂਹ ਨਾਲ ਮੋੜ ਦੇਂਦੇ ਹਾਂ।

“ਚੌੜੀ ਸੜਕ ‘ਤੇ ਅੱਗੇ ਸੱਜੇ ਹੱਥ ਪੁਰਾਣਾ ਬਜ਼ਾਰ ਆਏਗਾ। ਸਭ ਤੋਂ ਪੁਰਾਣੀਆਂ ਗਲੀਆਂ ਉਸ ਵਿਚੋਂ ਹੀ ਨਿਕਲਦੀਆਂ ਹਨ। ਪਰ ਘਰ ਕਿਵੇਂ ਲੱਭੋਗੇ? ਹਾਂ, ਰੱਲੇ ਸੁਨਿਆਰੇ ਦਾ ਪੁੱਛ ਲੈਣਾ। ਉਸਨੂੰ ਸ਼ੈਤ ਕੁਝ ਪਤਾ ਹੋਵੇ।”

ਏਸ ਜਾਣਕਾਰੀ ਨਾਲ ਲੈਸ ਅਸੀ ਇਸ ਬਜ਼ੁਰਗ ਨੂੰ ਖੁਦਾ ਹਾਫਿਜ਼ ਕਹਿ ਕੇ ਟੁਰ ਪੈਂਦੇ ਹਾਂ ਕਿ ਉਹ ਪਿੱਛੋਂ ਆਵਾਜ਼ ਮਾਰ ਕੇ ਦੱਸਦਾ ਹੈ, “ਚੌੜੀ ਸੜਕ ‘ਤੇ ਹੋਰ ਅੱਗੇ ਜਾ ਕੇ ਹਾਈ ਸਕੂਲ ਜੇ, ਮੁਲਕ ਤਕਸੀਮ ਹੋਣ ਤੋਂ ਪਹਿਲੋਂ ਦਾ। ਓਥੇ ਵੀ ਜਾ ਕੇ ਦੇਖ ਲੈਣਾ।”

ਪੁਰਾਣਾ ਬਜ਼ਾਰ ਜਲੰਧਰ ਦੇ ਪੁਰਾਣੇ ਬਜ਼ਾਰਾਂ ਵਰਗਾ ਹੈ: ਤੰਗ, ਭੀੜ ਭੜੱਕੇ ਵਾਲਾ, ਤੇ ਭਾਂਤ ਭਾਂਤ ਦਾ ਨਿਕ-ਸੁਕ ਵੇਚਦੀਆਂ ਹੱਟੀਆਂ ਨਾਲ ਅੱਟਿਆ ਹੋਇਆ। ਕਿਸੇ ਪਿੰਡ ਦੇ ਹਿਸਾਬ ਨਾਲ ਇਹ ਬਜ਼ਾਰ ਕਾਫੀ ਵੱਡਾ ਵੀ ਹੈ, ਪਰ ਸ਼ਾਇਦ ਜਾਮਕੇ ਚੀਮਾ ਹੁਣ ਪਿੰਡ ਰਿਹਾ ਵੀ ਨਹੀਂ, ਕਸਬਾ

ਬਣ ਚੁੱਕਾ ਹੈ। ਬਜ਼ਾਰ ਵਿਚੋਂ ਆਸੇ ਪਾਸੇ ਨੂੰ ਨਿਕਲ ਰਹੀਆਂ ਕਈ ਗਲ਼ੀਆਂ ਵਿਚ ਵੜ ਵੜ ਕੇ ਅਸੀ ਉਨ੍ਹਾਂ ਵਿਚਲੇ ਰਿਹਾਇਸ਼ੀ ਘਰਾਂ ਨੂੰ ਘੋਖਦੇ ਹਾਂ। ਮੈਨੂੰ ਨਹੀਂ ਜਾਪਦਾ ਇਨ੍ਹਾਂ ਸੌੜੀਆਂ ਗਲ਼ੀਆਂ ਵਿਚ ਉੱਚੀਆਂ ਮਹਿਰਾਬਾਂ, ਖੁਲ੍ਹੇ ਵਿਹੜੇ ਤੇ ਨਿਜੀ ਖੂਹੀ ਵਾਲਾ ਉਹ ਘਰ ਰਿਹਾ ਹੋਵੇਗਾ ਜਿਸਨੂੰ ਤਕਰੀਬਨ ਇਕ ਸਦੀ ਪੁਰਾਣੀ ਤਸਵੀਰ ਦੇ ਆਧਾਰ 'ਤੇ ਮੈਂ ਏਸ ਵੇਲ਼ੇ ਤਲਾਸ਼ ਰਿਹਾ ਹਾਂ। ਪਰ ਅਲੀ ਹਰ ਉਸ ਘਰ ਦੀ ਤਸਵੀਰ ਖਿੱਚਣ ਲੱਗ ਪੈਂਦਾ ਹੈ ਜਿਸਦੀਆਂ ਪਲਸਤਰ ਲੱਥੀਆਂ ਕੰਧਾਂ ਪਿੱਛੋਂ ਪੁਰਾਣੀਆਂ ਨਾਨਕਸ਼ਾਹੀ ਇੱਟਾਂ ਨੰਗੀਆਂ ਹੋ ਰਹੀਆਂ ਹੋਣ, ਜਾਂ ਜਿਸਦੇ ਰੌਸ਼ਨਦਾਨਾਂ ਦੀ ਬਣਤਰ ਇਕ ਖਾਸ ਕਿਸਮ ਦੀ ਹੋਵੇ, ਉਤਲੇ ਪਾਸਿਉਂ ਕਾਰਨਿਸਾਂ ਨਾਲ ਢਕੀ ਹੋਈ।

"ਇੰਝ ਦੇ ਰੌਸ਼ਨਦਾਨ ਸਿੱਖਾਂ ਦੇ ਘਰਾਂ ਦੇ ਹੁੰਦੇ ਸਨ, ਸਾਡੇ ਪਿੰਡ ਵੀ ਉਨ੍ਹਾਂ ਦੇ ਕੁਝ ਘਰ ਬਚੇ ਹੋਏ ਹਨ, ਬਿਲਕੁਲ ਇਹੋ ਜਿਹੇ ਰੌਸ਼ਨਦਾਨਾਂ ਵਾਲੇ।"

ਮੇਰੇ ਨਾਲੋਂ ਵੱਧ ਅਲੀ ਨੂੰ ਯਕੀਨ ਹੈ ਕਿ ਹੋਵੇ ਨ ਹੋਵੇ 'ਮੇਰਾ' ਘਰ ਏਥੇ ਹੀ ਕਿਤੇ ਹੈ। ਉਸਦੇ ਇਸ ਭੋਲ਼ੇ ਜਿਹੇ ਯਕੀਨ ਤੇ ਕਮਲ਼ੇ ਜਿਹੇ ਉਤਸ਼ਾਹ 'ਤੇ ਮੈਨੂੰ ਮੋਹ ਆਂਦਾ ਹੈ। ਪਾਕਿਸਤਾਨ ਵਿਚ ਉਸਦੀ ਪੀੜ੍ਹੀ ਦੇ ਹੋਰ ਵੀ ਕਈ ਨੌਜਵਾਨਾਂ ਨੂੰ ਮੈਂ ਮਿਲਿਆਂ ਹਾਂ ਜਿਹੜੇ ਭਾਰਤੀ ਮਹਿਮਾਨਾਂ ਨੂੰ ਖੁਸ਼ ਦੇਖਣ ਲਈ ਜ਼ਮੀਨ ਅਸਮਾਨ ਇਕ ਕਰਨ ਲਈ ਤਿਆਰ ਹੋ ਜਾਂਦੇ ਹਨ। ਇਹੋ ਜਿਹੀ ਸੁਹਿਰਦਤਾ ਮੇਰੇ ਦਿਲ ਨੂੰ ਦੋਹਾਂ ਦੇਸਾਂ ਦੇ ਰਿਸ਼ਤਿਆਂ ਵਿਚਕਾਰ ਕਿਸੇ ਚੰਗੇਰੇ ਭਵਿੱਖ ਦੀ ਆਸ ਬੰਨ੍ਹਾਉਂਦੀ ਹੈ, ਸਾਡੇ ਦੇਸ ਵਿਚ ਅੱਜਕਲ ਵਗਦੀਆਂ ਤੇ ਵਗਾਈਆਂ ਜਾ ਰਹੀਆਂ ਜ਼ਹਿਰੀ ਪਉਣਾਂ ਦੇ ਬਾਵਜੂਦ। ਅਲੀ ਅਜੇ ਕੁਝ ਹੋਰ ਗਲ਼ੀਆਂ ਗਾਹੁਣ ਨੂੰ ਤਿਆਰ ਹੈ ਪਰ ਮੈਨੂੰ ਇਹ ਭਾਲ਼ ਕਿਸੇ ਸਿਰੇ ਲੱਗਣ ਵਾਲੀ ਨਹੀਂ ਜਾਪਦੀ। ਮੇਰੇ ਲਈ ਏਨਾ ਹੀ ਬਹੁਤ ਹੈ ਕਿ ਕਦੇ ਮਾਲਣੀ ਤੇ ਉਸਦੀ ਸਹੇਲੀ, ਮੇਰੀ ਦੂਜੀ ਪੜਨਾਨੀ, ਇਨ੍ਹਾਂ ਗਲ਼ੀਆਂ ਵਿਚੋਂ ਲੰਘੀਆਂ ਹੋਣਗੀਆਂ, ਇਨ੍ਹਾਂ ਹੀ ਬਜ਼ਾਰਾਂ ਵਿਚ ਉਨ੍ਹਾਂ ਕਦੇ ਵੰਗਾਂ ਖਰੀਦੀਆਂ ਹੋਣਗੀਆਂ, ਆਪਣੇ ਜਾਂ ਆਪਣੇ ਬਾਲਾਂ ਦੇ ਕਪੜਿਆਂ ਲਈ ਥਾਨ ਪੜਵਾਏ ਹੋਣਗੇ...

"ਚੱਲ ਅਲੀ, ਹਾਈ ਸਕੂਲ ਜਾ ਕੇ ਵੇਖਨੇ ਆਂ, ਏਨਾ ਪੁਰਾਣਾ ਸਕੂਲ ਏ, ਮੇਰਾ ਕੋਈ ਨਾ ਕੋਈ ਪੁਰਖਾ ਜ਼ਰੂਰ ਓਥੇ ਪੜ੍ਹਨ ਜਾਂਦਾ ਰਿਹਾ ਹੋਵੇਗਾ।" ਆਸ ਦੀ ਕੋਈ ਨਿੰਮ੍ਹੀ ਜਿਹੀ ਤੰਦ ਮੈਂ ਵੀ ਫੜੀ ਹੋਈ ਹੈ।

ਚੌੜੀ ਸੜਕ 'ਤੇ ਅਸੀਂ ਤਕਰੀਬਨ ਦੋ ਫ਼ਰਲਾਂਗ ਟੁਰ ਲਿਆ ਹੋਣਾ ਹੈ ਕਿ ਖੱਬੇ ਹੱਥ ਸਕੂਲ ਦੀਆਂ ਉੱਚੀਆਂ ਕੰਧਾਂ ਦਿਸਦੀਆਂ ਹਨ ਜਿਨ੍ਹਾਂ ਉੱਤੇ ਅੰਗਰੇਜ਼ੀ ਵਿਚ ਵੱਡੇ ਅੱਖਰਾਂ ਵਿਚ ਦਰਜ ਹੈ: ਸਰਕਾਰੀ ਹਾਈ ਸਕੂਲ, ਜਾਮਕੇ ਚੀਮਾ, ਤਹਿਸੀਲ ਡਸਕਾ। ਜਿੰਨੀਆਂ ਉੱਚੀਆਂ ਸਕੂਲ ਦੀਆਂ ਕੰਧਾਂ ਹਨ, ਓਨਾ ਹੀ ਉੱਚਾ ਸਕੂਲ ਦਾ ਤਕੜਾ ਲੋਹ-ਗੇਟ ਵੀ ਹੈ, ਜਿਸਦੇ ਬਾਹਰ ਚੌਕੀਦਾਰ ਤੈਨਾਤ ਹੈ। ਬਾਹਰਲਿਆਂ ਲਈ ਬੇਮਤਲਬ ਸਕੂਲ ਅੰਦਰ ਜਾਣ ਦੀ ਮਨਾਹੀ ਹੈ, ਪਰ ਅਲੀ ਦਾ "ਇਹ ਭਾਰਤ ਤੋਂ ਆਏ ਮਹਿਮਾਨ ਹਨ" ਕਹਿਣਾ 'ਖੁਲ੍ਹ ਜਾ ਸਿਮਸਿਮ' ਵਰਗਾ ਕੰਮ ਕਰਦਾ ਹੈ। ਪਾਕਿਸਤਾਨ ਵਿਚ, ਖਾਸ ਕਰ ਛੋਟੀਆਂ ਥਾਂਵਾਂ 'ਤੇ ਇਹ ਛੋਟਾ ਜਿਹਾ ਫਿਕਰਾ ਹਮੇਸ਼ਾ ਕਿਸੇ ਜਾਦੂ ਦੀ ਚਾਬੀ ਵਾਂਗ ਕੰਮ ਕਰਦਾ ਹੈ, ਜਿਸ ਨਾਲ ਸਾਰੇ ਬੰਦ ਤਾਲੇ ਖੁਲ੍ਹਣ ਲੱਗ ਪੈਂਦੇ ਹਨ, ਭਾਵੇਂ ਕਿੰਨੇ ਵੀ ਪੱਕੇ ਜਾਂ ਫੇਰ ਜੰਗਾਲੇ ਹੋਏ ਕਿਉਂ ਨਾ ਹੋਣ। ਸਕੂਲ ਦੇ ਹੈਡਮਾਸਟਰ ਸਾਹਬ ਏਸੇ ਵੇਲ਼ੇ ਕਿਸੇ ਕੰਮ ਬਾਹਰ ਗਏ ਹੋਏ ਹਨ, ਪਰ ਸਾਨੂੰ ਬੜੇ ਇਹਤਰਾਮ ਨਾਲ ਉਨ੍ਹਾਂ ਦੇ ਕਮਰੇ ਵਿਚ ਬਿਠਾ ਕੇ ਉਡੀਕਣ ਲਈ ਕਿਹਾ ਜਾਂਦਾ ਹੈ। ਕੁਝ ਹੀ ਪਲਾਂ ਵਿਚ ਆਪਣੀ ਜਮਾਤ ਨੂੰ ਵਿਚੇ ਛੱਡ ਸਹਾਇਕ ਹੈਡਮਾਸਟਰ ਮੁਹੰਮਦ ਅਰਸ਼ਦ ਔਲਖ ਆ ਜਾਂਦੇ ਹਨ, ਨਾਲ ਦਫ਼ਤਰੀ ਮੁਹੰਮਦ ਜਮੀਲ ਸਾਹਬ ਵੀ ਹਨ। ਸਬੱਬ ਨਾਲ ਦੋਵੇਂ ਸੱਜਣ ਪੈਦਾਇਸ਼ੀ ਜਾਮਕੀਏ ਹਨ, ਪਰ ਉਮਰ ਵਿਚ ਮੇਰੇ ਨਾਲੋਂ ਵੀ ਦਸ ਬਾਰਾਂ ਸਾਲ ਛੋਟੇ। ਮੇਰੇ ਜਾਮਕੇ ਚੀਮਾ ਆਣ ਦੇ ਕਾਰਨ ਨੂੰ ਜਾਣ ਕੇ ਮੁਹੰਮਦ ਜਮੀਲ ਕਹਿੰਦੇ ਹਨ, "ਤੁਸੀਂ ਦਸ

ਪੰਦਰਾਂ ਵਰ੍ਹੇ ਪਹਿਲਾਂ ਆਂਦੇ ਤਾਂ ਸਾਰੀ ਮਾਅਲੂਮਾਤ ਹੋ ਜਾਣੀ ਸੀ, ਸਾਡੇ ਅੱਬਾ ਜੀ ਓਦੋਂ ਤਕ ਹਯਾਤ ਸਨ, ਤੇ ਪੁਰਾਣੇ ਵੇਲ਼ੇ ਉਨ੍ਹਾਂ ਨੂੰ ਬਾਖ਼ੂਬੀ ਯਾਦ ਸਨ।" ਮੈਂ ਆਪਣੇ ਫੋਨ ਵਿਚ ਪਈ ਜੱਦੀ ਘਰ ਦੀ ਤਸਵੀਰ ਕੱਢ ਕੇ ਵਿਖਾਂਦਾ ਹਾਂ, ਸ਼ਾਇਦ ਏਸ ਥਾਂ ਦੇ ਅਤੇ-ਪਤੇ ਬਾਰੇ ਉਨ੍ਹਾਂ ਕੋਲ਼ ਕੋਈ ਜਾਣਕਾਰੀ ਹੋਵੇ। ਦੋਵੇਂ ਜਣੇ, ਜਮਾਂਦਰੂ ਜਾਮਕੀਏ, ਏਸ ਤਸਵੀਰ ਨੂੰ ਦੇਖਦਿਆਂ ਆਪੋ ਆਪਣੇ ਚੇਤੇ ਨੂੰ ਹੰਗਾਲ਼ ਕੇ ਕੁਝ ਕਿਆਸ ਆਰਾਈਆਂ ਕਰਦੇ ਹਨ, ਪਰ ਮੇਰਾ ਮਨ ਆਸ-ਭਰਿਆ ਹੋਣ ਦੇ ਬਾਵਜੂਦ ਏਸ ਸੋਝੀ ਤੋਂ ਵਿਰਵਾ ਨਹੀਂ ਕਿ 75 ਵਰ੍ਹਿਆਂ ਬਾਅਦ ਉਸ ਘਰ ਦੇ ਸਾਲਮ-ਸਾਬਤ ਲੱਭ ਜਾਣ ਦੀ ਸੰਭਾਵਨਾ ਤਕਰੀਬਨ ਨਾਂਹ ਬਰਾਬਰ ਹੈ। ਅਚਾਨਕ ਇਕ ਜਣਾ ਆਖਦਾ ਹੈ, "ਰਾਏ ਅਬਦੁਲ ਹਮੀਦ ਚੋਪੜਾ ਨੂੰ ਸੱਦੋ", ਤੇ ਦੂਜਾ ਫੌਰਨ ਆਪਣਾ ਮੋਬਾਈਲ ਕੱਢ ਕੇ ਰਾਬਤਾ ਕਰਦਾ ਹੈ, "ਕਿੱਥੇ ਓ ਰਾਏ ਸਾਹਬ, ਛੇਤੀ ਨਾਲ ਸਕੂਲ ਆ ਜਾਓ, ਜਲੰਧਰ ਤੋਂ ਇਕ ਮਹਿਮਾਨ ਆਏ ਹਨ।"

ਮੇਰਾ ਧਿਆਨ ਸਿਰਫ਼ ਏਸ ਗੱਲ ਵੱਲ ਜਾਂਦਾ ਹੈ ਕਿ ਚੀਮੇ-ਬਾਜਵੇ ਤਾਂ ਬਥੇਰੇ ਸੁਣੇ-ਮਿਲੇ ਹਨ ਪਾਕਿਸਤਾਨ ਵਿਚ, ਖੱਤਰੀਆਂ ਦੀ ਇਹ ਗੋਤ ਮੁਸਲਮਾਨਾਂ ਵਿਚ ਪਹਿਲੀ ਵਾਰ ਸੁਣੀ ਹੈ। ਜਿੰਨੇ ਨੂੰ ਚੋਪੜਾ ਸਾਹਬ ਆਂਦੇ ਹਨ, ਚਾਹ ਤੇ ਬਿਸਕੁਟਾਂ ਦੇ ਨਾਲ ਨਾਲ ਮੁਹੰਮਦ ਜਮੀਲ ਮੈਨੂੰ ਇਸ ਸਕੂਲ ਦਾ ਇਤਿਹਾਸ ਵੀ ਦੱਸ ਰਹੇ ਹਨ, "ਇਹ ਸਾਡੇ ਇਲਾਕੇ ਦੇ ਸਭ ਤੋਂ ਪੁਰਾਣੇ ਸਕੂਲਾਂ ਵਿਚੋਂ ਹੈ। 1856 ਵਿਚ ਇਸਨੂੰ ਫਾਰਸੀ ਮਦਰਸੇ ਵਜੋਂ ਸ਼ੁਰੂ ਕੀਤਾ ਗਿਆ ਸੀ, ਤੇ 1901 ਵਿਚ ਇਸਨੂੰ ਮਿਡਲ ਸਕੂਲ ਬਣਾ ਦਿੱਤਾ ਗਿਆ। ਫੇਰ 1931 ਤੋਂ ਇਹ ਹਾਈ ਸਕੂਲ ਵਿਚ ਤਬਦੀਲ ਹੋ ਗਿਆ।" ਚਾਹ ਪੀ ਕੇ ਅਸੀਂ ਸਕੂਲ ਦੇਖਣ ਕਮਰੇ ਤੋਂ ਬਾਹਰ ਆ ਜਾਂਦੇ ਹਾਂ ਜੋ ਦਰਅਸਲ ਕਈ ਇਕ ਮੰਜ਼ਲੀਆ ਇਮਾਰਤਾਂ ਦਾ ਸਮੂਹ ਹੈ, ਜਿਨ੍ਹਾਂ ਦੇ ਵਿਚਕਾਰ ਪਾੜ੍ਹਿਆਂ ਦੇ ਫਿਰਨ-ਖੇਡਣ ਲਈ ਖਾਲੀ ਥਾਂਵਾਂ ਛੱਡੀਆਂ ਹੋਈਆਂ ਹਨ। ਇਹਨਾਂ ਸਾਰੀਆਂ ਇਮਾਰਤਾਂ ਨੂੰ ਓਸੇ ਤਰਜ਼ ਦੇ ਮਹਿਰਾਬਦਾਰ ਬਰਾਂਡਿਆਂ ਨੇ ਵਲ਼ਿਆ ਹੋਇਆ ਹੈ, ਜਿਹੋ ਜਿਹਾ ਮੇਰੇ ਕੋਲ਼ ਪਈ ਤਸਵੀਰ ਵਿਚ ਵੀ ਦਿਸਦਾ ਹੈ। 'ਕਿਤੇ ਇਹ ਉਹੋ ਹਵੇਲੀ ਤੇ ਨਹੀਂ!', ਮੇਰਾ ਤਾਂਘਦਾ ਦਿਲ ਕਿਸੇ ਭਰਮ ਵਿਚ ਝੂਲਦਾ ਹੈ, ਪਰ ਦਲੀਲੀ ਮਨ ਉਸ ਆਸ ਨੂੰ ਝੱਟ ਵਗਾਹ ਮਾਰਦਾ ਹੈ, 'ਇਹ ਸਕੂਲ ਤਾਂ ਸ਼ਾਇਦ ਓਸ ਹਵੇਲੀ ਤੋਂ ਵੀ ਪਹਿਲਾਂ ਦਾ ਬਣਿਆ ਹੋਇਆ ਹੈ।' ਤਾਂ ਵੀ ਮੇਰੀ ਲੋਚ ਖਿਆਲਾਂ ਦੀਆਂ ਪੀਂਘਾਂ 'ਤੇ ਹੁਲਾਰੇ ਲੈਣਾ ਨਹੀਂ ਤਜਦੀ, 'ਕੀ ਪਤਾ, ਦਾਰ ਜੀ, ਜਾਂ ਫੇਰ ਮੇਰੇ ਪੜਨਾਨਿਆਂ ਵਿਚੋਂ ਕੋਈ ਏਸ ਸਕੂਲ ਵਿਚ ਪੜ੍ਹਦੇ ਰਹੇ ਹੋਣ, ਇਨ੍ਹਾਂ ਗਰਾਊਂਡਾਂ ਵਿਚ ਭੱਜਦੇ ਰਹੇ ਹੋਣ...'

ਏਨੇ ਨੂੰ ਰਾਏ ਅਬਦੁਲ ਹਮੀਦ ਚੋਪੜਾ ਵੀ ਆ ਜਾਂਦੇ ਹਨ। ਮੁਹੰਮਦ ਜਮੀਲ ਤੇ ਮੁਹੰਮਦ ਅਰਸ਼ਦ ਦੇ ਸਫਾਚਟ ਮੁੰਨੇ ਚਿਹਰਿਆਂ ਤੋਂ ਉਲਟ ਉਨ੍ਹਾਂ ਦੀ ਰਵਾਇਤੀ ਢੰਗ ਨਾਲ ਤਰਾਸ਼ੀ ਚਿੱਟੀ ਦਾੜ੍ਹੀ ਹੈ, ਪਰ ਬੁਲ੍ਹੀਆਂ ਦਾ ਉਤਲਾ ਹਿੱਸਾ ਪੂਰਾ ਮੁੰਨਿਆ ਹੋਇਆ।"ਤੁਸੀਂ ਆਏ ਹੋ ਇੰਡੀਆ ਤੋਂ?" ਉਹ ਪੁੱਛਦੇ ਹਨ, ਪਰ ਮੇਰਾ ਜਵਾਬ ਉਡੀਕੇ ਬਿਨਾਂ ਮੈਨੂੰ ਧਾਹ ਗਲਵੱਕੜੀ ਪਾ ਲੈਂਦੇ ਹਨ, ਤੇ ਫੇਰ ਇਕ ਨਹੀਂ, ਤਿੰਨ ਤਿੰਨ ਵਾਰ ਗਲ਼ੇ ਲਾਂਦੇ ਹਨ। ਜਿਵੇਂ ਚਿਰ ਵਿਛੁੰਨੇ ਭਰਾ ਮਿਲ ਰਹੇ ਹੋਣ। ਹਮੇਸ਼ਾ ਤੋਂ ਮੇਰਾ ਸੁਭਾਅ ਅਜਨਬੀਆਂ ਨਾਲ ਮਿਲਣ ਸਮੇਂ ਕੁਝ ਸੰਕੋਚੀ ਜਿਹਾ ਰਿਹਾ ਹੈ ਤੇ ਰਾਏ ਸਾਹਬ ਦੀ ਇਹ ਅਣਕਿਆਸੀ ਨਿੱਘੀ ਅਪਣੱਤ ਮੈਨੂੰ ਰਤਾ ਚੌਂਕਾ ਜਾਂਦੀ ਹੈ।

"ਜਲੰਧਰ ਤੋਂ ਆਏ ਓ ਤੁਸੀਂ? ਕਿੱਥੇ ਰਹਿੰਦੇ ਓ ਓਥੇ? ਜਲੰਧਰ ਦਾ ਹੀ ਜਨਮ ਹੈ ਤੁਹਾਡਾ?" ਰਾਏ ਸਾਹਬ ਤਾਬੜਤੋੜ ਸਵਾਲਾਂ ਦੀ ਝੜੀ ਲਾ ਦੇਂਦੇ ਹਨ, ਮੇਰਾ ਹੱਥ ਨਹੀਂ ਛੱਡਦੇ ਤੇ ਮੈਂ ਸੋਚਣ ਲੱਗ ਪੈਂਦਾ ਹਾਂ ਉਨ੍ਹਾਂ ਦੇ ਪੁਰਖੇ ਸ਼ਾਇਦ ਜਲੰਧਰ ਜਾਂ ਓਥੋਂ ਦੇ ਕਿਸੇ ਪਿੰਡ ਤੋਂ ਉੱਜੜ ਕੇ ਆਏ ਹੋਣਗੇ। ਪਾਕਿਸਤਾਨ ਫੇਰੀਆਂ ਦੌਰਾਨ ਮੈਂ ਕਈ ਵੇਰ ਉਨ੍ਹਾਂ ਲੋਕਾਂ ਨੂੰ ਮਿਲਿਆ ਹਾਂ ਜੋ ਸਿਰਫ਼ ਇਹ ਸੁਣ ਕੇ ਮੈਨੂੰ ਘਰ ਆਣ ਦੀ ਦਾਅਵਤ ਦੇ ਦੇਂਦੇ ਹਨ, ਕਿਉਂਕਿ ਮੈਂ ਉਸ ਸ਼ਹਿਰ ਤੋਂ ਹਾਂ ਜਿੱਥੋਂ

ਕਦੇ ਉਨ੍ਹਾਂ ਦੇ ਵਡਿਕੇ ਹਿਜਰਤ ਕਰਨ 'ਤੇ ਮਜਬੂਰ ਹੋਏ ਸਨ। ਸ਼ਾਇਦ ਏਸੇ ਲਈ ਉਨ੍ਹਾਂ ਨੂੰ ਮੈਨੂੰ ਮਿਲਾਣ ਲਈ ਉਚੇਚਾ ਸੱਦ ਲਿਆ ਗਿਆ ਹੈ, ਤੇ ਉਹ ਝੱਟਪੱਟ, ਖੜ੍ਹੇ ਪੈਰੀਂ ਆ ਗਏ ਹਨ। ਆਖ਼ਰ ਜਾਮਕੇ ਚੀਮਾ ਕੋਈ ਲਾਹੌਰ ਤਾਂ ਹੈ ਨਹੀਂ; ਏਥੇ ਜਲੰਧਰ ਤੋਂ ਤਾਂ ਛੱਡੋ, ਕਿਸੇ ਵੀ ਹੋਰ ਭਾਰਤੀ ਸ਼ਹਿਰ ਦਾ ਕੋਈ ਬਾਸ਼ਿੰਦਾ ਸ਼ਾਇਦ ਹੀ ਕਦੇ ਪਹੁੰਚਦਾ ਹੋਵੇ।

ਪਰ ਨਹੀਂ, ਰਾਏ ਅਬਦੁਲ ਹਮੀਦ ਚੋਪੜਾ ਸਾਹਬ ਬਾਕੀ ਦੋ ਸੱਜਣਾਂ ਵਾਂਗ ਹੀ ਪੈਦਾਇਸ਼ੀ ਜਾਮਕੀਏ ਹਨ, ਪੁਸ਼ਤ ਦਰ ਪੁਸ਼ਤ ਉਨ੍ਹਾਂ ਦੇ ਪੁਰਖੇ ਏਸੇ ਧਰਤ 'ਤੇ ਜਨਮ ਲੈਂਦੇ ਆਏ ਹਨ। ਉਹ ਏਥੇ ਬੈਠਿਆਂ ਸਾਰੇ ਜਾਮਕੀਆਂ ਵਿਚੋਂ ਸਭ ਤੋਂ ਵੱਡੇ ਹਨ। ਮੇਰੀ ਲਿਆਂਦੀ ਤਸਵੀਰ ਉਨ੍ਹਾਂ ਨੂੰ ਦਿਖਾਈ ਜਾਂਦੀ ਹੈ, ਮੈਂ ਆਪਣੇ ਪੜਨਾਨੇ ਦਾ ਨਾਂਅ ਉਨ੍ਹਾਂ ਨੂੰ ਦੱਸਦਾ ਹਾਂ। ਸੁਲਤਾਨ ਸਿੰਘ ਆਹਲੂਵਾਲੀਆ ਦਾ ਨਾਂਅ ਉਨ੍ਹਾਂ ਲਈ ਓਪਰਾ ਹੈ, ਉਨ੍ਹਾਂ ਦਾ ਆਪਣਾ ਜਨਮ ਵੰਡ ਤੋਂ ਕੁਝ ਸਾਲ ਬਾਅਦ ਦਾ ਹੈ, ਪਰ ਘਰ ਨੂੰ ਉਹ ਪਛਾਣ ਲੈਂਦੇ ਹਨ। ਕੋਲ਼ ਬੈਠਿਆਂ ਨੂੰ ਦੱਸਦੇ ਹਨ ਕਿ ਇਹ ਉਹ ਘਰ ਹੈ ਜਿਹੜਾ ਫਲਾਣੇ ਦਾ ਹੁੰਦਾ ਸੀ ਤੇ ਫੇਰ ਜਦੋਂ ਵਿਕਿਆ ਇਸਨੂੰ ਢਾਹ ਕੇ ਫਲਾਣੇ ਫਲਾਣੇ ਨੇ ਓਥੇ ਆਪੋ ਆਪਣੇ ਘਰ ਬਣਾ ਲਏ। ਤੇ ਮੇਰੇ ਬਿਨਾਂ ਦੱਸਿਆਂ ਹੀ ਕਹਿੰਦੇ ਹਨ, "ਏਸ ਘਰ ਦੇ ਵਿਹੜੇ ਵਿਚ ਖੂਹ ਹੁੰਦਾ ਸੀ, ਤੇ ਵੱਡਾ ਸਾਰਾ ਜਾਮਨੂੰਆਂ ਦਾ ਰੁਖ ਵੀ, ਪਰ ਹੁਣ ਓਥੇ ਨਿੱਕੇ ਨਿੱਕੇ ਕਈ ਘਰ ਹਨ।" ਪਤਾ ਨਹੀਂ ਕਿਉਂ ਇਹ ਗੱਲ ਸੁਣ ਕੇ ਮੇਰੇ ਅੰਦਰ ਦੋ ਵਿਪਰੀਤ ਖਿਆਲ ਉਭਰਦੇ ਹਨ; ਕਿ ਉਹ ਘਰ ਮੈਂ ਦੇਖ ਲਿਆ ਹੈ, ਤੇ ਉਸ ਦੀ ਥਾਂ ਬਣੇ ਨਿੱਕੇ ਨਿੱਕੇ ਘਰ ਮੈਂ ਦੇਖਣਾ ਨਹੀਂ ਚਾਹਵਾਂਗਾ। ਸ਼ਾਇਦ ਮੈਂ ਆਪਣੇ ਤਸੱਵਰ ਵਿਚ ਹਮੇਸ਼ਾ ਲਈ ਉਸ ਮੋਕਲ਼ੇ ਵਿਹੜੇ ਵਾਲੇ ਘਰ ਦੀ ਤਸਵੀਰ ਸਾਂਭ ਕੇ ਰੱਖਣਾ ਚਾਹੁੰਦਾ ਹਾਂ, ਹੁਣ ਟੋਟਿਆਂ ਵਿਚ ਵੰਡੀ ਜਾ ਚੁੱਕੀ ਉਸ ਭੋਇੰ ਨੂੰ ਦੇਖ ਕੇ ਮੈਂ ਕੀ ਲੈਣਾ!

ਤੇ ਫੇਰ ਆਪਣੇ ਹੱਥਾਂ ਵਿਚ ਮੇਰੇ ਹੱਥ ਨੂੰ ਲਈ ਰਾਏ ਅਬਦੁਲ ਹਮੀਦ ਚੋਪੜਾ ਆਪਣੀ ਕਹਾਣੀ ਸੁਣਾਉਂਦੇ ਹਨ; ਜਲੰਧਰ ਨਾਲ ਆਪਣੇ ਰਿਸ਼ਤੇ ਨੂੰ ਸਮਝਾਉਣ ਲਈ। ਉਨ੍ਹਾਂ ਦਾ ਪਰਿਵਾਰ ਹਿੰਦੂ ਚੋਪੜਿਆਂ ਦਾ ਪਰਿਵਾਰ ਸੀ, ਪਿੰਡ ਵਿਚ ਚੋਖੀ ਜ਼ਮੀਨ ਦਾ ਮਾਲਕ। ਜਦੋਂ ਮੁਲਕ ਤਕਸੀਮ ਹੋਇਆ, ਪਰਿਵਾਰ ਵੀ ਤਕਸੀਮ ਹੋ ਗਿਆ। ਸਾਰਾ ਪਰਿਵਾਰ ਓਧਰ ਚਲਾ ਗਿਆ, ਪਰ ਰਾਏ ਸਾਹਬ ਦੇ ਵਾਲਿਦ ਏਧਰ ਹੀ ਰਹਿ ਗਏ ਤਾਂ ਜੋ ਘਰ ਦਾ ਇਕ ਪੁੱਤਰ ਜੱਦੀ ਭੋਂ ਦੀ ਮਾਲਕੀ ਤੇ ਪਹਿਰਾ ਦੇਂਦਾ ਰਵ੍ਹੇ। ਪਰ ਜਦੋਂ ਵੰਡ ਦੀ ਹਨੇਰੀ ਠਲ੍ਹਣ ਦੀ ਥਾਂ ਅੱਗ ਦੇ ਭਾਂਬੜਾਂ ਵਿਚ ਤਬਦੀਲ ਹੋਣ ਲੱਗੀ, ਰਾਏ ਸਾਹਬ ਦੇ ਪਿਤਾ ਕੋਲ਼ ਹੋਰ ਕੋਈ ਚਾਰਾ ਨਾ ਰਿਹਾ, ਹਿੰਦੂ ਚੋਪੜਿਆਂ ਦਾ ਫ਼ਰਜ਼ੰਦ ਹੁਣ ਰਾਏ ਅਬਦੁਲ ਲਤੀਫ਼ ਹੋ ਗਿਆ, ਪਰ ਆਪਣੇ ਨਾਂ ਨਾਲ ਚੋਪੜਾ ਲਾਣਾ ਨਾ ਛੱਡਿਆ। ਤੇ ਹਸਨਾਂ ਤੇ ਹੁਸੈਨਾਂ ਵਾਲੇ ਇਸ ਕਸਬੇ ਵਿਚ ਅੱਜ ਵੀ ਇਕ ਚੋਪੜਾ ਰਹਿੰਦਾ ਹੈ: ਰਾਏ ਅਬਦੁਲ ਹਮੀਦ ਚੋਪੜਾ ਜਿਹੜਾ ਮੇਰੇ ਹੱਥਾਂ ਵਿਚੋਂ ਕੋਈ ਨਿੱਘ ਭਾਲ਼ਦਾ ਮੈਨੂੰ ਦੱਸ ਰਿਹਾ ਹੈ: "ਮੇਰੇ ਤਾਇਆ ਅੱਬੂ ਜਲੰਧਰ ਜਾ ਵੱਸੇ ਸਨ, ਡਾਕਟਰ ਹਰਬੰਸ ਲਾਲ ਚੋਪੜਾ। ਫਗਵਾੜਾ ਗੇਟ, ਪੱਕੇ ਬਾਗ਼ ਵਿਚ ਰਹਿੰਦੇ ਸਨ। ਜਲੰਧਰ ਦੇ ਮਸ਼ਹੂਰ ਡਾਕਟਰ ਸਨ। ਤੁਸੀਂ ਉਨ੍ਹਾਂ ਦਾ ਨਾਂਅ ਸੁਣਿਆ ਹੋਵੇਗਾ।" ਇਹ ਨਾਂਅ ਮੈਂ ਸੱਚਮੁੱਚ ਸੁਣਿਆ ਹੋਇਆ ਹੈ, ਉਨ੍ਹਾਂ ਵੇਲ਼ਿਆਂ ਤੋਂ ਜਦੋਂ ਜਲੰਧਰ ਅਜੇ ਛੋਟਾ ਜਿਹਾ ਸ਼ਹਿਰ ਹੁੰਦਾ ਸੀ। ਮੈਂ ਇਹ ਗੱਲ ਰਾਏ ਸਾਹਬ ਨੂੰ ਦੱਸਦਾ ਹਾਂ, ਉਹ ਮੇਰਾ ਹੱਥ ਹੋਰ ਘੁੱਟ ਕੇ ਫੜ ਲੈਂਦੇ ਹਨ।

"ਤੁਸੀਂ ਹਿੰਦੁਸਤਾਨ ਗਏ ਹੋ ਕਦੇ?" ਮੈਂ ਪੁੱਛਦਾ ਹਾਂ।

"1981 ਤਕ ਜਾਂਦੇ ਰਹੇ, ਫੇਰ ਹੌਲ਼ੀ ਹੌਲ਼ੀ ਸਾਰੇ ਬਜ਼ੁਰਗ ਟੁਰ ਗਏ, ਤੇ ਨਾਲੇ ਮੇਰੇ ਭਾਈ ਬੰਦ ਸਾਰੇ ਓਥੇ ਸਰਕਾਰੀ ਨੌਕਰੀਆਂ 'ਤੇ ਹਨ...", ਰਾਏ ਸਾਹਬ ਆਪਣਾ ਫਿਕਰਾ ਪੂਰਾ ਨਹੀਂ ਕਰਦੇ, ਪਰ ਮੈਂ ਸਮਝ ਜਾਂਦਾ ਹਾਂ। ਇਕ ਦੂਜੇ ਨੂੰ ਵੈਰੀ ਸਮਝਣ ਵਾਲੀਆਂ ਸਰਕਾਰਾਂ ਦੇ ਸ਼ਹਿਰੀਆਂ 'ਤੇ ਵੀ

ਅਜੀਬੋ-ਗ਼ਰੀਬ ਪਾਬੰਦੀਆਂ ਹਨ, ਬੇਲੋੜੇ ਸ਼ੱਕਾਂ ਦੇ ਘੇਰਿਆਂ ਵਿਚ ਫਾਥੇ ਹੋਏ ਲੋਕ ਹਨ। ਸਹਿਕ ਤੇ ਸਿੱਕ ਉੱਤੇ ਵੇਲ਼ੇ ਦੀ ਸਿਆਸਤ ਦੇ ਪਹਿਰੇ ਹਨ। ਹੁਣ ਮੈਂ ਆਪਮੁਹਾਰੇ ਉਨ੍ਹਾਂ ਦਾ ਹੱਥ ਸਹਿਲਾਉਣ ਲੱਗ ਪਿਆ ਹਾਂ।

ਰਾਏ ਸਾਹਬ ਆਪਣੇ ਘਰ ਲਿਜਾਣਾ ਚਾਹੁੰਦੇ ਹਨ, ਪਰ ਸਮਾਂ ਬਹੁਤ ਹੋ ਗਿਆ ਹੈ ਤੇ ਅਸੀਂ ਅਗਲੇ ਮੁਕਾਮ 'ਤੇ ਪਹੁੰਚਣਾ ਹੈ। ਇਸਲਈ ਅਸੀਂ ਮਾਫੀ ਮੰਗਦਿਆਂ ਉਨ੍ਹਾਂ ਕੋਲ਼ੋਂ ਜਾਣ ਦੀ ਇਜਾਜ਼ਤ ਲੈਂਦੇ ਹਾਂ। ਸਕੂਲ ਵਿਚ ਮਿਲੇ ਦੋਵੇਂ ਮੁਹੰਮਦ ਤੇ ਰਾਏ ਸਾਹਬ ਸਾਨੂੰ ਸਾਡੀ ਕਾਰ ਤਕ ਛੱਡਣ ਆਂਦੇ ਹਨ। ਤੁਰਨ ਤੋਂ ਪਹਿਲਾਂ ਮੈਨੂੰ ਵਿਦਾਇਗੀ ਕਲਾਵਿਆਂ ਵਿਚ ਲਿਆ ਜਾਂਦਾ ਹੈ, ਜਿਹੜੇ ਮੁੜ ਕਦੇ ਮੇਲੇ ਹੋਣ ਦੀ ਆਸ ਤੋਂ ਸੱਖਣੇ ਹਨ। ਅਸੀਂ ਕਾਰ ਵਿਚ ਬਹਿ ਜਾਂਦੇ ਹਾਂ, ਬੰਦ ਸ਼ੀਸ਼ਿਆਂ ਪਾਰੋਂ ਰੁਖ਼ਸਤੀ ਦੇ ਹੱਥ ਹਿਲਾਉਂਦੇ ਹਾਂ ਕਿ ਕਾਰ ਦੇ ਅਗਲੇ ਬੂਹੇ ਦੀ ਤਾਕੀ ਖੋਲ੍ਹ ਕੇ ਰਾਏ ਸਾਹਬ ਅੰਦਰ ਆ ਜਾਂਦੇ ਹਨ, "ਬਸ ਇਕ ਆਖਰੀ ਕੰਮ ਰਹਿ ਗਿਆ, ਇਹ ਵੀ ਬੜਾ ਜ਼ਰੂਰੀ ਏ।" ਉਹ ਆਪਣਾ ਬਟੂਆ ਖੋਲ੍ਹ ਕੇ 500 ਦਾ ਨੋਟ ਡਰਾਈਵਰ ਰਾਜੀਲ ਦੇ ਹੱਥ, ਤੇ 1000 ਦਾ ਨੋਟ ਮੇਰੇ ਨਾਲ ਬੈਠੇ ਅਲੀ ਵੱਲ ਵਧਾਂਦੇ ਹਨ। ਰਾਜੀਲ ਮੇਰੇ ਵੱਲ ਦੇਖਦਾ ਹੈ, "ਸਰ...?" ਤੇ ਅਲੀ ਜਿਵੇਂ ਸਕਤੇ ਵਿਚ ਹੋਵੇ, ਕਿ ਇਹ ਕਿਸ ਗੱਲ ਦੇ!

"ਨਾਂਹ ਨਹੀਂ ਕਰਨੀ ਤੁਸੀਂ", ਰਾਏ ਸਾਹਬ ਦੋਹਾਂ ਵੱਲ ਮੁਖਾਤਬ ਹਨ, "ਤੁਸੀਂ ਮੇਰੇ ਭਰਾ ਨੂੰ ਮੇਰੇ ਨਾਲ ਮਿਲਾਉਣ ਦਾ ਮੂਜਬ ਬਣੇ ਹੋ। ਇਹ ਸ਼ੁਕਰਾਨਾ ਜੇ ਮੇਰਾ, ਨਾਂਹ ਨਹੀਂ ਕਰ ਸਕਦੇ ਤੁਸੀਂ।"

ਦੋਵੇਂ ਜਣੇ ਮੇਰੇ ਵੱਲ ਤੱਕੀ ਜਾ ਰਹੇ, ਪਰ ਨੋਟ ਨਹੀਂ ਫੜ ਰਹੇ।

"ਲੈ ਲਓ, ਮੋੜੋ ਨਾ...", ਮੇਰੇ ਮੂੰਹੋਂ ਸਿਰਫ਼ ਏਨਾ ਹੀ ਨਿਕਲਦਾ ਹੈ। 000

*(sukirat.anand@gmail.com)*

# ਅਮਨਪਾਲ ਸਾਰਾ: ਮੁਲਾਕਾਤ: ਹਰਪ੍ਰੀਤ ਸੇਖਾ

*ਸਾਲਾਂ ਬੱਧੀ ਪਾਰਕਿਨਸਨ ਦੀ ਨਾਮੁਰਾਦ ਬੀਮਾਰੀ ਨਾਲ ਪੀੜਤ ਰਿਹਾ ਬਹੁਤ ਸਮਰੱਥ ਕੈਨੇਡੀਅਨ ਪੰਜਾਬੀ ਕਹਾਣੀਕਾਰ ਅਮਨਪਾਲ ਸਾਰਾ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਿਆ। ਇਸ ਵਿਛੜੇ ਸਿਰਜਕ ਤੇ ਕਲਾਕਾਰ ਦੀ ਦੇਣ ਨੂੰ ਚੇਤੇ ਕਰਦੇ ਹੋਏ ਏਥੇ ਅਸੀਂ ਉਸ ਨਾਲ ਹਰਪ੍ਰੀਤ ਸੇਖਾ ਵੱਲੋਂ ਕੀਤੀ ਮੁਲਾਕਾਤ ਛਾਪ ਰਹੇ ਹਾਂ। -ਸੰਪਾਦਕ*

*ਅਮਨਪਾਲ ਸਾਰਾ ਨਾਲ ਇਹ ਮੁਲਾਕਾਤ ਮੈਂ 1 ਨਵੰਬਰ, 2003 ਨੂੰ ਉਨ੍ਹਾਂ ਦੇ ਬਰਨਬੀ ਸ਼ਹਿਰ ਦੀ ਮੌਸਕਰੌਪ ਸਟਰੀਟ 'ਤੇ ਸਥਿਤ ਘਰ ਵਿਚ ਕੀਤੀ। ਸਵੇਰੇ ਦਸ ਵਜੇ ਅਸੀਂ ਉਨ੍ਹਾਂ ਦੇ ਪੜ੍ਹਨ-ਲਿਖਣ ਵਾਲੇ ਕਮਰੇ ਵਿਚ ਜਾ ਬੈਠੇ, ਜਿੱਥੇ ਸ਼ੈਲਫਾਂ ਵਿਚ ਉਨ੍ਹਾਂ ਨੂੰ ਮਿਲੇ ਸਨਮਾਨ ਚਿੰਨ੍ਹ, ਕਿਤਾਬਾਂ ਅਤੇ ਡਿਕਸ਼ਨਰੀਆਂ ਸਸ਼ੋਭਤ ਸਨ। ਫਾਈਲਾਂ ਉਨ੍ਹਾਂ ਦਾ ਛਪਿਆ ਅਤੇ ਅਣਛਪਿਆ ਸੰਭਾਲ਼ੀ ਪਈਆਂ ਸਨ। ਲਿਖਣ ਮੇਜ਼ ਉੱਪਰ ਉਨ੍ਹਾਂ ਦਾ ਕੰਪਿਊਟਰ ਪਿਆ ਸੀ, ਜਿਸਦੇ ਮੌਨੀਟਰ ਦੀ ਸਕਰੀਨ 'ਤੇ ਅਮਨਪਾਲ ਦੇ ਪਰਿਵਾਰ ਦੀਆਂ ਤਸਵੀਰਾਂ ਆ-ਜਾ ਰਹੀਆਂ ਸਨ। ਦਵਾਈ ਦੀ ਗੋਲ਼ੀ ਲੈਂਦਿਆਂ ਉਨ੍ਹਾਂ ਕਿਹਾ, "ਆਹ ਹੈ ਮੇਰਾ ਪੈਟਰੌਲ।"*

*ਉਹ ਪਾਰਕਿਨਸਨ ਬਿਮਾਰੀ ਦੇ ਸਤਾਏ ਹੋਏ ਹਨ। ਦਿਨੋਂ-ਦਿਨ ਉਨ੍ਹਾਂ ਦਾ ਆਪਣੇ ਅੰਗਾਂ 'ਤੇ ਕੰਟਰੋਲ ਘਟ ਰਿਹਾ ਹੈ। ਕੁਰਸੀ ਤੋਂ ਉਹ ਹੌਲ਼ੀ-ਹੌਲ਼ੀ ਸਿਰਕਦੇ ਜਾਂਦੇ। ਹੱਥ-ਪੈਰ ਦਵਾਈ ਦੇ ਅਸਰ ਹੇਠ ਕੁਝ ਸੰਭਲ਼ੇ ਹੋਏ ਸਨ ਪਰ ਕਦੇ-ਕਦੇ ਆਪ ਮੁਹਾਰੇ ਵੀ ਹੋ ਜਾਂਦੇ। ਗੱਲਾਂ ਕਰਦਿਆਂ ਅਮਨਪਾਲ ਦਾ ਦਿਮਾਗ਼ ਥੱਕ ਜਾਂਦਾ ਤਾਂ ਅਸੀਂ ਗੱਲ ਬਾਤ ਬੰਦ ਕਰ ਦਿੰਦੇ। ਇਸ ਦੌਰਾਨ ਮੈਂ ਉਨ੍ਹਾਂ ਦੀ ਫ਼ੋਟੋ-ਐਲਬਮ ਵੇਖਣ ਲੱਗ ਜਾਂਦਾ, ਜਿਸ ਵਿਚ ਉਨ੍ਹਾਂ ਦੁਆਰਾ ਫ਼ਿਲਮਾਂ ਤੇ ਡਰਾਮਿਆਂ ਵਿਚ ਨਿਭਾਏ ਵੱਖ-ਵੱਖ ਕਿਰਦਾਰਾਂ ਤੇ ਐਕਟਿੰਗ ਸਕੂਲ ਵੇਲ਼ੇ ਦੀਆਂ ਤਸਵੀਰਾਂ ਸਨ। ਅਮਨਪਾਲ ਨੇ ਹਿੰਦੀ ਫ਼ਿਲਮਾਂ ਦੇ ਨਾਮੀ ਡਾਇਰੈਕਟਰਾਂ ਅਤੇ ਪੰਜਾਬੀ ਰੰਗ-ਮੰਚ ਦੀਆਂ ਉੱਘੀਆਂ ਹਸਤੀਆਂ ਨਾਲ ਆਪਣੀਆਂ ਫ਼ੋਟੋਆਂ ਵੀ ਦਿਖਾਈਆਂ। ਫਿਰ ਉਨ੍ਹਾਂ ਅੱਸੀਵਿਆਂ 'ਚ ਵੈਨਕੂਵਰ ਇਲਾਕੇ 'ਚ ਉਨ੍ਹਾਂ ਦੁਆਰਾ ਹੋਸਟ ਕੀਤੇ ਟੀ ਵੀ ਪ੍ਰੋਗਰਾਮਾਂ ਦੀ ਵੀਡੀਓ ਅਤੇ ਉਨ੍ਹਾਂ ਦੇ ਸਿਖਾਏ ਬੱਚਿਆਂ ਦੇ ਭੰਗੜੇ ਦੀ ਵੀਡੀਓ ਦਿਖਾਈ। ਇਕ ਟੀ ਵੀ ਸੀਰੀਅਲ ਦਾ ਪਹਿਲਾ ਐਪੀਸੋਡ ਵੀ ਦਿਖਾਇਆ, ਜਿਹੜਾ ਉਨ੍ਹਾਂ ਨੇ ਹਾਲ ਹੀ ਵਿਚ ਕੈਮਰਾਬੱਧ ਕੀਤਾ ਸੀ।*

*ਮੈਂ ਉਨ੍ਹਾਂ ਨਾਲ ਕਈ ਘੰਟੇ ਗੁਜ਼ਾਰੇ। ਇਸ ਦੌਰਾਨ ਮੈਂ ਮਹਿਸੂਸ ਕੀਤਾ ਕਿ ਜਿਵੇਂ ਉਹ ਬਹੁਤ ਕੁਝ ਕਰਨਾ ਚਾਹੁੰਦੇ ਹਨ, ਉਵੇਂ ਹੀ ਬਹੁਤ ਕੁਝ ਦੱਸਣਾ ਵੀ ਚਾਹੁੰਦੇ ਹਨ। ਕਈ ਵਾਰ ਉਹ ਪ੍ਰਸ਼ਨ ਤੋਂ ਬਾਹਰ ਜਾ ਕੇ ਵੀ ਕਈ ਕੁਝ ਦੱਸਦੇ ਰਹੇ। ਸਵਾਲ ਤੋਂ ਪਾਸੇ ਜਾਂਦੇ ਰਹੇ। ਮੈਂ ਟੋਕਿਆ ਨਹੀਂ, ਸੋਚਿਆ ਕਿ ਉਨ੍ਹਾਂ ਨੂੰ ਆਪਣਾ ਗੁੱਭ-ਗਭਾਟ ਕੱਢ ਲੈਣ ਦਿਆਂ।*

**ਤੁਸੀਂ ਲਿਖਦੇ ਕਿਉਂ ਹੋ?**

**ਅਮਨਪਾਲ:** ਮੇਰਾ ਖਿਆਲ ਹੈ ਕਿ ਕੋਈ ਵੀ ਜਿਹੜਾ ਸੰਵੇਦਨਸ਼ੀਲ ਇਨਸਾਨ ਹੁੰਦਾ ਹੈ, ਉਹ ਆਪਣੇ ਆਲ਼ੇ-ਦੁਆਲ਼ੇ ਜੋ ਕੁਝ ਵਾਪਰਦਾ ਦੇਖਦਾ ਜਾਂ ਸੁਣਦਾ ਹੈ, ਉਸ ਬਾਰੇ ਆਪਣਾ ਪ੍ਰਭਾਵ ਦੂਸਰਿਆਂ ਨਾਲ ਸਾਂਝਾ ਕਰਨਾ ਉਸਦੀ ਮਾਨਸਿਕ ਲੋੜ ਹੁੰਦੀ ਹੈ ਕਿਉਂਕਿ ਇਨਸਾਨ ਦਾ ਦਿਮਾਗ਼ ਬਾਕੀ ਸਾਰੀਆਂ ਸਪੀਸੀਜ਼ ਤੋਂ ਜ਼ਿਆਦਾ ਵਿਕਸਤ ਹੋਇਆ ਹੈ। ਮਨੁੱਖ ਜੋ ਕੁਝ ਸੋਚਦਾ, ਸਮਝਦਾ ਹੈ, ਉਹਨੂੰ ਇਕ ਤਰ੍ਹਾਂ ਦੀ ਪੁਸ਼ਟੀ ਵੀ ਚਾਹੀਦੀ ਹੁੰਦੀ ਹੈ ਕਿ ਕੀ ਬਾਕੀ ਸਾਰੇ ਵੀ ਇਸੇ ਤਰ੍ਹਾਂ ਹੀ

ਸੋਚਦੇ ਸਮਝਦੇ ਹਨ। ਤੁਸੀਂ ਕਹਿ ਸਕਦੇ ਹੋ ਕਿ ਇਹ ਮਨੁੱਖ ਦੀ ਲਾਲਸਾ ਹੈ ਕਿ ਦਿਮਾਗ਼ ਨੂੰ ਹੋਰ ਵਿਕਸਤ ਕਰੇ। ਜੇ ਇਹ ਲਾਲਸਾ ਨਾ ਹੁੰਦੀ ਤਾਂ ਅਸੀਂ ਵੀ ਜਾਨਵਰ ਹੀ ਹੋਣਾ ਸੀ, ਇਨਸਾਨ ਨਹੀਂ ਸੀ ਹੋਣਾ।

**ਕੀ ਤੁਸੀਂ ਸਮਾਜ ਨੂੰ ਕੋਈ ਸੇਧ ਦੇਣ ਜਾਂ ਪੰਜਾਬੀ ਬੋਲੀ ਦੀ ਸੇਵਾ ਕਰਨ ਖਾਤਰ ਲਿਖਦੇ ਹੋ?**

**ਅਮਨਪਾਲ:** ਸੇਵਾ ਤਾਂ ਪਤਾ ਨਹੀਂ ਮੈਂ ਕਰਦਾ ਹਾਂ ਕਿ ਨਹੀਂ ਪਰ ਪੰਜਾਬੀ ਨੂੰ ਮੈਂ ਦਿਲੋਂ ਮੁਹੱਬਤ ਕਰਦਾ ਹਾਂ। ਇਸ ਕਰਕੇ ਸਬਜੈਕਟਿਵ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਪੰਜਾਬੀ ਲਈ ਜੋ ਕੁਝ ਵੀ ਕਹੂੰਗਾ, ਪੰਜਾਬੀ ਦੀ ਸਿਹਤ ਲਈ ਚੰਗਾ ਹੀ ਕਹੂੰਗਾ। ਉਸ ਨੂੰ ਤੁਸੀਂ ਸੇਵਾ ਕਹਿ ਲਵੋ ਚਾਹੇ ਮੇਰਾ ਆਪਣੇ ਆਪ ਨੂੰ ਖ਼ੁਸ਼ ਕਰਨ ਦਾ ਇਕ ਤਰੀਕਾ ਕਹਿ ਲਵੋਂ। ਕਰਦਾ ਮੈਂ ਆਪਣੇ ਲਈ ਹਾਂ। ਮਨ ਨੂੰ ਤਸੱਲੀ ਮਿਲਦੀ ਹੈ। ਮੇਰੀ ਖ਼ੁਸ਼ੀ 'ਚ ਵਾਧਾ ਹੁੰਦਾ ਹੈ। ਮੈਂ ਕਿਸੇ 'ਤੇ ਅਹਿਸਾਨ ਨਹੀਂ ਕਰ ਰਿਹਾ ਹੁੰਦਾ, ਜਦੋਂ ਮੈਂ ਪੰਜਾਬੀ ਬੋਲੀ ਦੀ ਡਟ ਕੇ ਹਮਾਇਤ ਕਰ ਰਿਹਾ ਹੁੰਦਾ ਹਾਂ। ਉਹ ਮੇਰੀ ਲੋੜ ਹੈ। ਮੈਂ ਚਾਹੁੰਦਾ ਹਾਂ ਕਿ ਜ਼ਿਆਦਾ ਲੋਕ ਇਸ ਬੋਲੀ ਨੂੰ ਪ੍ਰਵਾਨ ਕਰਨ ਤਾਂ ਕਿ ਅਸੀਂ ਸਾਰੇ ਹੀ ਚੰਗੇ ਲੱਗੀਏ। ਮੈਂ ਆਪਣੀ ਮਾਨਸਿਕ ਭੁੱਖ ਪੂਰੀ ਕਰਨ ਲਈ ਲਿਖਦਾ ਕਰਦਾ ਹਾਂ।

**ਤੁਹਾਡੇ ਖਿਆਲ 'ਚ ਸਾਹਿਤ ਸਮਾਜ ਨੂੰ ਚੰਗੇਰਾ ਬਣਾਉਂਦਾ ਹੈ?**

**ਅਮਨਪਾਲ:** ਇਨਸਾਨ ਕਲਾ ਦੇ ਰੂਪ 'ਚ ਜੋ ਕੁਝ ਵੀ ਕਰਦਾ ਹੈ ਅਖੀਰ 'ਚ ਉਸ ਨੂੰ ਅੰਦਰ ਕਿਤੇ ਖ਼ੁਸ਼ੀ ਮਿਲਦੀ ਹੀ ਹੈ। ਜਿਹੜਾ ਇਨਸਾਨ ਇਹ ਸਮਝ ਕੇ ਕਲਾ ਦੇ ਖੇਤਰ 'ਚ ਪੈਰ ਰੱਖਦਾ ਹੈ ਕਿ ਇਸ ਕਲਾ ਰਾਹੀਂ ਹੋਰਨਾਂ ਲੋਕਾਂ ਦੀ ਜ਼ਿੰਦਗੀ ਸੁਖਾਲੀ ਕਰਨੀ ਹੈ, ਉਹ ਜੋ ਕੁਝ ਕਰੂਗਾ, ਚੰਗਾ ਹੀ ਕਰੂਗਾ। ਚਾਹੇ ਸਾਹਿਤ ਕਹਿ ਲਵੋ ਚਾਹੇ ਸਿਨਮਾ ਕਹਿ ਲਵੋ। ਕੋਈ ਵੀ ਕਲਾ ਕਹਿ ਲਵੋ। ਕਲਾ ਦੋ ਪ੍ਰਕਾਰ ਦੀ ਹੁੰਦੀ ਹੈ, ਚੰਗੀ ਜਾਂ ਮਾੜੀ। ਮਾੜੀ ਮੈਂ ਉਸ ਨੂੰ ਸਮਝਦਾ ਹਾਂ, ਜਿਹੜੀ ਆਪਣੇ ਆਪ ਨੂੰ ਖ਼ੁਸ਼ ਕਰਨ ਲਈ ਕੀਤੀ ਗਈ ਹੋਵੇ। ਆਰਟ ਫ਼ਾਰ ਆਰਟ ਸੇਕ। ਇਸਦਾ ਮਤਲਬ ਇਹ ਨਹੀਂ ਕਿ ਇਹ ਸਾਰਾ ਹੀ ਮਾੜਾ ਹੁੰਦਾ ਹੈ ਪਰ ਇਸ ਵਿਚ ਸੰਭਾਵਨਾ ਮਾੜੇ ਹੋਣ ਦੀ ਜ਼ਿਆਦਾ ਹੁੰਦੀ ਹੈ। ਕਿਉਂਕਿ ਤੁਸੀਂ ਨਿੱਜ ਨੂੰ ਮੂਹਰੇ ਰੱਖਿਆ ਹੁੰਦਾ ਹੈ। ਤੇ ਮੈਂ ਜੇ ਇਮਾਨਦਾਰੀ ਨਾਲ ਕਹਾਂ, ਮੈਂ ਜੇ ਕਿਸੇ ਵੀ ਕਲਾ ਦੇ ਪੱਖ 'ਚ ਪੈਰ ਰੱਖਣ ਜਾਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਇਸ ਕਰਕੇ ਹੀ ਕੀਤੀ ਕਿ ਇਸ ਵੇਲ਼ੇ ਇਸਦੀ ਲੋੜ ਹੈ ਲੋਕਾਂ ਨੂੰ। ਉਨ੍ਹਾਂ ਦੀ ਜ਼ਿੰਦਗੀ ਚੰਗੇਰੀ ਬਣਾਈ ਜਾ ਸਕਦੀ ਹੈ। ਇਹ ਵਧੀਆ ਰਾਹ ਹੈ। ਮਸਲਨ ਸੰਨ ਚੁਰਾਸੀ-ਪਚਾਸੀ 'ਚ ਅਸੀਂ ਡਰਾਮੇ ਕਰਦੇ ਹੁੰਦੇ ਸੀ। ਸਾਨੂੰ ਲਗਦਾ ਸੀ ਕਿ ਵੈਨਕੂਵਰ ਦੀ ਇੰਡੋ-ਕਨੇਡੀਅਨ ਕਮਿਊਨਿਟੀ ਨੂੰ ਦਰਪੇਸ਼ ਮੁਸ਼ਕਲਾਂ ਡਰਾਮੇ ਰਾਹੀਂ ਜ਼ਿਆਦਾ ਵਧੀਆ ਤਰੀਕੇ ਨਾਲ ਪੇਸ਼ ਹੋ ਸਕਦੀਆਂ ਹਨ। ਫਿਰ ਮੈਨੂੰ ਲੱਗਾ ਕਿ ਲਿਖਤੀ ਤੌਰ 'ਤੇ ਵੀ ਇਹ ਚੀਜ਼ਾਂ ਬਾਹਰ ਆਉਣੀਆਂ ਚਾਹੀਦੀਆਂ ਹਨ ਸੋ ਮੈਂ ਲਿਖਣ ਵੱਲ ਸਰਗਰਮ ਹੋ ਗਿਆ। ਫੇਰ ਮੇਰੇ ਮਨ ਨੇ ਮਹਿਸੂਸ ਕੀਤਾ ਕਿ ਇਹ ਦਾਇਰਾ ਵੀ ਸੀਮਤ ਹੈ, ਫਿਲਮ ਜ਼ਿਆਦਾ ਲੋਕਾਂ ਤਕ ਪਹੁੰਚਦੀ ਹੈ। ਮੈਂ ਜੋ ਵੀ ਕਰਦਾ ਹਾਂ, ਇਹ ਸੋਚ ਕੇ ਕਰਦਾ ਹਾਂ ਜ਼ਿਆਦਾ ਲੋਕਾਂ ਤਕ ਕਿਵੇਂ ਪਹੁੰਚਿਆ ਜਾਵੇ ਤਾਂ ਕਿ ਉਨ੍ਹਾਂ ਦੀ ਜ਼ਿੰਦਗੀ ਵੀ ਜਿਉਣ ਯੋਗ ਬਣ ਸਕੇ।

**ਮਤਲਬ ਸਾਹਿਤ ਸਮਾਜ ਨੂੰ ਚੰਗੇਰਾ ਬਣਾਉਣ ਲਈ ਰਚਿਆ ਜਾਂਦਾ ਹੈ ਪਰ ਪੰਜਾਬੀ ਦੇ ਲੇਖਕਾਂ ਤੇ ਪਾਠਕਾਂ ਦੀ ਗਿਣਤੀ 'ਚ ਬਹੁਤਾ ਫ਼ਰਕ ਨਹੀਂ ਹੋਣਾ। ਫਿਰ ਪੰਜਾਬੀ ਲੇਖਕ ਕਿਸ ਹਿਸਾਬ ਨਾਲ ਸਮਾਜ ਨੂੰ ਚੰਗੇਰਾ ਬਣਾ ਰਹੇ ਹਨ?**

**ਅਮਨਪਾਲ:** ਪੰਜਾਬ ਦੀ ਭੂਗੋਲਕ ਸਥਿਤੀ ਅਤੇ ਇਤਿਹਾਸ ਕੁਝ ਹੱਦ ਤਕ ਜ਼ਿੰਮੇਵਾਰ ਹਨ। ਪੰਜਾਬ ਬਾਰਡਰ 'ਤੇ ਹੈ। ਸਾਰੇ ਹਮਲਾਵਰ ਇਧਰ ਦੀ ਆਏ। ਉਨ੍ਹਾਂ ਨਾਲ ਪੰਜਾਬੀਆਂ ਨੇ ਆਢਾ ਲਿਆ। ਉਨ੍ਹਾਂ ਨੂੰ ਟਾਈਮ ਹੀ ਨਹੀਂ ਮਿਲਿਆ ਸ਼ਾਂਤੀ ਨਾਲ ਸੋਚਣ ਦਾ। ਜਿਨ੍ਹਾਂ ਲੋਕਾਂ ਨੂੰ ਲੜਾਈਆਂ ਨਹੀਂ ਲੜਨੀਆਂ ਪਈਆਂ, ਉਨ੍ਹਾਂ ਕੋਲ਼ ਬੌਧਿਕ ਪੱਧਰ ਉੱਚਾ ਚੁੱਕਣ ਲਈ ਜ਼ਿਆਦਾ ਸਮਾਂ ਸੀ। ਪੰਜਾਬੀ ਸੁਭਾਅ ਵੀ ਕਹਿ ਲਉ ਬੁਨਿਆਦੀ ਤੌਰ 'ਤੇ ਪਦਾਰਥਕ ਤਰੱਕੀ ਕਰਨ ਦਾ

ਚਾਹਵਾਨ ਹੈ। ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਪੰਜਾਬੀਆਂ 'ਚ ਬੌਧਿਕ ਪੱਧਰ ਉੱਚਾ ਕਰਨ ਦੀ ਸਮਰੱਥਾ ਨਹੀਂ। ਹਾਂ, ਗੱਲ ਆਉਂਦੀ ਹੈ ਪਾਠਕਾਂ ਤੇ ਲੇਖਕਾਂ ਦੀ ਗਿਣਤੀ ਦੀ। ਮੇਰਾ ਖਿਆਲ ਹੈ ਕਿ ਪੰਜਾਬੀਆਂ 'ਚ ਹੌਸਪੀਟੈਲਿਟੀ ਐਨੀ ਹੈ ਕਿ ਉਹ ਅਗਲ਼ੇ ਦੀ ਸੁਵਿਧਾ ਲਈ ਆਪਣੇ-ਆਪ ਨੂੰ ਤੰਗ ਕਰ ਲੈਂਦੇ ਹਨ। ਭਾਵੇਂ ਘਰ ਭਈਆ ਨੌਕਰ ਰੱਖਿਐ, ਉਹਦੀ ਲੋੜ ਹੈ ਕਿ ਤੁਹਾਡਾ ਹੁਕਮ ਸਮਝਣ ਲਈ ਪੰਜਾਬੀ ਸਿੱਖੇ, ਅਸੀਂ ਦਬਕੇ ਨਾਲ ਵੀ ਕੰਮ ਕਰਾ ਸਕਦੇ ਹਾਂ ਪਰ ਸਾਡੀ ਹੌਸਪੀਟੈਲਿਟੀ ਹੈ ਕਿ ਅਸੀਂ ਪੁੱਠੀ-ਸਿੱਧੀ ਹਿੰਦੀ ਬੋਲ ਕੇ ਉਸ ਨੂੰ ਸਮਝਾਉਂਦੇ ਹਾਂ। ਇਹ ਇਕ ਉਦਾਹਰਣ ਹੈ ਪੰਜਾਬੀ ਸੁਭਾਅ ਦੀ। ਭਾਸ਼ਾ ਦੇ ਮਹੱਤਵ ਦੀ ਦ੍ਰਿਸ਼ਟੀ ਤੋਂ ਪੰਜਾਬੀ ਹਾਲੇ ਨਹੀਂ ਦੇਖਣ ਲੱਗੇ। ਜਿਸ ਦਿਨ ਪੰਜਾਬੀਆਂ ਨੂੰ ਭਾਸ਼ਾ ਦੀ ਮਹੱਤਤਾ ਸਮਝ ਪੈ ਗਈ, ਇਹ ਸਮੱਸਿਆ ਹੱਲ ਹੁੰਦਿਆਂ ਮਿੰਟ ਵੀ ਨਹੀਂ ਲੱਗਣਾ। ਇਸ ਇਲਕਟਰੌਨਿਕ ਯੁੱਗ 'ਚ ਟੀ ਵੀ ਸਾਡੇ ਦਿਮਾਗ਼ ਨੂੰ ਸੁਸਤ ਬਣਾ ਰਿਹਾ ਹੈ। ਸਾਰਾ ਕੁਝ ਬਣਿਆ-ਬਣਾਇਆ ਦਿਮਾਗ਼ ਨੂੰ ਫ਼ੀਡ ਹੋ ਰਿਹਾ ਹੈ। ਕੀ ਲੋੜ ਹੈ ਕਹਾਣੀਆਂ ਪੜ੍ਹਨ ਦੀ, ਕਿਤਾਬਾਂ ਪੜ੍ਹਨ ਦੀ। ਜਿਹੜਾ ਇਮੇਜ ਤੁਸੀਂ ਪੜ੍ਹ ਕੇ ਆਪ ਬਣਾਉਂਦੇ ਹੋ, ਉਸ ਨੇ ਤੁਹਾਡੇ ਦਿਮਾਗ਼ ਨੂੰ ਵਿਕਸਤ ਕਰਨਾ ਹੈ। ਜਿੱਦਣ ਪੰਜਾਬੀਆਂ ਦੀ ਸਮਝ 'ਚ ਇਹ ਗੱਲ ਪੈ ਗਈ, ਓਦਣ ਇਹ ਸਮੱਸਿਆ ਆਪਣੇ-ਆਪ ਮੁੱਕ ਜਾਣੀ ਹੈ

**ਤੁਹਾਡੇ ਖਿਆਲ 'ਚ ਸਮਝ ਪੈਣ ਦੇ ਆਸਾਰ ਹਨ?**

**ਅਮਨਪਾਲ:** ਆਸ 'ਤੇ ਜਹਾਨ ਕਾਇਮ ਹੈ। ਘੱਟੋ-ਘੱਟ ਮੈਂ ਤਾਂ ਇਹੀ ਸੋਚ ਕੇ ਚੱਲਦਾ ਹਾਂ ਕਿ ਕੋਈ ਟਾਈਮ ਆਊਗਾ, ਜਦ ਪੰਜਾਬੀ ਆਪਣੀ ਭਾਸ਼ਾ ਬਾਰੇ ਚੌਕਸ ਹੋਣਗੇ ਕਿਉਂਕਿ ਕੁਝ ਪੁਲੀਟੀਕਲ ਮਸਲੇ ਐਸੇ ਹਨ, ਜਿਨ੍ਹਾਂ ਨੇ ਪੰਜਾਬੀ ਨੂੰ ਦੱਬੀ ਰੱਖਿਆ। ਜੇ ਗੱਲ ਮੇਰੀ ਸਮਝ ਪੈ ਗਈ ਹੈ, ਮੈਂ ਇਕ ਸਾਧਾਰਣ ਸੂਝ-ਬੂਝ ਦੇ ਲੈਵਲ ਤੋਂ ਗੱਲ ਕਰਦਾ ਹਾਂ, ਤਾਂ ਬਾਕੀਆਂ ਦੇ ਵੀ ਪੈ ਜਾਣੀ ਚਾਹੀਦੀ ਹੈ। ਪਰ ਉਨ੍ਹਾਂ ਕੋਲ਼ ਸੁਵਿਧਾਵਾਂ ਨਹੀਂ ਆਪਣੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਦੀਆਂ, ਜਿਹੜੀਆਂ ਮੇਰੇ ਕੋਲ਼ ਹਨ। ਜਿਸ ਦਿਨ ਇਹ ਸੁਵਿਧਾਵਾਂ ਜ਼ਿਆਦਾ ਪੰਜਾਬੀਆਂ ਨੂੰ ਮਿਲਣ ਲੱਗ ਪਈਆਂ, ਆਖ਼ੀਰ ਉਨ੍ਹਾਂ ਇਹ ਮਹਿਸੂਸ ਕਰਨਾ ਹੈ ਕਿ ਜ਼ੁਬਾਨ ਦਾ ਦਰਜਾ ਮਾਂ ਦੇ ਬਰਾਬਰ ਹੈ। ਟਾਈਮ ਜ਼ਰੂਰ ਲੱਗੇਗਾ ਕਿਉਂਕਿ ਵਹਾਅ ਇਸਦੇ ਉਲਟ ਹੈ। ਪਰ ਮੈਂ ਆਸਵੰਦ ਹਾਂ ਪੂਰਾ।

**ਤੁਸੀਂ ਆਸ਼ਾਵਾਦੀ ਹੋ। ਅੱਜ-ਕੱਲ ਲਿਖੀਆਂ ਜਾ ਰਹੀਆਂ ਪੰਜਾਬੀ ਕਹਾਣੀਆਂ ਬਾਰੇ ਤੁਹਾਡੀ ਕੀ ਰਾਇ ਹੈ? ਕੁਝ ਲੋਕਾਂ ਦਾ ਵਿਚਾਰ ਹੈ ਕਿ ਜ਼ਿਆਦਾ ਕਹਾਣੀਆਂ ਨਿਰਾਸ਼ਾਵਾਦੀ ਲਿਖੀਆਂ ਜਾ ਰਹੀਆਂ ਹਨ। ਤੁਹਾਨੂੰ ਕੀ ਲਗਦਾ ਹੈ? ਕੀ ਲੇਖਕ ਦਾ ਫ਼ਰਜ਼ ਮਸਲੇ ਦਾ ਹੱਲ ਦੱਸਣਾ ਵੀ ਹੁੰਦਾ ਹੈ?**

**ਅਮਨਪਾਲ:** ਸਾਹਿਤਕਾਰ ਦਾ ਕੰਮ ਸਥਿਤੀ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਨਾਹਰਾ ਦੇਣਾ ਰਾਜਨੀਤਕ ਬੰਦਿਆਂ ਦਾ ਕੰਮ ਹੈ। ਪਰ ਸਾਹਿਤਕਾਰ ਦਾ ਫ਼ਰਜ਼ ਹੁੰਦਾ ਹੈ ਕਿ ਰਾਜਨੀਤੀਵਾਨਾਂ ਨੂੰ ਨੰਗਿਆਂ ਕਰੇ ਤਾਂ ਕਿ ਉਹ ਜਿਹੜਾ ਨਾਹਰਾ ਦੇਣ, ਉਹੀ ਹੋਵੇ, ਜਿਹੜਾ ਸਾਹਿਤਕਾਰ ਆਪਣੇ ਸਮਾਜ 'ਚ ਕਰਨਾ ਚਾਹੁੰਦਾ ਹੈ। ਜਿਹੜਾ ਸਿਆਣਾ ਸਾਹਿਤਕਾਰ ਹੈ, ਉਹ ਕਿਸੇ ਰਾਜਨੀਤਕ ਪਾਰਟੀ ਨਾਲ ਨਹੀਂ ਬੱਝਦਾ। ਸਾਹਿਤਕਾਰ ਦੀ ਵਚਨਬੱਧਤਾ ਸਾਹਿਤ ਨਾਲ ਹੈ ਦੂਜੇ ਸ਼ਬਦਾਂ 'ਚ ਸਮਾਜ ਨਾਲ ਹੈ ਤੇ ਰਾਜਨੀਤੀਵਾਨ ਦੀ ਕੁਰਸੀ ਨਾਲ। ਨਿਰਾਸ਼ਾਵਾਦੀ, ਕਿਸੇ ਹੱਦ ਤਕ ਇਹ ਗੱਲ ਠੀਕ ਹੈ। ਪਰ 'ਜ਼ਰੂਰ ਬਦਲੇਗਾ ਮੌਸਮ'। ਸਾਹਿਤਕਾਰ ਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ। ਵੀਹਵਿਆਂ ਵਿਚ ਸਾਹਿਤਕਾਰ ਆਪਣੇ ਆਲ਼ੇ-ਦੁਆਲ਼ੇ ਜੋ ਕੁਝ ਦੇਖਦਾ ਸੀ, ਉਸ ਲਈ ਉਹੀ ਦੁਨੀਆਂ ਸੀ। ਇੱਥੋਂ ਤਕ ਕਿ ਕਾਰਲ਼ ਮਾਰਕਸ ਵਰਗੇ, ਜਿਨ੍ਹਾਂ ਨੂੰ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਨੇ ਸਮੇਂ ਦਾ ਸਹੀ ਵਿਸ਼ਲੇਸ਼ਣ ਕੀਤਾ ਸੀ, ਇਹ ਗੱਲ ਉਨ੍ਹਾਂ ਦੇ ਦਿਮਾਗ਼ ਵਿਚ ਨਹੀਂ ਸੀ ਕਿ ਮਾਸ ਮੀਡੀਆ, ਇੰਟਰਨੈੱਟ ਨੇ ਦੁਨੀਆਂ ਐਦਾਂ ਬਦਲ ਦੇਣੀ ਹੈ (ਚੁਟਕੀ ਵਜਾਉਂਦੇ ਹਨ)। ਇਹ ਗੱਲਾਂ ਸਮਝਣ ਵਾਲੀਆਂ ਹਨ ਕਿ ਇਹ ਜਿਹੜੀ, ਫ਼ਰੀਡਮ ਆਫ਼ ਇਨਫ਼ਰਮੇਸ਼ਨ ਹੈ, ਇਸ ਨੂੰ ਅਸੀਂ ਲੋਕਾਂ ਦੇ ਹੱਕ 'ਚ ਕਿਵੇਂ ਵਰਤਣਾ ਹੈ। ਇਹ ਸਾਹਿਤਕਾਰ ਦਾ ਫ਼ਰਜ਼ ਹੈ।

**ਤੁਸੀਂ ਜਿੰਨਾ ਹੁਣ ਤਕ ਲਿਖਿਆ ਹੈ, ਉਸ ਤੋਂ ਸੰਤੁਸ਼ਟ ਹੋ ਜਾਂ ਕਦੇ ਤੁਹਾਨੂੰ ਪਛਤਾਵਾ ਹੁੰਦਾ ਹੋਵੇ ਕਿ ਜੇ ਫਲਾਣੀ ਰਚਨਾ ਨਾ ਕੀਤੀ ਹੁੰਦੀ ਤਾਂ ਚੰਗਾ ਸੀ?**

**ਅਮਨਪਾਲ:** ਨਾ, ਪਛਤਾਵਾ ਕਦੇ ਨਹੀਂ ਹੋਇਆ ਕਿਉਂਕਿ ਮੈਂ ਕਿਸੇ ਚੀਜ਼ ਬਾਰੇ ਉਦੋਂ ਹੀ ਲਿਖਦਾ ਹਾਂ, ਜਦੋਂ ਮੈਨੂੰ ਪਤਾ ਹੁੰਦਾ ਹੈ ਕਿ ਇਸ ਚੀਜ਼ ਬਾਰੇ ਮੈਂ ਨਿਸ਼ਕਪਟ ਮਹਿਸੂਸ ਕਰਦਾ ਹਾਂ। ਜੇ ਕਦੇ ਕੋਈ ਦਬਾਅ ਪਾ ਕੇ ਕਹੇ ਕਿ ਫਲਾਣੀ ਚੀਜ਼ ਬਾਰੇ ਲਿਖ, ਉਸ ਉੱਪਰ ਮੈਂ ਆਪਣਾ ਟਾਈਮ ਲਾਊਂਗਾ। ਜਿੰਨਾ ਚਿਰ ਮੈਨੂੰ ਉਸ ਚੀਜ਼ ਨਾਲ ਪਿਆਰ ਨਹੀਂ ਹੁੰਦਾ, ਮੈਂ ਉਸ ਬਾਰੇ ਲਿਖੂੰਗਾ ਨਹੀਂ। ਪਬਲੀਕਲੀ ਜਿਹੜੀ ਚੀਜ਼ ਤੁਸੀਂ ਛਾਪਣੀ ਹੈ, ਉਸ 'ਚ ਤੁਸੀਂ ਸਮਾਜ ਨੂੰ ਕੁਝ ਕਹਿ ਰਹੇ ਹੋ। ਸਮਾਜ ਪ੍ਰਤੀ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਸਮਾਜ ਨੂੰ ਮਿਸ ਗਾਈਡ ਨਾ ਕਰੋ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸ਼ਬਦਾਂ 'ਚ ਮੈਂ ਤੇਰੀ ਗੱਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹਾਂ: ਸਾਹਿਤਕਾਰ ਸਮਾਜ ਦੇ ਅੱਗੇ-ਅੱਗੇ ਚੱਲਦਾ ਹੈ। ਉਹ ਤਿੰਨ ਰੋਲ ਅਦਾ ਕਰਦਾ ਹੈ। ਭੂਤਕਾਲ਼ ਨੂੰ ਆਰਕਿਆਲੋਜਿਸਟ (ਪੁਰਾਤੱਤਵ ਵਿਗਿਆਨੀ) ਵਾਂਗ ਖੋਦਦਾ ਹੈ। ਪਤਾ ਲਗਾਉਂਦਾ ਹੈ ਕਿ ਪਿਛੋਕੜ ਕੀ ਹੈ। ਵਰਤਮਾਨ 'ਚ ਚੱਲ ਰਹੇ ਸੰਘਰਸ਼ ਉੱਪਰ ਠੋਕ ਕੇ ਪਹਿਰਾ ਦਿੰਦਾ ਹੈ। ਭਵਿੱਖ ਦੀ ਤਸਵੀਰ ਚਿੱਤਰਕਾਰ ਵਾਂਗ ਚਿਤਰਦਾ ਹੈ। ਜੇ ਸਾਹਿਤਕਾਰ ਇਹ ਤਿੰਨੇ ਕੰਮ ਕਰ ਰਿਹਾ ਹੈ ਤਾਂ ਉਹ ਜੋ ਵੀ ਕਰ ਰਿਹਾ ਹੈ, ਉਹ ਠੀਕ ਹੀ ਕਰ ਰਿਹਾ ਹੁੰਦਾ ਹੈ। ਪਰ ਇਹ ਕਰਨਾ ਬਹੁਤ ਮੁਸ਼ਕਲ ਹੈ। ਅੱਜ ਦੇ ਜ਼ਮਾਨੇ 'ਚ ਇਕ ਜਿਹੜੀ ਚੀਜ਼ 'ਤੇ ਫ਼ੋਕਸ ਹੈ, ਉਹੀ ਪੂਰੀ ਹੋ ਜਾਵੇ, ਬਹੁਤ ਹੈ। ਪਰ ਆਈਡੀਅਲ ਸਾਹਿਤਕਾਰ ਦਾ ਰੋਲ ਉਹੀ ਹੋਣਾ ਚਾਹੀਦਾ ਹੈ, ਜਿਹੜਾ ਗੁਰਬਖ਼ਸ਼ ਸਿੰਘ ਨੇ ਕਿਹਾ ਹੈ।

**ਤੁਸੀਂ ਕੋਸ਼ਿਸ਼ ਕਰਦੇ ਹੋ ਕਿ ਤੁਹਾਡਾ ਰੋਲ ਗੁਰਬਖ਼ਸ਼ ਸਿੰਘ ਹੋਰਾਂ ਦੇ ਕਹੇ ਅਨੁਸਾਰ ਹੀ ਹੋਵੇ?**

**ਅਮਨਪਾਲ:** ਛੋਟੇ ਜਿਹੇ ਪੱਧਰ 'ਤੇ 'ਹਾਂ'। ਫ਼ਰਜ਼ ਕਰ ਲੈ ਮੈਂ ਪੰਜਾਬੀ ਜ਼ੁਬਾਨ ਬਾਰੇ ਲਿਖਣਾ ਹੈ। ਮੈਂ ਉਸਦੀ ਖ਼ੋਜ ਕਰੂੰਗਾ। ਉਸ ਲੈਵਲ ਤਕ ਜਾਣ ਦੀ ਕੋਸ਼ਿਸ਼ ਕਰੂੰਗਾ, ਜਿੱਥੇ ਤਕ ਮੇਰੀ ਪਹੁੰਚ ਹੈ। ਹੁਣ ਦੇ ਦੌਰ 'ਚ ਪੰਜਾਬੀ ਜ਼ੁਬਾਨ ਨਾਲ ਕੀ ਹੋ ਰਿਹਾ ਹੈ, ਮੈਂ ਉਸ ਨੂੰ ਵੀ ਬਾਕਾਇਦਾ ਚੈਲਿੰਜ ਕਰਦਾ ਹਾਂ, ਉੱਥੇ ਮੈਂ ਠੋਕ ਕੇ ਪਹਿਰਾ ਦਿੰਦਾ ਹਾਂ। ਤੇ ਭਵਿੱਖ ਬਾਰੇ ਤਸਵੀਰ ਉਸਾਰਨ ਬਾਰੇ ਆਮ ਪੰਜਾਬੀ ਦੇ ਸਮਝ ਆ ਜਾਣੀ ਚਾਹੀਦੀ ਹੈ ਕਿ ਇਕ ਉਪ-ਬੋਲੀ ਵੀ ਓਨੀ ਹੀ ਮਹੱਤਵਪੂਰਨ ਹੈ, ਜਿੰਨੀ ਕੋਈ ਦੂਜੀ। ਤੁਹਾਡੀ Thought of Communication ਹੋਣੀ ਚਾਹੀਦੀ ਹੈ। ਕੋਈ ਵੀ ਭਾਸ਼ਾ ਦੂਜੀ ਨਾਲੋਂ ਚੰਗੀ ਜਾਂ ਮਾੜੀ ਨਹੀਂ ਹੁੰਦੀ। ਭਾਸ਼ਾ ਇਨਸਾਨ ਦੇ ਸਮਾਜ ਦਾ ਪ੍ਰਤੀਬਿੰਬ ਹੁੰਦੀ ਹੈ। ਉਸ ਨੂੰ ਪੇਸ਼ ਕਰਨ ਜੋਗੀ ਉਸ ਕੋਲ਼ ਸ਼ਮਤਾ ਹੁੰਦੀ ਹੈ।

**ਬੋਲੀ ਦੀ ਗੱਲ ਤੁਸੀਂ ਬਹੁਤ ਕਰਦੇ ਹੋ। ਬੀ ਸੀ (ਬ੍ਰਿਟਿਸ਼ ਕੋਲੰਬੀਆ) 'ਚ ਪੰਜਾਬੀ ਬੋਲੀ ਦੀ ਪ੍ਰਫੁਲਤਾ ਲਈ ਤੁਸੀਂ ਕਿੰਨਾ ਕੁ ਸਰਗਰਮ ਰਹੇ ਹੋ?**

**ਅਮਨਪਾਲ:** ਸਿਹਤ ਪੱਖੋਂ ਠੀਕ ਨਾ ਹੋਣ ਕਰਕੇ ਇਸ ਵੇਲ਼ੇ ਮੈਂ ਬਹੁਤਾ ਸਰਗਰਮ ਨਹੀਂ ਹਾਂ। ਪਰ ਮੇਰੀਆਂ ਸਰਗਰਮੀਆਂ ਕਾਫ਼ੀ ਰਹੀਆਂ ਹਨ। ਜੇ ਮੈਂ ਇਮਾਨਦਾਰੀ ਨਾਲ ਮਹਿਸੂਸ ਕਰਾਂ ਤਾਂ ਪੰਜਾਬੀ ਬੋਲੀ ਦਾ ਜੇ ਵਾਕਿਆ ਹੀ ਕੋਈ ਕੈਨੇਡਾ 'ਚ ਦਰਦਮੰਦ ਹੈ ਜਾਂ ਭਵਿੱਖ ਵਿਚ ਪੰਜਾਬੀ ਬੋਲੀ ਨੂੰ ਕਿਸੇ ਵਧੀਆ ਤਰੀਕੇ ਕਿਤੇ ਪਹੁੰਚਿਆ ਦੇਖਣਾ ਚਾਹੁੰਦਾ ਹੈ ਤਾਂ ਮੇਰੀ ਜਾਚੇ ਉਹ ਵਿਅਕਤੀ ਸਾਧੂ ਬਿਨਿੰਗ ਹੈ। ਉਸ ਨੇ ਹੀ ਇਹ ਗੱਲ ਮੇਰੇ ਅੰਦਰ ਪਾਈ ਕਿ ਇੱਥੇ ਪੰਜਾਬੀ ਜ਼ੁਬਾਨ ਨੂੰ ਪ੍ਰਫੁਲਤ ਕਰਨ ਦੀ ਲੋੜ ਹੈ। ਜਿੰਨੇ ਕੁ ਯਤਨ ਮੈਂ ਜੁਟਾ ਸਕਿਆ, ਮੈਂ ਜੁਟਾਏ। ਪਹਿਲਾਂ ਅਸੀਂ ਬਰਨਬੀ ਤੋਂ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA) ਬਣਾਈ। ਇਹ ਹੌਲ਼ੀ-ਹੌਲ਼ੀ ਵੱਡੇ ਪੱਧਰ 'ਤੇ ਹੋ ਗਈ। ਉਹਦੇ 'ਚ ਸਾਧੂ ਦਾ ਰੋਲ ਲੀਡਰਸ਼ਿੱਪ ਦਾ ਸੀ ਕਿਉਂਕਿ ਉਹ ਇਸ ਫ਼ੀਲਡ ਦਾ ਸੀ ਪਰ ਜਿਹੜਾ ਲੈੱਗਵਰਕ ਮੇਰੇ ਕਰਨ ਵਾਲ਼ਾ ਸੀ, ਉਸ ਤੋਂ ਮੈਂ ਕਦੇ ਪਿੱਛੇ ਨਹੀਂ ਸੀ ਹਟਿਆ। ਹੁਣ ਬਿਮਾਰੀ ਕਰਕੇ ਪਿੱਛੇ ਜਿਹੇ ਤੋਂ ਮੈਂ ਬਹੁਤਾ ਯੋਗਦਾਨ ਨਹੀਂ ਪਾ ਸਕਿਆ ਪਰ ਜਦੋਂ ਤਕ ਪਾ ਸਕਦਾ ਸੀ, ਇਮਾਨਦਾਰੀ ਨਾਲ ਮੈਂ ਆਪਣਾ ਸਮਾਂ ਇੱਧਰ ਲਾਇਆ। ਜੇ ਗਿਣਾਉਣ

ਲੱਗਾਂ ਕਿ ਕੀ ਕੀ ਕੀਤਾ ਤਾਂ ਲਿਸਟ ਲੰਬੀ ਹੋ ਜਾਣੀ ਹੈ।

**ਕੁਝ ਕੁ ਦੱਸੋ।**

**ਅਮਨਪਾਲ:** ਮੀਟਿੰਗਾਂ ਮੈਂ ਅਰੇਂਜ ਕਰਦਾ ਸੀ। ਪਹਿਲਾਂ ਜਦੋਂ PLEA ਬਰਨਬੀ ਦੀ ਹੁੰਦੀ ਸੀ, ਉੱਥੇ ਅਸੀਂ ਇਕ ਮੀਟਿੰਗ 'ਚ ਦੋ-ਢਾਈ ਸੌ ਬੰਦਾ ਵੀ ਇਕੱਠਾ ਕਰਨ 'ਚ ਕਾਮਯਾਬ ਹੋ ਗਏ ਸੀ। ਪਰ ਸਾਡੇ ਦੁਰਭਾਗ ਇਹ ਸੀ ਕਿ ਬਰਨਬੀ ਦੇ ਕਿਸੇ ਵੀ ਸਕੂਲ 'ਚ ਪੰਜਾਬੀ ਦੀ ਕਲਾਸ ਸ਼ੁਰੂ ਕਰਨ ਲਈ ਲੋੜੀਂਦੇ ਘੱਟੋ-ਘੱਟ ਬੱਚਿਆਂ ਦੀ ਗਿਣਤੀ ਪੂਰੀ ਨਹੀਂ ਸੀ ਹੁੰਦੀ। ਉਸ ਤੋਂ ਬਾਅਦ ਅਸੀਂ ਵੱਡੇ ਪੱਧਰ 'ਤੇ PLEA ਬਣਾਈ, ਜਿਸ ਵਿਚ ਅਸੀਂ ਸਾਰੇ ਗਰੇਟਰ ਵੈਨਕੂਵਰ ਦੇ ਦੋਸਤ ਇਕੱਠੇ ਕੀਤੇ। ਉਸ ਲੈਵਲ 'ਤੇ ਸਾਨੂੰ ਕਾਮਯਾਬੀ ਮਿਲ ਗਈ। ਵੈਨਕੂਵਰ ਦਾ ਜਿਹੜਾ ਵਾਲਟਰ ਮੋਬਰਲੀ ਸਕੂਲ ਹੈ, ਜਿਸ ਵਿਚ ਪੰਜਾਬੀ ਦੀ ਪੜ੍ਹਾਈ ਸਭ ਤੋਂ ਪਹਿਲਾਂ ਸ਼ੁਰੂ ਹੋਈ, ਉਹ ਸ਼ੁਰੂ ਕਰਾਉਣ ਵਿਚ ਮੈਂ ਕਾਫ਼ੀ ਜ਼ਿੰਮੇਵਾਰੀ ਦਾ ਰੋਲ ਨਿਭਾਇਆ ਹੈ। ਕਲਾਸ ਸ਼ੁਰੂ ਕਰਨ ਲਈ ਘੱਟੋ-ਘੱਟ ਛੱਬੀ ਬੱਚੇ ਚਾਹੀਦੇ ਸਨ। ਮਿਥੀ ਤਰੀਕ ਕਈ ਵਾਰ ਵਧਾਈ ਜਾ ਚੁੱਕੀ ਸੀ ਪਰ ਬੱਚੇ ਪੂਰੇ ਨਹੀਂ ਸੀ ਹੋ ਰਹੇ। ਮਾਪੇ ਚਾਹੁੰਦੇ ਸਨ ਕਿ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਹੋਣ ਪਰ ਬੱਚਾ ਘਰ ਜਾ ਕੇ ਕਹਿੰਦਾ ਸੀ ਕਿ ਮੈਂ ਨਹੀਂ ਪੰਜਾਬੀ ਪੜ੍ਹਨੀ। ਅਖ਼ੀਰ ਜੇ ਮੈਂ ਬਹੁਤਾ ਕ੍ਰੈਡਿਟ ਨਾ ਲਵਾਂ ਤਾਂ ਮੈਂ ਤੇ ਨਛੱਤਰ ਰੋਡੇ ਨੇ ਇਹ ਜ਼ਿੰਮਾ ਚੁੱਕਿਆ ਕਿ ਅਸੀਂ ਛੱਬੀ ਬੱਚੇ ਪੂਰੇ ਕਰਾਂਗੇ। ਘਰੋ-ਘਰ ਜਾ ਕੇ ਅਸੀਂ ਸਾਈਨ ਕਰਵਾਉਣੇ। ਜਿਹੜੇ ਮਾਪੇ ਦੁਚਿੱਤੀ 'ਚ ਸਨ, ਜੋ ਕਦੇ ਬੱਚੇ ਵੱਲ ਹੋ ਜਾਂਦੇ। ਉਨ੍ਹਾਂ ਨੂੰ ਲਗਦਾ ਕਿ ਜੇ ਬੱਚਾ ਫ਼ਰੈਂਚ 'ਚ ਪੜ੍ਹ ਜਾਊਗਾ ਤਾਂ ਚੰਗਾ ਰਹੂਗਾ। ਉਨ੍ਹਾਂ ਨੂੰ ਕਨਵੈਂਸ ਕਰਨਾ ਦਲੀਲਾਂ ਦੇ ਕੇ, ਅੰਕੜੇ ਦੱਸ ਕੇ। ਇਕ ਪਰਿਵਾਰ ਦੇ ਦੋ ਬੱਚੇ ਸਾਈਨ ਕਰਨ ਲਈ ਮੈਨੂੰ ਤਿੰਨ ਘੰਟੇ ਉਨ੍ਹਾਂ ਦੇ ਘਰ ਬੈਠਣਾ ਪਿਆ। ਜੇ ਉਹ ਸਾਈਨ ਨਾ ਹੁੰਦੇ ਤਾਂ ਸ਼ਾਇਦ ਪੰਜਾਬੀ ਦੀ ਕਲਾਸ ਸ਼ੁਰੂ ਨਹੀਂ ਸੀ ਹੋਣੀ। ਇਹ ਕੰਮ ਔਖਾ ਵੀ ਸੀ। ਇਕ ਕਿਸਮ ਦਾ ਕਹਿ ਲਵੋ 'ਲਵ ਆਫ਼ ਲੇਬਰ' ਹੈ। ਇਹਦਾ ਕੋਈ ਇਵਜ਼ਾਨਾਂ ਨਹੀਂ ਮਿਲਦਾ। ਪਰ ਅੰਦਰ ਖੁਸ਼ੀ ਮਹਿਸੂਸ ਹੁੰਦੀ ਸੀ ਕਿ ਮੈਂ ਉਸ ਪਾਸੇ ਵੱਲ ਕਦਮ ਪੁੱਟ ਰਿਹਾ ਹਾਂ, ਜਿਹੜਾ ਕੰਮ ਮੈਂ ਕੱਲ੍ਹ ਨੂੰ ਹੋਇਆ ਦੇਖਣਾ ਚਾਹੁੰਦਾ ਹਾਂ। ਪੰਜਾਬੀ ਲਈ ਕੁਝ ਕਰ ਕੇ ਮੈਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਕਿਉਂਕਿ ਜੇ ਪੰਜਾਬੀ ਜ਼ੁਬਾਨ ਦੀ ਇੱਜ਼ਤ ਵਧਦੀ ਹੈ ਤਾਂ ਬਤੌਰ ਪੰਜਾਬੀ ਮੇਰੀ ਇੱਜ਼ਤ ਵਧਦੀ ਹੈ। ਪਰ ਹੌਲੀ-ਹੌਲੀ ਮੇਰਾ ਯੋਗਦਾਨ ਘਟਦਾ ਰਿਹਾ। ਸਿਹਤ ਇਜਾਜ਼ਤ ਨਹੀਂ ਦਿੰਦੀ (ਅੱਖਾਂ ਭਰ ਆਉਂਦੇ ਹਨ)। ਫੇਰ ਵੀ ਜੋ ਕੁਝ ਕਰ ਸਕਦਾ ਹਾਂ, ਕਰੀ ਜਾਂਦਾ ਹਾਂ।

**ਤੁਹਾਡੇ ਖਿਆਲ਼ 'ਚ ਬੀ ਸੀ 'ਚ ਪੰਜਾਬੀ ਦਾ ਕੀ ਭਵਿੱਖ਼ ਹੈ?**

**ਅਮਨਪਾਲ:** ਮੈਂ ਆਸਵੰਦ ਹੀ ਹਾਂ। ਪਰ ਦੂਜੇ ਪਾਸੇ ਮੈਨੂੰ ਇਹ ਡਰ ਵੀ ਹੈ ਕਿ ਅਸੀਂ ਕਿਤੇ ਫ਼ਿਲਮਾਂ ਜਾਂ ਟੀ ਵੀ 'ਤੇ ਪੰਜਾਬੀ ਨਾਚ-ਗਿੱਧੇ ਦੀ ਪੇਸ਼ਕਾਰੀ ਨੂੰ ਹੀ ਭਾਸ਼ਾ ਸਮਝ ਕੇ ਸੰਤੁਸ਼ਟ ਜਿਹਾ ਹੋ ਕੇ ਨਾ ਬੈਠ ਜਾਈਏ। ਭੰਗੜੇ ਦੀਆਂ ਟੇਪਾਂ ਨਾਲ ਜੇ ਬੱਚੇ ਨੱਚਣ ਲੱਗ ਪਏ ਹਨ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹ ਧੁਰੋਂ ਪੰਜਾਬੀ ਬਣ ਗਏ ਹਨ। ਉਨ੍ਹਾਂ ਨੂੰ ਪੰਜਾਬੀ ਬਣਾਉਨ ਲਈ ਪੰਜਾਬੀ ਭਾਸ਼ਾ ਦੀ ਸ਼ਬਦਾਵਲ਼ੀ, ਵਿਆਕਰਣ ਤੇ ਪੰਜਾਬੀ ਜੀਵਨ-ਜਾਚ ਸਿਖਾਉਣੀ ਚਾਹੀਦੀ ਹੈ, ਫੇਰ ਹੀ ਅਸੀਂ ਤਸੱਲੀ ਮਹਿਸੂਸ ਕਰ ਸਕਦੇ ਹਾਂ।

**ਸਾਹਿਤ ਵੱਲ ਮੁੜੀਏ? ਤੁਸੀਂ ਕਵਿਤਾ ਤੇ ਕਹਾਣੀ 'ਚੋਂ ਪਹਿਲਾਂ ਕਿਸ ਵਿਧਾ 'ਚ ਲਿਖਣ ਲੱਗੇ?**

**ਅਮਨਪਾਲ:** ਅਸਲ 'ਚ ਸੁਆਲ ਇਹ ਹੋਣਾ ਚਾਹੀਦਾ ਸੀ ਕਿ ਲਿਖਣਾ ਕਦੋਂ ਸ਼ੁਰੂ ਕੀਤਾ। ਮੈਂ ਸੰਨ ਚੁਰਾਸੀ 'ਚ ਲਿਖਣਾ ਸ਼ੁਰੂ ਕੀਤਾ। ਦਰਬਾਰ ਸਾਹਿਬ 'ਤੇ ਜਦ ਹਮਲ਼ਾ ਹੋਇਆ, ਉਸਦਾ ਜੋ ਪ੍ਰਤੀਕਰਮ ਵੈਨਕੂਵਰ 'ਚ ਹੋਇਆ, ਉਸ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਉਦੋਂ ਮੈਂ ਮਹਿਸੂਸ ਕੀਤਾ ਕਿ ਹੁਣ ਮੇਰੀ ਲੋੜ ਹੈ ਆਪਣੇ-ਆਪ ਨੂੰ ਅਭਿਵਿਅਕਤ ਕਰਨ ਦੀ। ਸਭ ਤੋਂ ਪਹਿਲਾਂ ਮੈਂ ਚਿੱਠੀ ਲਿਖੀ 'ਇੰਡੋ-ਕਨੇਡੀਅਨ ਟਾਈਮਜ਼' ਨੂੰ। ਉਨ੍ਹਾਂ ਉਹ ਛਾਪੀ ਨਾ ਕਿਉਂਕਿ ਉਸ ਚਿੱਠੀ 'ਚ

ਮੈਂ ਉਸ ਅਖ਼ਬਾਰ ਦੀ ਵੀ ਅਲੋਚਨਾ ਕੀਤੀ ਸੀ। ਬਾਅਦ ਵਿਚ 'ਕੈਨੇਡਾ ਦਰਪਣ' ਨੇ ਛਾਪ ਦਿੱਤੀ। ਪਰ ਚਿੱਠੀ ਲਿਖ ਕੇ ਮੈਨੂੰ ਤਸੱਲੀ ਨਾ ਹੋਈ। ਮੈਂ ਕਹਿਣਾ ਚਾਹੁੰਦਾ ਸੀ ਕਿ ਅੰਨ੍ਹਾ ਜ਼ਾਨੂੰਨ ਖ਼ਰਾਬੀ ਕਰਦਾ ਹੈ। ਮੈਂ ਮਹਿਸੂਸ ਕੀਤਾ ਕਿ ਇਹ ਗੱਲ ਕਿਸੇ ਕਲ਼ਾ ਰਾਹੀਂ ਕਹੀ ਜਾਵੇ ਤਾਂ ਜ਼ਿਆਦਾ ਪ੍ਰਭਾਵਸ਼ਾਲੀ ਹੋਵੇਗੀ। ਸੋ ਮੈਂ ਪਹਿਲੀ ਨਜ਼ਮ 'ਜਨੂੰਨ' ਲਿਖੀ। ਉਹ ਗੁਰਸ਼ਰਨ ਸਿੰਘ ਹੋਰਾਂ ਦੇ ਪਰਚੇ 'ਸਮਤਾ' ਵਿਚ ਛਪ ਗਈ। ਮੈਨੂੰ ਬਹੁਤ ਹੌਸਲ਼ਾ ਮਿਲਿਆ। ਇਕ ਹੋਰ ਕਵਿਤਾ ਲਿਖੀ 'ਲੋੜ'। ਕਵੀ ਦਰਬਾਰਾਂ 'ਚ ਇਹ ਦੋ ਕਵਿਤਾਵਾਂ ਬੋਲਣ 'ਤੇ ਮੇਰਾ ਕਵੀਆਂ 'ਚ ਨਾਂ ਵੱਜਣ ਲੱਗ ਪਿਆ। ਪਰ ਮੁਖ ਤੌਰ 'ਤੇ ਚੁਰਾਸੀ-ਪਚਾਸੀ ਸੰਨ 'ਚ ਮੈਂ ਡਰਾਮੇ ਵੱਲ ਹੀ ਜ਼ਿਆਦਾ ਰੁਚਿਤ ਸੀ। ਫੇਰ ਸੰਨ ਛਿਆਸੀ 'ਚ ਸਾਧੂ ਬਿਨਿੰਗ ਦੀ ਹੱਲਾਸ਼ੇਰੀ ਸਦਕਾ ਮੈਂ ਪੰਜਾਬੀ ਲੇਖ਼ਕ ਮੰਚ ਦੀਆਂ ਬੈਠਕਾਂ 'ਚ ਜਾਣ ਲੱਗਾ। ਬੈਠਕ ਦਾ ਮਾਹੌਲ ਦੇਖ ਕੇ, ਆਲੋਚਨਾ ਹੁੰਦੀ ਦੇਖ ਕੇ ਮੈਨੂੰ ਬੜਾ ਵਧੀਆ ਲੱਗਣਾ। ਉਨ੍ਹਾਂ ਦਿਨਾਂ 'ਚ ਮੈਂ ਬਲਰਾਜ ਸਾਹਨੀ ਦੀ ਸਵੈ-ਜੀਵਨੀ ਪੜ੍ਹਦਾ ਸੀ। ਉਸ ਵਿਚ ਉਹ ਇਕ ਥਾਂ ਕਹਿੰਦਾ ਹੈ , ਮੈਂ ਆਪਣੇ ਆਪ ਨੂੰ ਐਕਟਰ ਕਹਾਉਣ ਨਾਲੋਂ ਵਧੀਆ ਰਾਈਟਰ ਕਹਾਉਣ 'ਚ ਜ਼ਿਆਦਾ ਫ਼ਖ਼ਰ ਮਹਿਸੂਸ ਕਰਦਾ ਹਾਂ। ਮੈਨੂੰ ਉਹ ਗੱਲ ਬਹੁਤ ਵਧੀਆ ਲੱਗੀ। ਇਸ ਤਰ੍ਹਾਂ ਸਾਹਿਤ ਵੱਲ ਮੇਰੀ ਲਗਨ ਵਧਦੀ ਗਈ। ਵੈਨਕੂਵਰ-ਸੱਥ ਦੀਆਂ ਮੀਟਿੰਗਾਂ ਵਿਚ ਵੀ ਬਹੁਤ ਕੁਝ ਵਿਚਾਰਿਆ ਜਾਂਦਾ ਸੀ। ਕਈ ਵਾਰ ਮਤੇ ਪਾਸ ਕਰ ਕੇ ਭੇਜਣੇ, ਰੀਪੋਰਟਾਂ ਲਿਖਣੀਆਂ। ਲਿਖਣ ਦੀ ਜ਼ਿੰਮੇਵਾਰੀ ਮੈਨੂੰ ਦੇ ਦਿੱਤੀ। ਲਿਖਣ ਦਾ ਮੈਨੂੰ ਸ਼ੌਂਕ ਜਿਹਾ ਹੋ ਗਿਆ। ਸੰਨ ਅਨਾਨਵੇਂ-ਨੱਬੇ 'ਚ ਮੈਂ ਐਕਟਿੰਗ ਦਾ ਕੋਰਸ ਕਰਦਾ ਸੀ। ਉਸ ਕੋਰਸ ਦੇ ਦੌਰਾਨ ਮੈਨੂੰ ਲਿਖਣ, ਬੋਲਣ ਅਤੇ ਸਕ੍ਰਿਪਟ ਪੜ੍ਹਨ ਦਾ ਗੁਰ ਸਮਝ ਆਇਆ ਕਿ ਸ਼ਬਦ ਨੂੰ ਇਸ ਹਿਸਾਬ ਨਾਲ ਲਿਖਣਾ ਹੈ ਕਿ ਵਧੀਆ ਐਕਟਰ ਨੂੰ ਆਪਣੇ ਆਪ ਸਮਝ ਆ ਜਾਵੇ ਕਿ ਉਸ ਨੂੰ ਕਿਸ ਤਰਜ਼ 'ਚ ਬੋਲਣਾ ਹੈ। ਜਿਵੇਂ ਕਹਿੰਦੇ ਹੁੰਦੇ ਹਨ Reading between the lines ਮੈਨੂੰ ਉਦੋਂ ਪਤਾ ਲੱਗਾ। ਉਨ੍ਹਾਂ ਦਿਨਾਂ 'ਚ ਫਿਰ ਮੈਂ ਪਹਿਲੀ ਕਹਾਣੀ 'ਮਾਰਗਰੀਤਾ' ਲਿਖੀ ਨੱਬੇ ਸੰਨ 'ਚ। ਲੋਕਾਂ ਨੇ ਪਸੰਦ ਕੀਤੀ ਹਾਲਾਂ ਕਿ ਉਹ ਇਕ ਕਿਸਮ ਦੀ ਜਰਨਲਿਸਟਕ ਗੱਲ ਸੀ ਪਰ ਥੋੜ੍ਹਾ ਜਿਹਾ ਕਲ਼ਪਨਾ ਦਾ ਅੰਸ਼ ਵੀ ਸੀ। ਉਸ ਤੋਂ ਬਾਅਦ ਨੱਬੇ-ਇਕਾਨਵੇਂ ਸੰਨ 'ਚ ਤਿੰਨ-ਚਾਰ ਕਹਾਣੀਆਂ ਛੇਤੀਂ-ਛੇਤੀਂ ਲਿਖ ਦਿੱਤੀਆਂ। ਕਿਉਂਕਿ ਉਦੋਂ ਡਰਾਮੇ ਵੀ ਕਰਦੇ ਹੁੰਦੇ ਸੀ। ਪਾਤਰ ਘੜਨ ਦੀ, ਪਾਤਰ ਪੇਸ਼ ਕਰਨ ਦੀ ਅਤੇ ਪਾਤਰ ਦੀ ਬੋਲੀ ਦੀ ਮੈਨੂੰ ਨਾਲ਼-ਨਾਲ਼ ਸਮਝ ਆਉਂਦੀ ਗਈ। ਸੋ ਦੋਨੋਂ ਹੁਨਰ ਨਾਲ਼-ਨਾਲ਼ ਵਿਕਸਤ ਹੁੰਦੇ ਗਏ। ਪਾਤਰ ਉਸਾਰੀ 'ਤੇ ਪਕਿਆਈ ਐਕਟਰ ਪੱਖੋਂ ਵੀ ਤੇ ਰਾਈਟਰ ਪੱਖੋਂ ਵੀ ਹੁੰਦੀ ਗਈ। ਐਕਟਿੰਗ ਸਕੂਲ 'ਚ ਜਿਹੜਾ ਪਾਤਰ ਤੁਸੀਂ ਖੇਲ੍ਹ ਰਹੇ ਹੋ, ਉਸ ਬਾਰੇ ਰੀਸਰਚ ਕਰਨੀ ਸਿਖਾਈ ਜਾਂਦੀ ਹੈ। ਉਸ ਸਮੇਂ ਦਾ, ਸਮੇਂ ਦੀ ਸਮਾਜਕ, ਆਰਥਿਕ ਤੇ ਰਾਜਨੀਤਕ ਹਾਲਾਤ ਦਾ ਗਿਆਨ ਪ੍ਰਾਪਤ ਕਰੋ ਕਿਉਂਕਿ ਹਰੇਕ ਚੀਜ਼ ਨੇ ਪਾਤਰ ਦੇ ਮਾਈਂਡ ਨੂੰ ਪ੍ਰਭਾਵਤ ਕਰਨਾ ਹੁੰਦਾ ਹੈ। ਸੋ ਇਹ ਗੁਰ ਜਦੋਂ ਮੈਂ ਆਪਣੀ ਲਿਖਤ 'ਚ ਪੇਸ਼ ਕਰਨੇ, ਮੈਨੂੰ ਵਧੀਆ ਲੱਗਣਾ। ਕਵਿਤਾ ਬਾਰੇ ਇਸ ਤਰ੍ਹਾਂ ਹੈ ਕਿ ਮੈਂ ਕੋਈ ਸਾਹਿਤਕ ਫ਼ੰਕਸ਼ਨ ਮਿੱਸ ਨਹੀਂ ਸੀ ਕਰਦਾ ਹੁੰਦਾ। ਉੱਥੇ ਹਰ ਵੇਲ਼ੇ ਤਾਂ ਕਹਾਣੀ ਨਹੀਂ ਸੁਣਾ ਸਕਦੇ। ਉੱਥੇ ਲਈ ਮੈਂ ਕੋਈ ਕਵਿਤਾ ਲਿਖ ਲੈਣੀ। ਦੋ-ਤਿੰਨ ਕਵਿਤਾਵਾਂ 'ਚ ਤਾਂ ਲੋਕਾਂ ਨੇ ਬਹੁਤ ਹੱਲਾਸ਼ੇਰੀ ਦਿੱਤੀ। ਇਕ ਕਵਿਤਾ ਮੈਂ ਲਿਖੀ ਸੀ 'ਸਨੋਅ ਤੇ ਗਾਰਾ'। ਉਹ ਮੈਨੂੰ ਤਾਂ ਬਹੁਤ ਵਧੀਆ ਲਗਦੀ ਸੀ। ਮੈਂ ਬੜੇ ਚਾਅ ਨਾਲ ਸੁਣਾਈ। ਮੰਚ ਦੀ ਬੈਠਕ ਤੋਂ ਬਾਅਦ ਮੈਂ, ਸੁਖਵੰਤ ਹੁੰਦਲ ਤੇ ਗੁਰਮੇਲ ਰਾਏ ਬੈਠੇ। ਜਦੋਂ ਦੋ-ਦੋ ਪੈਗ ਲਾ ਲਏ, ਮੈਂ ਪੁੱਛਿਆ ਕਿੱਦਾਂ ਲੱਗੀ ਕਵਿਤਾ? ਸੁਖਵੰਤ ਕਹਿੰਦਾ, "ਜੇ ਸੱਚੀਂ ਪੁੱਛਦੈਂ ਤਾਂ ਫ਼ਜ਼ੂਲ, ਆਰਾਮ ਨਾਲ ਕਹਾਣੀ ਲਿਖ।" ਮੈਂ ਬਹੁਤ ਡਸਕ੍ਰੇਜ ਹੋਇਆ। ਨਾਲ ਉਸ ਨੇ ਚੈਲਿੰਜ ਵੀ ਦੇ ਦਿੱਤਾ। ਉਸ ਤੋਂ ਬਾਅਦ ਮੈਂ ਕਵਿਤਾ ਨੂੰ ਸਮਝਣਾ ਸ਼ੁਰੂ ਕੀਤਾ। ਫੇਰ ਕੁਝ ਨਿਖ਼ਾਰ ਆਇਆ ਮੇਰੀਆਂ ਕਵਿਤਾਵਾਂ ਵਿਚ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜਦੋਂ ਤੁਹਾਨੂੰ ਕੋਈ ਫੁਰਨਾ ਫੁਰਦਾ ਹੈ ਤਾਂ ਤਤਕਾਲੀ ਪ੍ਰਗਟਾਅ ਕਵਿਤਾ ਹੀ ਵਧੀਆ ਕਰ ਸਕਦੀ ਹੈ। ਜਿਸ ਵੇਲ਼ੇ ਮੈਨੂੰ ਇਸ ਤਰ੍ਹਾਂ ਕੋਈ ਫੁਰਨਾ

ਫ਼ੁਰਦਾ, ਮੈਂ ਕਵਿਤਾ ਪੂਰੀ ਕਰ ਕੇ ਉੱਠਣਾ। ਕਵਿਤਾਵਾਂ ਮੈਂ ਸਾਰੀਆਂ ਇਸ ਤਰ੍ਹਾਂ ਹੀ ਲਿਖੀਆਂ ਹਨ। ਕਵਿਤਾ ਮੇਰੀ ਕਦੇ ਕੋਈ ਲਟਕਦੀ ਨਹੀਂ ਰਹੀ। ਜਦ ਇਕ ਵਾਰ ਮਨ 'ਚ ਆ ਗਈ ਚਾਰ, ਛੇ,ਅੱਠ ਲਾਈਨਾਂ ਦੀ ਕਵਿਤਾ ਪੂਰੀ ਕਰ ਕੇ ਹੀ ਉੱਠਦਾ। ਕਹਾਣੀਆਂ ਦੀ ਕਿਤਾਬ, 'ਸਰਦ ਰਿਸ਼ਤੇ' ਪਹਿਲਾਂ ਛਪ ਗਈ ਸੀ। ਕਵਿਤਾਵਾਂ ਹੁਣ ਤਕ ਕੋਈ ਤੀਹ-ਪੈਂਤੀ ਲਿਖੀਆਂ ਹਨ। ਮੈਂ ਚਾਹੁੰਦਾ ਹੁੰਦਾ ਸੀ ਕਿ ਕਵਿਤਾ ਕਦੇ ਗੀਤ ਦੇ ਰੂਪ 'ਚ ਗਾਈ ਵੀ ਜਾਵੇ। ਕੁਝ ਮੈਂ ਛੰਦ-ਬੱਧ ਕਰਨ ਦੀ ਕੋਸ਼ਿਸ਼ ਵੀ ਕਰਦਾ ਬੇਸ਼ੱਕ ਮੈਨੂੰ ਪਤਾ ਹੈ ਕਿ ਬਹੁਤ ਸਾਰੀਆਂ ਊਣਤਾਈਆਂ ਹਨ ਪਰ ਫੇਰ ਵੀ ਗੁਜ਼ਾਰੇ ਜੋਗੀ ਲਿਖ ਲੈਂਦਾ ਹਾਂ। ਕੁਝ ਕਵਿਤਾਵਾਂ ਵਿਸ਼ੇ ਦੇ ਪੱਖੋਂ ਬਹੁਤ ਭਾਰੀਆਂ ਹਨ। ਆਮ ਲੋਕਾਂ ਨੂੰ ਸਮਝ ਨਹੀਂ ਆਉਂਦੀਆਂ ਜਿਵੇਂ 'ਖੋਏ ਵਾਲੀ ਕੁਲਫ਼ੀ' ਤੇ 'ਪਗਡੰਡੀਆਂ'। ਮੇਰਾ ਖ਼ਿਆਲ ਹੈ ਕਿ ਬਹੁਤੇ ਆਲੋਚਕ ਵੀ ਇਨ੍ਹਾਂ ਕਵਿਤਾਵਾਂ ਨੂੰ ਸਮਝ ਨਹੀਂ ਸਕੇ। ਜਾਂ ਬਤੌਰ ਕਵੀ ਮੈਂ ਆਪਣੇ ਆਪ ਨੂੰ ਠੀਕ ਤਰ੍ਹਾਂ ਪੇਸ਼ ਨਹੀਂ ਕਰ ਸਕਿਆ। ਕਵਿਤਾ ਦੀ ਮਹੱਤਤਾ ਮੈਂ ਇਹ ਵੀ ਸਮਝਦਾ ਹਾਂ ਕਿਉਂਕਿ ਇਹ ਲੋਕਾਂ ਨੇ ਸੁਣਨੀ ਵੀ ਹੈ ਤੇ ਇਸ ਨੇ ਅਸਰ ਵੀ ਜ਼ਿਆਦਾ ਛੱਡਣਾ ਹੈ, ਗੀਤਾਂ ਵਿਚ ਗਾਈ ਵੀ ਜਾਣੀ ਹੈ। ਪੰਜਾਬੀ ਕਲ਼ਚਰ ਵੀ ਵਕਤਾ ਮੁਖੀ ਹੈ। ਸੁਣ ਤਾਂ ਘੰਟਿਆਂ ਤਕ ਜਾਊਗਾ ਪਰ ਪੜ੍ਹ ਨਹੀਂ ਸਕਦਾ। ਮੈਨੂੰ ਇਹ ਵੀ ਪਤਾ ਹੈ ਕਿ ਹੋਰ ਵੀ ਬਹੁਤ ਸਾਰੇ ਲੋਕ ਕਵਿਤਾ ਲਿਖ ਰਹੇ ਹਨ। ਮੈਂ ਜੇ ਕਿਸੇ ਗੱਲ ਬਾਰੇ ਫ਼ੁਰਲੀ ਜਿਹੀ ਛੱਡ ਕੇ ਹਟ ਜਾਵਾਂ ਤਾਂ ਬਤੌਰ ਲੇਖਕ ਮੈਂ ਆਪਣੀ ਜ਼ਿੰਮੇਵਾਰੀ ਤੋਂ ਕਤਰਾਅ ਰਿਹਾ ਹੋਵਾਂਗਾ। ਉਸ ਲਈ ਫੇਰ ਕਹਾਣੀ ਦੇ ਰੂਪ ਦੀ ਲੋੜ ਪੈਂਦੀ ਹੈ ਜਾਂ ਨਾਟਕ ਦੀ। ਜਦੋਂ ਖੁੱਲ੍ਹ ਕੇ ਗੱਲ ਬਿਆਨ ਕਰਨੀ ਹੋਵੇ ਤਾਂ ਕਹਾਣੀ ਨੂੰ ਮੈਂ ਸਭ ਤੋਂ ਵਧੀਆ ਵਿਧਾ ਸਮਝਦਾ ਹਾਂ ਕਿਉਂਕਿ ਇਹ ਫ਼ਿਲਮਾਈ ਵੀ ਜਾ ਸਕਦੀ ਹੈ, ਪੜ੍ਹਾਈ ਵੀ ਜਾ ਸਕਦੀ ਹੈ, ਪੁਸਤਕ 'ਚੋਂ ਪੜ੍ਹੀ ਵੀ ਜਾ ਸਕਦੀ ਹੈ, ਰੇਡੀਓ ਰਾਹੀਂ ਸੁਣਾਈ ਵੀ ਜਾ ਸਕਦੀ ਹੈ। ਇਸ ਕਰਕੇ ਇਹ ਜ਼ਿਆਦਾ ਮਹੱਤਵਪੂਰਨ ਹੈ। ਲੋਕ ਲੰਬਾ ਨਾਵਲ ਨਹੀਂ ਪੜ੍ਹਦੇ। ਐਨਾ ਟਾਈਮ ਹੀ ਨਹੀਂ। ਕਹਾਣੀ ਥੋੜ੍ਹੇ ਸ਼ਬਦਾਂ 'ਚ ਗੱਲ ਕਹਿ ਸਕਣ ਦੇ ਕਾਬਲ ਹੈ। ਇਸ ਕਰਕੇ ਫੇਰ ਮੈਂ ਕਹਾਣੀ 'ਤੇ ਜ਼ਿਆਦਾ ਫ਼ੋਕਸ ਰੱਖਿਆ।

**ਕਹਾਣੀ ਤੁਸੀਂ ਲਿਖਦੇ ਕਿਵੇਂ ਹੋ? ਜਿਵੇਂ ਤੁਸੀਂ ਕਿਹਾ ਹੈ ਕਿ ਕਵਿਤਾ ਜਦੋਂ ਮਨ 'ਚ ਆ ਗਈ ਫੇਰ ਲਿਖ ਕੇ ਹੀ ਉੱਠਦੇ ਹੋ, ਕਹਾਣੀ ਬਾਰੇ ਵੀ ਦੱਸੋ।**

**ਅਮਨਪਾਲ:** ਕਹਾਣੀ ਇਕ ਬੈਠਕ 'ਚ ਨਹੀਂ ਲਿਖ ਹੁੰਦੀ। ਕਨਸੀਵ ਜ਼ਰੂਰ ਇਕ ਬੈਠਕ 'ਚ ਹੋ ਜਾਂਦੀ ਹੈ। ਹੁਣ ਮੇਰੇ ਦਿਮਾਗ਼ 'ਚ ਚਾਰ-ਪੰਜ ਕਹਾਣੀਆਂ ਹਨ। ਉਨ੍ਹਾਂ ਵਿਚਾਰਾਂ ਨੇ ਜਦੋਂ ਜਨਮ ਲਿਆ ਸੀ, ਉਸ ਵੇਲ਼ੇ ਮੈਨੂੰ ਇਹ ਪਤਾ ਸੀ ਕਿ ਕਹਾਣੀ ਦਾ ਅੰਤ ਕੀ ਹੈ। ਮੈਂ ਅੰਤ ਤੋਂ ਕਹਾਣੀ ਸੋਚਣੀ ਸ਼ੁਰੂ ਕਰਦਾ ਹਾਂ। ਫਿਰ ਸੋਚਦਾ ਹਾਂ ਕਿ ਸਭ ਤੋਂ ਢੁੱਕਵਾਂ ਆਰੰਭ ਕੀ ਹੋਵੇਗਾ। ਸਿਧਾਂਤਕ ਤੌਰ 'ਤੇ, ਜਿਵੇਂ ਸਵਰਨ ਚੰਦਨ ਕਹਿੰਦਾ ਹੈ ਕਿ ਇਹ ਇਕ ਗੋਲ਼ ਦਾਇਰਾ ਹੈ। ਜੇ ਐਂਟਰੀ ਤੁਹਾਡੀ ਠੀਕ ਹੈ ਤਾਂ ਐਗਜ਼ਿਟ ਠੀਕ ਹੋਵੇਗਾ। ਫੇਰ ਮੈਂ ਪਾਤਰ ਘੜ ਲੈਂਦਾ ਹਾਂ। ਫੇਰ ਮੈਂ ਪਾਤਰਾਂ ਨੂੰ ਡੋਰਾਂ ਪਾਉਂਦਾ ਹਾਂ ਕਿ ਇੱਥੋਂ ਇਸ ਨੂੰ ਇੰਨਾ ਕੁ ਖਿੱਚਣਾ ਹੈ ਤੇ ਉਸ ਲਈ ਇਹ ਜ਼ਰੀਆ ਅਪਣਾਉਣਾ ਹੈ। ਅਖ਼ੀਰ ਮੈਨੂੰ ਪਤਾ ਲੱਗਦਾ ਹੈ ਕਿ ਜੇ ਕਹਾਣੀ ਇੱਥੋਂ ਸ਼ੁਰੂ ਕਰਾਂ ਤਾਂ ਹੀ ਗੱਲ ਬਣਨੀ ਹੈ। ਮੇਰੀਆਂ ਸਾਰੀਆਂ ਲੰਬੀਆਂ ਕਹਾਣੀਆਂ ਅੰਤ ਤੋਂ ਸ਼ੁਰੂ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਲੇਖਕ ਦੇ ਤੌਰ 'ਤੇ ਤੁਹਾਡੀ ਪ੍ਰਾਪਤੀ ਇਹ ਹੈ ਕਿ ਪਾਠਕ ਨੂੰ ਪਤਾ ਨਾ ਲੱਗੇ ਕਿ ਲੇਖਕ ਦੀ ਮਨਸ਼ਾ ਤੁਹਾਨੂੰ ਇੱਥੇ ਪਹੁੰਚਾਉਣ ਦੀ ਹੈ। ਉਹ ਤੁਹਾਡੇ ਨਾਲ ਨਾਲ਼ ਤੁਰਿਆ ਜਾਵੇ। ਉਹਦੀ ਚੇਤਨਾ ਨੂੰ ਆਪਣੀ ਹਮਸਫ਼ਰ ਬਣਾ ਕੇ ਤੁਰੋ। ਸਥਿਤੀ ਉਸਦੇ ਸਾਹਮਣੇ ਇਸ ਤਰ੍ਹਾਂ ਖੋਲ੍ਹੋ ਕਿ ਉਸ ਨੂੰ ਲੱਗੇ ਕਿ ਵਾਕਿਆ ਹੀ ਇਸ ਤਰ੍ਹਾਂ ਹੋ ਸਕਦਾ ਹੈ। ਅਖ਼ੀਰ 'ਤੇ ਨਾਟਕੀ ਮੋੜ ਬਾਰੇ ਮੈਂ ਬਹੁਤ ਚੇਤੰਨ ਹੁੰਦਾ ਹਾਂ। ਜੇ ਤੁਸੀਂ ਸਹੀ ਨਾਟਕੀ ਮੋੜ ਦੇ ਗਏ ਤਾਂ ਤੁਸੀਂ ਕਾਮਯਾਬ ਹੋ। ਨਾਟਕੀ ਮੋੜ ਤੋਂ ਮਤਲਬ ਹੈ ਕਿ ਜੇ ਤੁਸੀਂ ਪਾਠਕ ਦੀ ਚੇਤਨਾ ਨੂੰ ਤੁਣਕਾ ਨਹੀਂ ਮਾਰਦੇ, ਉਸ ਵਿਚ ਕੁਝ ਨਵਾਂ ਨਹੀਂ ਐਡ ਕਰਦੇ ਤਾਂ ਫਿਰ ਲਿਖਣ ਦਾ ਕੋਈ ਫ਼ਾਇਦਾ ਨਹੀਂ।

**ਤੁਹਾਡੇ ਖਿਆਲ 'ਚ ਮੁਖ ਪਾਤਰ 'ਚ ਕੁਝ ਬਦਲਾਵ ਆਉਣਾ ਜ਼ਰੂਰੀ ਹੈ ਕਹਾਣੀ ਦੇ ਆਖ਼ਿਰ 'ਚ?**

**ਅਮਨਪਾਲ:** ਸਿਧਾਂਤਕ ਤੌਰ 'ਤੇ ਦੋ ਗੱਲਾਂ ਹੋਣੀਆਂ ਚਾਹੀਦੀਆਂ ਹਨ। ਜਾਂ ਤਾਂ ਕਹਾਣੀ ਦਾ ਮੁਖ-ਪਾਤਰ ਆਪਣੀਆਂ ਕੀਮਤਾਂ ਬਦਲੇ ਜਾਂ ਸਥਿਤੀ ਨਾਲ ਲੜਨ ਜੋਗੀ ਹਿੰਮਤ ਪ੍ਰਾਪਤ ਕਰੇ। ਸਬ-ਪਲਾਟ ਕੋਈ ਐਹੋ ਜਿਹਾ ਹੋਵੇ, ਜਿਹੜਾ ਉਸ ਨੂੰ ਇਸ ਪਾਸੇ ਵੱਲ ਉਕਸਾਵੇ। ਮੇਰੇ ਹਿਸਾਬ 'ਚ ਇਹ ਗ਼ਲਪ ਦਾ ਬੁਨਿਆਦੀ ਨੁਕਤਾ ਹੈ। ਜਿਹੜੀ ਚੀਜ਼ ਨੇ ਉਸ ਨੂੰ ਪ੍ਰਭਾਵਤ ਕਰਨਾ ਹੈ, ਜਿਸ ਢੰਗ ਨਾਲ ਟੋਟਲੀ ਟਰਨ ਅਰਾਂਊਂਡ ਹੋ ਜਾਵੇ, ਉਸ ਉੱਪਰ ਜਿੰਨੀ ਬਾਰੀਕੀ ਨਾਲ਼ ਤੁਸੀਂ ਕੰਮ ਕਰੋਗੇ, ਓਨੀ ਹੀ ਕਾਮਯਾਬੀ ਮਿਲੇਗੀ। ਕੁਝ ਵਾਪਰਨਾ ਜ਼ਰੂਰ ਚਾਹੀਦਾ ਹੈ। ਪਾਠਕ ਨੂੰ ਪਤਾ ਨ੍ਹੀਂ ਲੱਗਣਾ ਚਾਹੀਦਾ ਕਿ ਇਹ ਚੀਜ਼ ਜਾਣ-ਬੁੱਝ ਕੇ ਵਾਪਰੀ ਹੈ। ਇਹ ਤੁਹਾਡੀ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹੋਵੇ, ਜਿੱਥੋਂ ਕੋਈ ਚਿਣਗ ਜਿਹੀ ਮਿਲ ਜਾਵੇ, ਜਿਸ ਤੋਂ ਆਦਮੀ ਬਦਲ ਜਾਵੇ।

**ਤੁਹਾਡੀ ਕਿਹੜੀ ਕਹਾਣੀ ਪਾਠਕਾਂ ਨੇ ਜ਼ਿਆਦਾ ਪਸੰਦ ਕੀਤੀ?**

**ਅਮਨਪਾਲ:** ਮੇਰੇ ਖ਼ਿਆਲ 'ਚ 'ਵੀਹਾਂ ਦਾ ਨੋਟ' ਹੀ ਜਿਆਦਾ ਲੋਕਾਂ ਨੇ ਪੜ੍ਹੀ ਹੈ। ਪਰ ਮੇਰੀਆਂ ਕੁਝ ਹੋਰ ਕਹਾਣੀਆਂ, ਜਿਨ੍ਹਾਂ ਨੂੰ ਮੈਂ 'ਵੀਹਾਂ ਦਾ ਨੋਟ' ਤੋਂ ਜ਼ਿਆਦਾ ਸਮਾਜ 'ਚ ਹਾਂ-ਪੱਖੀ ਰਲ ਅਦਾ ਕਰਨ ਵਾਲੀਆਂ ਸਮਝਦਾ ਸੀ, ਸਾਡੀ ਇੱਥੋਂ ਦੀ ਜ਼ਿੰਦਗੀ ਬਾਰੇ ਜਿਵੇਂ 'ਰੌਬਸਨ ਸੁਕੇਅਰ', ਉਹ 'ਵੀਹਾਂ ਦਾ ਨੋਟ' ਨੇ ਖਾ ਲਈ। 'ਵੀਹਾਂ ਦਾ ਨੋਟ' ਵੀ ਬੱਸ ਲਿਖ ਹੋ ਗਈ। ਮੁਖ-ਪਾਤਰ ਜਿਉਂਦਾ-ਜਾਗਦਾ ਦੇਖਿਆ ਬਹੁਤ ਨੇੜਲਾ ਬੰਦਾ ਸੀ। ਉਹ ਕਹਾਣੀ ਲਿਖਣ ਦੇ ਪ੍ਰੌਸਿਸ ਨੇ ਮੈਨੂੰ ਬਹੁਤ ਦੁਖੀ ਕੀਤਾ। ਇੱਦਾਂ ਹੀ 'ਕਤੂਰਾ' ਕਹਾਣੀ ਲਿਖਣ ਤੋਂ ਪਹਿਲਾਂ ਮੈਂ ਆਪਣੇ-ਆਪ ਨੂੰ ਟਾਰਚਰ ਕੀਤਾ। ਇਕਾਂਤ 'ਚ ਜਾ ਕੇ ਉਹ ਬੰਦਾ ਬਣ ਕੇ, ਕੁੱਤੇ ਦਾ ਮਰਨਾ ਸੋਚ ਕੇ ਉਸਦਾ ਅਸਰ ਹੋਣ ਦਿੱਤਾ ਆਪਣੇ-ਆਪ 'ਤੇ। ਮੈਂ ਕਾਫ਼ੀ ਦੇਰ ਰੋਂਦਾ ਰਿਹਾ ਉਸ ਪਾਤਰ ਨੂੰ ਮਨ ਵਿਚ ਵਸਾ ਕੇ। ਸਥਿਤੀ ਦੀ ਕਲ਼ਪਨਾ ਕਰ ਕੇ ਜੇ ਪਾਤਰ ਨੂੰ ਆਪਣੇ ਅੰਦਰ ਵਸਾ ਲੈਂਦੇ ਹੋ ਤਾਂ ਸ਼ਬਦ ਤੁਹਾਡੇ ਮੂਹਰੇ-ਮੂਹਰੇ ਤੁਰੇ ਫਿਰਦੇ ਹਨ। ਪਾਤਰ ਤੇ ਘਟਨਾਵਾਂ ਨਾਲ ਤੰਦ ਕਿਸ ਤਰ੍ਹਾਂ ਜੋੜਣੀ ਹੈ, ਇਹ ਮਿਹਨਤ ਮੰਗਦੀ ਹੈ।

**'ਵੀਹਾਂ ਦਾ ਨੋਟ' ਕਹਾਣੀ ਦਾ ਕਿਸੇ ਹੋਰ ਭਾਸ਼ਾ 'ਚ ਵੀ ਅਨੁਵਾਦ ਹੋਇਐ?**

**ਅਮਨਪਾਲ:** ਮੇਰਾ ਖਿਆਲ ਹੈ ਕਿ ਸਾਰੀ ਕਿਤਾਬ ਹੀ ਅੰਗ੍ਰੇਜ਼ੀ 'ਚ ਅਨੁਵਾਦ ਹੋਈ ਹੈ ਪਰ ਹਾਲੇ ਪ੍ਰਕਾਸ਼ਿਤ ਨਹੀਂ ਹੋਈ। ਕੁਝ ਕਹਾਣੀਆਂ ਹਿੰਦੀ 'ਚ ਪ੍ਰਕਾਸ਼ਿਤ ਹੋਈਆਂ ਹਨ, ਜਿਨ੍ਹਾਂ ਦਾ ਮੈਨੂੰ ਨੋਟੀਫੀਕੇਸ਼ਨ ਵੀ ਆਇਆ ਹੈ ਕਿ ਉਨ੍ਹਾਂ ਕਹਾਣੀਆਂ ਵਰਤੀਆਂ ਹਨ। ਪਰ ਹਾਲੇ ਦੇਖਣ ਲਈ ਕੋਈ ਨਹੀਂ ਮਿਲੀ। ਸ਼ਾਇਦ ਉਹ ਲੇਖਕ ਨੂੰ ਭੇਜਣੀ ਜ਼ਰੂਰੀ ਨਹੀਂ ਸਮਝਦੇ।

**ਤੁਹਾਡੀ ਕਹਾਣੀ 'ਵੀਹਾਂ ਦਾ ਨੋਟ' ਤੇ ਫਿਰ 'ਵਹਿੰਗੀ', 'ਨਵਾਂ ਜ਼ਮਾਨਾ' ਦੇ ਸਰਵੇਖਣਾਂ 'ਚ ਪਹਿਲੇ ਨੰਬਰਾਂ 'ਤੇ ਆਉਂਦੀਆਂ ਰਹੀਆਂ ਹਨ, ਉਦੋਂ ਤੁਸੀਂ ਕਿਵੇਂ ਮਹਿਸੂਸ ਕਰਦੇ ਸੀ?**

**ਅਮਨਪਾਲ:** ਸੱਚੀਂ ਦੱਸਾਂ ਤਾਂ ਜਦੋਂ ਕਹਾਣੀ ਛਪ ਜਾਂਦੀ ਸੀ, ਮੈਨੂੰ ਉਦੋਂ ਹੀ ਖੁਸ਼ੀ ਹੋ ਜਾਂਦੀ ਸੀ ਖ਼ਾਸ ਕਰ 'ਸਿਰਜਣਾ' 'ਚ ਛਪਣ 'ਤੇ। ਮੈਨੂੰ ਜੋ ਹੁਲਾਰਾ ਉਦੋਂ ਆ ਜਾਂਦਾ ਸੀ, ਬਾਅਦ 'ਚ ਉਸ ਤੋਂ ਵੱਡਾ ਹੁਲਾਰਾ ਨਹੀਂ ਸੀ ਆਉਂਦਾ। ਸਰਵੇਖਣਾਂ ਜਾਂ ਕਿਤਾਬਾਂ 'ਚ ਸ਼ਾਮਲ ਹੋਣ ਨਾਲ ਖੁਸ਼ੀ ਤਾਂ ਮਹਿਸੂਸ ਹੁੰਦੀ ਤੇ ਇਹ ਆਮ ਲੇਖਕ ਦੀ ਇੱਛਾ ਵੀ ਹੁੰਦੀ ਹੈ। ਪਹਿਲਾਂ ਵੀ ਮੇਰੀਆਂ ਕਹਾਣੀਆਂ 'ਪ੍ਰੀਤਲੜੀ' ਤੇ 'ਵਤਨ' 'ਚ ਛਪਦੀਆਂ ਰਹੀਆਂ ਹਨ, ਸ਼ਾਇਦ 'ਸਰਦ ਰਿਸ਼ਤੇ'(ਕਹਾਣੀ ਸੰਗ੍ਰਹਿ)'ਚੋਂ ਵੀ ਕੋਈ ਕਹਾਣੀ 'ਸਿਰਜਣਾ' 'ਚ ਛਪੀ ਹੋਵੇ ਪਰ ਮੈਨੂੰ ਯਾਦ ਨਹੀਂ। ਪਰ 'ਵੀਹਾਂ ਦਾ ਨੋਟ' ਨੇ ਜੋ ਹੁਲਾਰਾ ਦਿੱਤਾ ਤੇ ਫ਼ੌਰਨ ਬਾਅਦ ਹੀ ਉਸ ਬਾਰੇ ਦੋ ਪ੍ਰਤੀਕਰਮ ਛਪ ਗਏ। ਇਕ ਸੀ ਡਾਕਟਰ ਬਲਦੇਵ ਸਿੰਘ ਧਾਲੀਵਾਲ ਦਾ ਅਤੇ ਦੂਜਾ ਸੀ ਸੁਰਜੀਤ ਜੱਜ ਦਾ। ਸੁਰਜੀਤ ਜੱਜ ਕਿਸੇ ਦੀ ਲਿਹਾਜ਼ ਨਹੀਂ ਕਰਦਾ। ਉਹ ਤੁਹਾਡੇ ਨਾਲ਼ ਦਾਰੂ-ਪਾਣੀ ਪੀਊਗਾ, ਪੂਰਾ ਇੰਜੁਆਏ

ਕਰੂਗਾ ਪਰ ਜਦੋਂ ਲਿਖਦਾ ਹੈ ਨਾ ਖਾਸ ਕਰ ਕੇ ਬਾਹਰਲ਼ੇ ਲੇਖਕਾਂ ਨੂੰ ਉਹ ਲੰਬੇ ਹੱਥੀਂ ਲੈਂਦਾ ਹੈ। ਗੱਲ ਚੰਗੀ ਵੀ ਹੈ ਕਿਉਂਕਿ ਇਹ ਇਕ ਬਿਮਾਰੀ ਹੈ ਕਿ ਬਾਹਰੋਂ ਆਏ ਬੰਦੇ ਦੀ ਐਵੇਂ ਹੀ ਕਦਰ ਕਰੀ ਜਾਣੀ ਜਾਂ ਵੱਡੇ-ਵੱਡੇ ਸਨਮਾਨ ਦੇਈ ਜਾਣੇ। ਉਸ ਤੋਂ ਬਾਅਦ ਫਿਰ ਕਾਫ਼ੀ ਚੰਗੇ-ਚੰਗੇ ਆਲੋਚਕ ਜਿਵੇਂ ਰਜਨੀਸ਼ ਬਹਾਦਰ ਸਿੰਘ, ਸੁਖਵਿੰਦਰ ਕੰਬੋਜ ਅਤੇ ਹੋਰ ਕਈ ਸਮਕਾਲੀ ਆਲੋਚਕਾਂ ਨੇ ਵਿਸ਼ਲੇਸ਼ਣਾਤਮਕ ਲਿਖਿਆ ਮੇਰੀ ਕਹਾਣੀ ਬਾਰੇ।

**ਆਲੋਚਕਾਂ ਤੋਂ ਤੁਸੀਂ ਸੰਤੁਸ਼ਟ ਹੋ?**

**ਅਮਨਪਾਲ:** ਹਾਂ, ਮੈਂ ਸਮਝਦਾ ਹਾਂ। ਸਭ ਤੋਂ ਜਿਆਦਾ ਸੰਤੁਸ਼ਟੀ ਮੈਨੂੰ ਸਵਰਨ ਚੰਦਨ ਵੱਲੋਂ ਲਿਖਿਆ 'ਸਰਦ ਰਿਸ਼ਤੇ' ਦਾ ਰੀਵਿਊ ਪੜ੍ਹ ਕੇ ਹੋਈ ਸੀ। ਉਹਦੀ ਟਿੱਪਣੀ ਸੀ ਕਿ ਅਮਨਪਾਲ ਹਾਲ਼ੇ ਸ਼ਬਦਾਂ ਦੀ ਪਹੁੰਚ ਤੋਂ ਪਾਰ ਨਹੀਂ ਪਹੁੰਚ ਸਕਿਆ। ਮੈਂ ਉਸ ਚੀਜ਼ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਸ਼ਬਦਾਂ ਤੋਂ ਪਰੇ ਅਣਕਹੀਆਂ ਗੱਲਾਂ, ਜਿਹੜੀਆਂ ਮੈਂ ਐਕਟਰ ਦੇ ਤੌਰ 'ਤੇ ਵੀ ਮਹਿਸੂਸ ਕਰਦਾ ਹਾਂ ਕਿ ਬਗ਼ੈਰ ਬੋਲੇ ਤੁਹਾਡੇ ਹਾਵ-ਭਾਵ ਜਾਂ ਅੱਖਾਂ ਨੇ ਕਹਿ ਦੇਣੀਆਂ ਹੁੰਦੀਆਂ ਹਨ, ਉਹ ਪ੍ਰਾਪਤੀ ਹੁੰਦੀ ਹੈ। ਇਸੇ ਤਰ੍ਹਾਂ ਗਲ਼ਪ ਵਿਚ ਸ਼ਬਦਾਂ ਤੋਂ ਪਰੇ ਜਿਹੜੇ ਅਰਥ ਲੁਕੇ ਹੁੰਦੇ ਹਨ, ਜਦ ਤੁਸੀਂ ਉਨ੍ਹਾਂ ਨੂੰ ਕਨਵੇਅ ਕਰਨ ਦੇ ਕਾਬਿਲ ਹੋ ਜਾਂਦੇ ਹੋ, ਉਦੋਂ ਤੁਸੀਂ ਸਫ਼ਲ ਗਲ਼ਪ ਲੇਖਕ ਬਣਦੇ ਹੋ।

**ਕੋਈ ਅਜੇਹੀ ਰਚਨਾ, ਜਿਹੜੀ ਤੁਸੀਂ ਹਮੇਸ਼ਾ ਰਚਣੀ ਚਾਹੀ ਹੋਵੇ ਪਰ ਹਾਲੇ ਤਕ ਲਿਖੀ ਨਹੀਂ ਗਈ?**

**ਅਮਨਪਾਲ:** ਮੇਰੀ ਇਕ ਕਹਾਣੀ 'ਮੂਹਰਲਾ ਬਲ਼ਦ'। ਮੇਰੇ ਦਿਮਾਗ਼ ਵਿਚ ਉਸਦੀ ਕਲਪਨਾ ਹੋਈ ਪਈ ਹੈ। ਇਹੋ ਜਿਹਾ ਹਸ਼ਰ ਹੀ ਮੇਰੇ ਨਾਵਲ ਦਾ ਹੋਇਆ ਪਿਆ ਹੈ। ਇਕ ਕਹਾਣੀ 'ਅੱਜ ਦੀ ਰਾਤ' ਫਸੀ ਪਈ ਹੈ। ਵਕਤ ਦੀ ਘਾਟ ਹੈ। ਇਹ ਤਿੰਨੇ ਚੀਜ਼ਾਂ ਹਰ ਵੇਲ਼ੇ ਮੈਨੂੰ ਦੁਖੀ ਕਰਦੀਆਂ ਹਨ ਕਿ ਸਫ਼ੇ 'ਤੇ ਕਿਉਂ ਨਹੀਂ ਆ ਰਹੀਆਂ। ਇਹ ਇਸ ਕਰਕੇ ਹੈ ਕਿ ਮੇਰੀ ਸਰੀਰਕ ਹਾਲਤ ਆਗਿਆ ਨਹੀਂ ਦਿੰਦੀ। ਜਦੋਂ ਦਿਮਾਗ਼ ਠੀਕ ਹੁੰਦਾ ਹੈ, ਹੱਥ ਕੰਮ ਨਹੀਂ ਕਰਦੇ। ਜਦੋਂ ਹੱਥ ਠੀਕ ਹੁੰਦੇ ਹਨ, ਦਿਮਾਗ਼ ਥੱਕਿਆ ਹੁੰਦਾ ਹੈ।

**ਤੁਸੀਂ ਨਾਟਕਾਂ 'ਚ ਕੰਮ ਕੀਤੈ, ਫ਼ਿਲਮਾਂ 'ਚ ਵੀ ਤੇ ਫ਼ਿਲਮਾਂ ਬਣਾਈਆਂ ਵੀ ਹਨ-**

**ਅਮਨਪਾਲ:** ਮੈਂ ਉਨ੍ਹਾਂ ਫ਼ਿਲਮਾਂ 'ਚ ਹੀ ਕੰਮ ਕੀਤਾ ਹੈ, ਜਿਹੜੀਆਂ ਮੈਂ ਆਪ ਬਣਾਈਆਂ ਹਨ। ਕਿਸੇ ਫ਼ਿਲਮ ਮੇਕਰ ਨੇ ਮੈਨੂੰ ਬਤੌਰ ਐਕਟਰ ਲੈ ਕੇ ਫ਼ਿਲਮ ਨਹੀਂ ਬਣਾਈ। ਪਰ ਜਦੋਂ ਸੰਭਾਵਨਾਂ ਸੀ, ਉਦੋਂ ਸਿਹਤ ਨੇ ਸਾਥ ਛੱਡ ਦਿੱਤਾ। ਜੋ ਕੁਝ ਕੀਤਾ, ਆਪਣੇ ਬਲ਼-ਬੂਤੇ ਹੀ ਕੀਤਾ ਹੈ। ਕਿਸੇ ਨੇ ਚੰਗਾ ਸਮਝਿਆ ਜਾਂ ਮਾੜਾ ਪਰ ਮੈਨੂੰ ਸੰਤੁਸ਼ਟੀ ਹੈ ਕਿ ਮੈਂ ਕੀਤਾ ਹੈ। ਨਾਟਕਾਂ ਦਾ ਕੰਮ ਸੰਨ ਚੌਰਾਸੀ ਤੋਂ ਸ਼ੁਰੂ ਹੋਇਆ। ਨਾਟਕਾਂ ਤੋਂ ਹੀ ਕਰੀਏਟਿਵ ਪਾਸੇ ਲੱਗਣ ਦੀ ਮੇਰੀ ਸ਼ੁਰੂਆਤ ਹੋਈ ਹੈ। ਵੈਨਕੂਵਰ ਸੱਥ ਨਾਲ ਜੁੜ ਕੇ ਨਵੰਬਰ ਚੌਰਾਸੀ 'ਚ ਅਸੀਂ ਦੋ ਡਰਾਮੇ ਖੇਡੇ ਸੀ। ਮੇਰਾ ਛੋਟਾ ਜਿਹਾ ਰੋਲ ਸੀ। ਉਹ ਕਰਨ ਤੋਂ ਬਾਅਦ ਮੈਨੂੰ ਲੱਗਾ ਕਿ ਮੈਂ ਐਕਟਰ ਬਣ ਸਕਦਾ ਹਾਂ। ਛੇਤੀ ਬਾਅਦ ਹੀ ਜੁਲਾਈ ਪਚਾਸੀ 'ਚ ਗੁਰਸ਼ਰਨ ਸਿੰਘ ਹੋਰੀਂ ਵੈਨਕੂਵਰ ਆਏ। ਉਨ੍ਹਾਂ ਨਾਲ ਨਾਟਕ ਖੇਡਿਆ 'ਤੂਤਾਂ ਵਾਲ਼ਾ ਖੂਹ'। ਉਹਦੇ 'ਚ ਮੈਂ ਬਣਿਆ ਸੱਜਣ ਸਿੰਘ ਤੇ ਸੁਖਵੰਤ ਹੁੰਦਲ ਨੇ ਇਲਮਦੀਨ ਦਾ ਰੋਲ ਕੀਤਾ। ਦੇਸ਼ ਦੀ ਵੰਡ ਮੌਕੇ ਦਾ ਭਾਵੁਕ ਸੀਨ ਸੀ। ਲੋਕਾਂ ਦੀਆਂ ਸਿਸਕੀਆਂ ਸਾਨੂੰ ਸਟੇਜ 'ਤੇ ਸੁਣਦੀਆਂ ਸਨ। ਉਸ ਨਾਲ ਬਹੁਤ ਹੁਲਾਰਾ ਮਿਲਿਆ। ਫੇਰ ਸੰਨ ਸਤਾਸੀ 'ਚ ਅਸੀਂ ਦੋ ਡਰਾਮੇ, 'ਜ਼ਹਿਰ ਦੀ ਫ਼ਸਲ' ਤੇ 'ਪਿਕਟ ਲਾਈਨ' ਅੰਗ੍ਰੇਜ਼ੀ 'ਚ ਟਰਾਂਸਲੇਟ ਕਰ ਕੇ ਮਈ ਫ਼ੈਸਟੀਵਲ਼ 'ਤੇ ਪੇਸ਼ ਕੀਤੇ। ਇਕ 'ਚ ਮੇਰਾ ਰੋਲ ਸੀ ਇੰਡੀਆ ਤੋਂ ਨਵੇਂ ਆਏ ਖੇਤ ਮਜ਼ਦੂਰ ਦਾ ਤੇ ਦੂਸਰੇ 'ਚ ਉਸ ਸਮੇਂ ਬੀ ਸੀ ਦੇ ਪ੍ਰੀਮੀਅਰ ਬੈੱਲ ਵੈਂਡਰਜੈਮ ਦਾ। ਮੇਨ ਸਟਰੀਮ ਆਡੀਐਂਸ ਵੱਲੋਂ ਜੋ ਤਾੜੀਆਂ ਮੈਨੂੰ ਵੈਂਡਰਜੈਮ ਦਾ ਰੋਲ਼ ਨਿਭਾਉਂਦਿਆਂ ਮਿਲੀਆਂ, ਉਹ ਕਦੇ ਨਹੀਂ ਭੁੱਲਣੀਆਂ। ਡਰਾਮਾ ਜਿਹੜਾ ਹੈ, ਉਹ ਕਲ਼ਾਵਾਂ ਦਾ ਸੁਮੇਲ ਹੈ ਜਿਵੇਂ ਸਾਹਿਤ, ਮੇਕਅੱਪ, ਸੰਗੀਤ ਤੇ

ਅਦਾਕਾਰੀ। ਡਰਾਮੇ ਰਾਹੀਂ ਮੇਰੀ ਬੁਨਿਆਦ ਵਧੀਆ ਰੱਖੀ ਗਈ ਕਲਾਕਾਰ ਦੇ ਤੌਰ 'ਤੇ। ਅੱਜ ਤਕ ਮੈਂ ਪਝੰਤਰ ਤੋਂ ਅੱਸੀ ਵਾਰ ਸਟੇਜ 'ਤੇ ਆਇਆ ਹਾਂ ਤੇ ਪੱਚੀ ਦੇ ਕਰੀਬ ਨਾਟਕ ਹਨ, ਜਿਨ੍ਹਾਂ 'ਚ ਮੇਰੇ ਵੱਖ-ਵੱਖ ਕਿਸਮ ਦੇ ਰੋਲ ਰਹੇ ਹਨ। ਕਿਰਦਾਰ ਤਾਂ ਮੈਂ ਸ਼ਾਇਦ ਪੰਜਾਹ-ਪਚਵੰਜਾ ਨਿਭਾਏ ਹੋਣਗੇ। ਇਸ ਤੋਂ ਇਲਾਵਾ ਟੀ ਵੀ ਸਟੇਸ਼ਨ 'ਤੇ ਕਈ ਵੀਡੀਓ 'ਚ ਕੰਮ ਕੀਤਾ। ਮੈਂ ਸਮਝਦਾ ਹਾਂ ਕਿ ਸਭ ਪਾਸਿਉਂ ਜੋ ਕੁਝ ਵੀ ਪ੍ਰਾਪਤ ਕੀਤਾ, ਅਖ਼ੀਰ ਉਹ ਮੇਰੇ ਲਿਖਣ 'ਚ ਸਹਾਈ ਹੋਇਆ।

**ਜ਼ਿਆਦਾ ਖ਼ੁਸ਼ੀ ਲਿਖ ਕੇ ਮਿਲਦੀ ਜਾਂ ਨਾਟਕ 'ਚ ਐਕਟਿੰਗ ਕਰ ਕੇ ?**

**ਅਮਨਪਾਲ:** ਮੇਰੇ ਲਈ ਫ਼ੈਸਲਾ ਕਰਨਾ ਮੁਸ਼ਕਲ ਹੈ। ਜੇ ਮੈਂ ਆਪਣੇ ਲਿਖੇ ਹੋਏ ਡਾਇਲਾਗ ਆਪ ਬੋਲਦਾ ਹਾਂ ਤਾਂ ਮੇਰੇ ਅੰਦਰਲਾ ਐਕਟਰ ਖ਼ੁਸ਼ ਨਹੀਂ ਹੁੰਦਾ। ਕਿਉਂਕਿ ਐਕਟਰ ਤੇ ਲੇਖਕ ਇਕ ਬੰਦਾ ਹੈ। ਜਦੋਂ ਮੈਂ ਕਿਸ ਹੋਰ ਦੇ ਮਨ ਦੀ ਕਲਪਨਾ ਨੂੰ ਆਪਣੇ ਅੰਦਰ ਵਸਾ ਕੇ ਪੇਸ਼ ਕਰਦਾ ਹਾਂ, ਉਹ ਬਤੌਰ ਐਕਟਰ ਮੇਰੀ ਖ਼ੂਬੀ ਹੁੰਦੀ ਹੈ। ਫ਼ਰਜ਼ ਕਰ ਲੈ ਵੀਡੀਓ ਡਰਾਮੇ, ਜਿਨ੍ਹਾਂ 'ਚ ਮੇਰੇ ਛੋਟੇ ਛੋਟੇ ਰੋਲ਼ ਹਨ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਲੇਖਕ ਦੀ ਜਾਂ ਡਾਇਰੈਕਟਰ ਦੀ ਕਨਸੈਪਸ਼ਨ 'ਤੇ ਪੂਰਾ ਉੱਤਰਿਆ ਹਾਂ, ਉਹ ਮੈਨੂੰ ਜ਼ਿਆਦਾ ਰੀਵਾਰਡਿੰਗ ਲਗਦੇ ਹਨ ਪਰ ਮੇਰੇ ਅੰਦਰਲਾ ਲੇਖਕ ਕਹਿੰਦਾ ਰਹਿੰਦਾ ਹੈ ਕਿ ਗੱਲ ਨਹੀਂ ਬਣੀ, ਇਸ ਤਰ੍ਹਾਂ ਚਾਹੀਦਾ ਸੀ। ਸੰਤੁਸ਼ਟੀ ਕਦੇ ਵੀ ਨਹੀਂ ਹੋਈ।

**ਸਟੇਜ ਅਤੇ ਫ਼ਿਲਮਾਂ 'ਚ ਕੰਮ ਕਰਨ 'ਚ ਤੁਸੀਂ ਕੀ ਅੰਤਰ ਮਹਿਸੂਸ ਕੀਤਾ?**

**ਅਮਨਪਾਲ:** ਸਟੇਜੀ ਇਨਾਮ, ਤਾੜੀਆਂ ਦਾ ਜੋ ਚਸਕਾ ਹੈ, ਉਹਦਾ ਆਪਣਾ ਹੀ ਸਵਾਦ ਹੈ। ਜਿਵੇਂ ਮਜ਼ਦੂਰ ਦੀ ਮਿਹਨਤ ਦਾ ਮੁੱਲ ਉਸਦੇ ਮੁੜ੍ਹਕਾ ਸੁੱਕਣ ਤੋਂ ਪਹਿਲਾਂ ਮਿਲ ਜਾਣ ਦਾ ਸਵਾਦ ਵੱਖਰਾ ਹੀ ਹੈ, ਉਸੇ ਤਰ੍ਹਾਂ ਸਟੇਜ 'ਤੇ ਤੁਹਾਡੇ ਡਾਇਲਾਗ ਬੋਲਣ 'ਤੇ ਜਾਂ ਡਰਾਮੇ ਦੇ ਅੰਤ 'ਤੇ ਜਿਹੜੀਆਂ ਤਾੜੀਆਂ ਮਿਲਦੀਆਂ ਹਨ, ਉਹ ਫ਼ਿਲਮਾਂ 'ਚੋਂ ਕਰੋੜਾਂ ਰੁਪਏ ਕਮਾਉਣ ਨਾਲੋਂ ਕਿਤੇ ਵੱਧ ਖ਼ੁਸ਼ੀ ਦਿੰਦੀਆਂ ਹਨ। ਡਰਾਮਾ ਉੱਚਾ ਸਥਾਨ ਰੱਖਦਾ ਹੈ ਕਿਉਂਕਿ ਕਲਾਕਾਰ ਨੂੰ ਪਹਿਲੀ ਸੀਟ ਤੋਂ ਆਖਰੀ ਸੀਟ ਤਕ ਬੈਠੇ ਸਰੋਤਿਆਂ ਤਕ ਪਹੁੰਚਣ ਲਈ ਸਟੇਜ 'ਤੇ ਆਪਣੇ ਅੰਦਰ ਬਹੁਤ ਕੁਝ ਪੈਦਾ ਕਰਨਾ ਪੈਂਦਾ ਹੈ। ਫ਼ਿਲਮਾਂ 'ਚ ਸਾਰਾ ਕੰਮ ਟੈਕਨਾਲੋਜੀ ਦਾ ਹੈ। ਡਰਾਮੇ ਦਾ ਕਲਾਕਾਰ ਫ਼ਿਲਮ ਦੇ ਕਲਾਕਾਰ ਨਾਲੋਂ ਉੱਚੇ ਪੱਧਰ ਦਾ ਹੁੰਦਾ ਹੈ।

**ਤੁਸੀਂ ਦੋ ਫ਼ਿਲਮਾਂ ਬਣਾਈਆਂ ਹਨ। 'ਓਹਲਾ' ਪੰਜਾਬੀ 'ਚ ਤੇ 'ਗੁਲਦਸਤਾ' ਹਿੰਦੀ 'ਚ। ਹਿੰਦੀ 'ਚ ਬਣਾਉਨ ਦਾ ਕੀ ਕਾਰਣ ਸੀ?**

**ਅਮਨਪਾਲ:** ਮੈਂ ਕਲ਼ਾ ਦਾ ਰਾਹ ਚੁਣਿਆ ਹੈ, ਇਸਦਾ ਮੁਖ ਕਾਰਣ ਹੈ ਕਿ ਮੈਂ ਸਮਾਜ ਨੂੰ ਕੋਈ ਸੁਨੇਹਾ ਦੇਣਾ ਚਾਹੁੰਦਾ ਹਾਂ ਜਾਂ ਹੁਣ ਨਾਲੋਂ ਬਿਹਤਰ ਬਣਾਉਣਾ ਚਾਹੁੰਦਾ ਹਾਂ। ਮੈਨੂੰ ਇਹ ਮਹਿਸੂਸ ਹੋਇਆ ਕਿ 'ਗੁਲਦਸਤਾ' ਨੂੰ ਹਿੰਦੀ 'ਚ ਬਣਾ ਕੇ ਮੈਂ ਜਿਆਦਾ ਲੋਕਾਂ ਨੂੰ ਸੁਨੇਹਾ ਦੇ ਸਕਦਾ ਹਾਂ।

**'ਗੁਲਦਸਤਾ' 'ਚ ਮੁਖ ਰੋਲ਼ ਆਪ ਕਰਨ ਦਾ ਮੰਤਵ ਕਿਤੇ ਮਸ਼ਹੂਰ ਹੋਣ ਦੀ ਭੁੱਖ ਤਾਂ ਨਹੀਂ ਸੀ?**

**ਅਮਨਪਾਲ:** ਮਸ਼ਹੂਰ ਹੋਣ ਦੀ ਭੁੱਖ ਨਹੀਂ ਸੀ, ਆਪਣੀ ਯੋਗਤਾ ਚੈੱਕ ਕਰਨ ਦੀ ਭੁੱਖ ਜ਼ਰੂਰ ਸੀ। ਦੂਸਰਾ ਮੇਰੇ ਉੱਪਰ ਸਿਹਤ ਦਾ ਕੁਝ ਦਬਾਅ ਸੀ ਕਿਉਂਕਿ ਮੇਰੇ ਕੋਲ਼ ਸਮਾਂ ਘਟ ਰਿਹਾ ਸੀ। ਮੁਖ-ਪਾਤਰ ਦਾ ਰੋਲ ਮੈਂ ਇਸ ਕਰਕੇ ਚੁਣਿਆ ਕਿ ਉਹ ਮੇਰੇ ਨਾਲ ਢੁੱਕਦਾ ਸੀ। ਇਹ ਕੋਈ ਡਰਾਅ ਬੈਕ ਨਹੀਂ ਗਿਣਨੀ ਚਾਹੀਦੀ। ਹਾਂ, ਜੇ ਉਹ ਰੋਲ ਮੈਂ ਚੰਗੀ ਤਰ੍ਹਾਂ ਨਹੀਂ ਨਿਭਾਅ ਸਕਿਆ ਤਾਂ ਵੱਖਰੀ ਗੱਲ ਹੈ। ਜੇ ਦਰਸ਼ਕ ਮਹਿਸੂਸ ਕਰਦੇ ਹਨ ਕਿ ਉੱਥੇ ਪੱਚੀ ਸਾਲ ਦਾ ਮੁੰਡਾ ਹੋਣਾ ਚਾਹੀਦਾ ਸੀ ਤਾਂ ਇਹ ਦਰਸ਼ਕਾਂ ਦੀ ਸਮੱਸਿਆ ਹੈ। ਅੰਗ੍ਰੇਜ਼ੀ ਫ਼ਿਲਮਾਂ ਦੇ ਪਾਤਰ 'ਚ ਜੇਮਜ਼ ਬਾਂਡ ਸੱਠ ਸਾਲ ਦਾ ਹੋ ਕੇ, ਸੱਠ ਸਾਲ ਦਾ ਹੀ ਕਬੂਲਿਆ ਜਾਂਦਾ ਹੈ ਭਾਵੇਂ ਉਹ ਤੀਹ ਸਾਲਾਂ ਦੀ ਕੁੜੀ ਨਾਲ ਲਈ ਫਿਰੇ। ਸੋ

ਸਾਨੂੰ ਆਪਣਾ ਪੱਧਰ ਬਦਲਣਾ ਪੈਣਾ ਹੈ। ਇਕ ਜ਼ਿੰਮੇਵਾਰ ਅਫ਼ਸਰ ਦੀ ਬਹੁਤ ਸਾਰੇ ਹਾਲਾਤ 'ਚੋਂ ਗੁਜ਼ਰ ਕੇ ਮੁਲਕ ਪ੍ਰਤੀ ਜੋ ਭਾਵਨਾ ਬਣਨੀ ਹੈ, ਉਹ ਉਮਰ ਨਾਲ ਹੀ ਬਣਨੀ ਹੈ। ਉਸ 'ਚ ਮੈਂ ਪਾਤਰ ਦੀ ਉਮਰ ਲਕੋਈ ਨਹੀਂ, ਉਹ ਮੇਰੀ ਉਮਰ ਨਾਲ ਹੀ ਮੇਲ ਖਾਂਦਾ ਹੈ।

**ਫ਼ਿਲਮੀ ਖੇਤਰ 'ਚ ਤੁਸੀਂ ਕੋਈ ਖਾਸ ਟ੍ਰੇਨਿੰਗ ਵੀ ਲਈ?**

**ਅਮਨਪਾਲ:** ਹਾਂ, ਮੈਂ ਕੈਰੁਸੈਲ ਥੀਏਟਰ ਸਕੂਲ 'ਚੋਂ ਅੰਗ੍ਰੇਜ਼ੀ ਥੀਏਟਰ ਦੀ ਟ੍ਰੇਨਿੰਗ ਲਈ ਹੈ। ਵੈਨਕੂਵਰ ਫ਼ਿਲਮ ਸਕੂਲ 'ਚੋਂ ਕੈਮਰੇ ਮੂਹਰੇ ਐਕਟਿੰਗ ਕਰਨ, ਸਕ੍ਰਿਪਟ ਲਿਖਣ ਅਤੇ ਫ਼ਿਲਮ ਮੇਕਿੰਗ ਦੇ ਕੋਰਸ ਲਏ। ਟੈਕਨੀਕਲ ਟ੍ਰੇਨਿੰਗ ਜਿੰਨੀ ਕੁ ਪੰਜਾਬੀ ਫ਼ਿਲਮ ਬਣਾਉਣ ਲਈ ਚਾਹੀਦੀ ਹੈ, ਉਨੀਂ ਕੁ ਮੇਰੇ ਕੋਲ਼ ਹੈ। ਹਾਂ, ਜੇ ਕੋਈ ਵੱਡੇ ਪੱਧਰ ਦੀ ਫ਼ਿਲਮ ਬਣਾਵਾਂ, ਉਸ ਲਈ ਮੈਨੂੰ ਪ੍ਰੋਫੈਸ਼ਨਲ ਲੋਕਾਂ ਦੀਆਂ ਸੇਵਾਵਾਂ ਲੈਣੀਆਂ ਪੈਣਗੀਆਂ।

**ਕੋਈ ਖੋਜ-ਪੱਤਰ ਵੀ ਲਿਖਿਆ?**

**ਅਮਨਪਾਲ:** 'ਕੈਨੇਡਾ ਵਿਚ ਪੰਜਾਬੀ ਨਾਟਕ ਦੇ ਪੱਚੀ ਵਰ੍ਹੇ' ਖੋਜ-ਪੱਤਰ ਲਿਖਿਆ ਸੀ, ਜਿਹੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲਿਆਂ ਨੇ ਛਾਪਿਆ ਸੀ। ਕਾਫ਼ੀ ਵਿਸਥਾਰ 'ਚ ਲਿਖਿਆ ਸੀ।

**ਕੋਈ ਅਨੁਵਾਦ ਵਗੈਰਾ ਵੀ ਕੀਤੇ?**

**ਅਮਨਪਾਲ:** ਹਾਂ, ਲਾਲ਼ਾ ਹਰਦਿਆਲ਼ ਦੇ ਲੇਖ 'ਤੁਲਨਾਤਮਕ ਧਰਮ' ਦਾ ਕੀਤਾ ਹੈ। ਅਨੁਵਾਦ ਕਰਦਿਆਂ ਉਸ ਲੇਖ ਨੇ ਮੇਰੇ ਮਨ ਦੇ ਕਪਾਟ ਖੋਲ੍ਹ ਦਿੱਤੇ। ਬਹੁਤ ਔਖੀ ਭਾਸ਼ਾ 'ਚ ਲਿਖਿਆ ਉਸ ਨੇ। ਮੈਨੂੰ ਬਹੁਤ ਅਮੀਰ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਮੇਰੀ ਖ਼ੁਸ਼ਕਿਸਮਤੀ ਸੀ ਕਿ ਮੈਂ ਉਹ ਅਨੁਵਾਦ ਕੀਤਾ। ਦੂਜਾ, ਮੈਂ ਆਪਣੀਆਂ ਕਹਾਣੀਆਂ ਦਾ ਅੰਗ੍ਰੇਜ਼ੀ 'ਚ ਅਨੁਵਾਦ ਕਰ ਰਿਹਾ ਹਾਂ। ਪਰ ਹਾਲੇ ਕਿਤੇ ਛਪਵਾਈਆਂ ਨਹੀਂ। ਤੇ ਹੋਰ, ਅਨੁਵਾਦ ਤਾਂ ਨਹੀਂ ਕਹਿ ਸਕਦੇ ਪਰ ਦਰਸ਼ਨ ਸਿੰਘ ਕੈਨੇਡੀਅਨ ਨਾਲ ਇੰਟਰਵਿਊ ਦੀ ਅਠਾਰਾਂ ਘੰਟੇ ਦੀ ਟੇਪ ਸੁਣ ਕੇ ਲਿਖੀ ਜ਼ਰੂਰ ਹੈ। ਇਕੱਲਾ-ਇਕੱਲਾ ਸ਼ਬਦ ਉਸਦਾ। ਉਹ ਮੇਰੀ ਵਿਰਾਸਤ ਦਾ ਅਜਿਹਾ ਖਜ਼ਾਨਾ ਹੈ, ਜਿਹੜਾ ਆਮ ਆਦਮੀ ਨੂੰ ਨਸੀਬ ਨਹੀਂ ਹੋਣਾ।

**ਕਦੇ ਅੰਗ੍ਰੇਜ਼ੀ 'ਚ ਲਿਖਣ ਨੂੰ ਕਿੱਤੇ ਵਜੋਂ ਅਪਨਾਉਣ ਦਾ ਖਿਆਲ ਨਹੀਂ ਆਇਆ?**

**ਅਮਨਪਾਲ:** ਆਇਆ ਹੈ ਕਈ ਵਾਰ। ਮੈਨੂੰ ਪਤਾ ਹੈ ਕਿ ਥੋੜ੍ਹੀ ਜਿਹੀ ਮਿਹਨਤ ਤੋਂ ਬਾਅਦ ਮੈਂ ਅੰਗ੍ਰੇਜ਼ੀ ਪੱਤਰਕਾਰ ਜਾਂ ਫ਼ਰੀਲੈਂਸ ਰਾਈਟਰ ਦੇ ਤੌਰ 'ਤੇ ਅੰਗ੍ਰੇਜ਼ੀ ਤੋਂ ਰੋਟੀ ਕਮਾ ਸਕਦਾ ਸੀ। ਪਰ ਮੇਰੀ ਪ੍ਰਤੀਬੱਧਤਾ ਪੰਜਾਬੀ ਨਾਲ ਹੈ। ਰੋਟੀ ਕਮਾਉਣ ਦੇ ਹੋਰ ਸਾਧਨ ਹਨ। ਹੁਣ ਵੀ ਮੈਂ ਮੁਖ-ਧਾਰਾ ਦੇ ਅੰਗ੍ਰੇਜ਼ੀ ਅਖ਼ਬਾਰ ਜਿਵੇਂ 'ਵੈਨਕੂਵਰ ਸੰਨ' 'ਚ ਭਖ਼ਦੇ ਮਸਲਿਆਂ ਬਾਰੇ ਲਿਖਦਾ ਰਹਿੰਦਾ ਹਾਂ। ਅੰਗ੍ਰੇਜ਼ੀ ਦੇ 'ਲਿੰਕ' ਅਖ਼ਬਾਰ 'ਚ ਵੀ ਲਿਖਦਾ ਰਹਿੰਦਾ ਹਾਂ। ਕਿਸੇ ਹੋਰ ਦਾ ਅੰਗ੍ਰੇਜ਼ੀ 'ਚ ਕੀਤਾ ਅਨੁਵਾਦ ਮੈਨੂੰ ਪਸੰਦ ਨਹੀਂ ਆਉਂਦਾ, ਇਸ ਕਰਕੇ ਆਪਣੀਆਂ ਕਹਾਣੀਆਂ ਨੂੰ ਆਪ ਹੀ ਅਨੁਵਾਦ ਕਰ ਰਿਹਾ ਹਾਂ।

**ਕੋਈ ਇਨਾਮ ਵਗੈਰਾ---?**

**ਅਮਨਪਾਲ:** ਪਏ ਹਨ, ਦੇਖਲਾ। (ਸ਼ੈਲਫ਼ਾਂ ਉੱਪਰ ਪਏ ਸਨਮਾਨ ਚਿੰਨ੍ਹਾਂ ਵੱਲ ਇਸ਼ਾਰਾ ਕਰਦੇ ਹਨ)। ਪਰ ਇਹ ਕੋਈ ਇਸ ਤਰ੍ਹਾਂ ਦੇ ਇਨਾਮ ਨਹੀਂ, ਜਿਹੜੇ ਕਿਸੇ ਸਿਲੈਕਸ਼ਨ ਪਰੋਸੈਸ 'ਚੋਂ ਨਿਕਲ ਕੇ ਮਿਲੇ ਹੋਣ। ਅਜਿਹੇ ਕਿਸੇ ਇਨਾਮ ਦਾ ਜੇ ਮੈਂ ਹੱਕਦਾਰ ਵੀ ਹੋਵਾਂ, ਮੰਦੇਭਾਗੀਂ ਮੈਂ ਝੋਲੀ-ਚੁਕਾਈ ਕਰ ਨਹੀਂ ਸਕਦਾ, ਜੋ ਅਜਿਹੇ ਇਨਾਮ ਲੈਣ ਲਈ ਕਰਨੀ ਪੈਂਦੀ ਹੈ। ਬਾਕੀ ਪਿੱਛੇ ਜਿਹੇ ਬੀ ਸੀ ਦੇ ਹੈਲਥ ਮਨਿਸਟਰ ਗੁਲਜ਼ਾਰ ਚੀਮਾ ਨੇ ਮੋਮੈਂਟੋ ਦੇ ਕੇ ਮੈਨੂੰ ਸਨਮਾਨਿਆ ਸੀ। ਦਿਖਾਵੇ ਵਾਲ਼ਾ ਸਨਮਾਨ ਲੈਣ ਦੀ ਮੇਰੀ ਕੋਈ ਇੱਛਾ ਨਹੀਂ ਹੈ। ਮੈਨੂੰ ਬੱਸ ਇਹ ਹੈ ਕਿ ਮੇਰੇ ਅੰਦਰ ਜੋ ਹੈ, ਉਹ ਮੈਂ ਲੋਕਾਂ ਤਕ ਪਹੁੰਚਾ ਸਕਾਂ, ਉਹ ਹੀ ਮੇਰਾ ਸਨਮਾਨ ਹੋਵੇਗਾ। ਲੋਕ ਉਡੀਕਦੇ ਰਹਿਣ ਕਿ ਅਮਨਪਾਲ ਕੁਝ ਹੋਰ ਲਿਖੇ, ਇਹੀ ਮੇਰਾ ਸਨਮਾਨ ਹੈ।

**ਤੁਸੀਂ ਤ੍ਰੈਮਾਸਿਕ ਮੈਗਜ਼ੀਨ 'ਵਤਨ' ਦੀ ਟੀਮ ਦਾ ਹਿੱਸਾ ਰਹੇ ਹੋ। ਉਸਦੇ ਤਜਰਬੇ ਸਾਂਝੇ ਕਰਨੇ ਚਾਹੋਂਗੇ?**

**ਅਮਨਪਾਲ:** ਪੰਜਾਬੀ ਸਾਹਿਤ ਨੂੰ ਜਾਚਣਾ, ਪਰਖਣਾ ਜਾਂ ਸਾਹਿਤ ਦੀਆਂ ਮਜਬੂਰੀਆਂ ਜਾਂ ਵਧੀਆ ਪੱਖ, ਸਾਰਾ ਕੁਝ 'ਵਤਨ' ਨੇ ਹੀ ਸਿਖਾਇਆ। 'ਵਤਨ' ਦੇ ਮੈਂ ਮੁਖ ਤੌਰ 'ਤੇ ਪ੍ਰਬੰਧਕੀ ਕੰਮ ਹੀ ਕਰਦਾ ਸੀ। ਪਰ ਜਿਹੜੀਆਂ ਰਚਨਾਵਾਂ ਆਉਂਦੀਆਂ ਸਨ, ਉਹ ਅਸੀਂ ਤਿੰਨੇ (ਸਾਧੂ ਬਿਨਿੰਗ, ਸੁਖਵੰਤ ਹੁੰਦਲ ਤੇ ਅਮਨਪਾਲ) ਡਿਸਕਸ ਕਰਦੇ ਸੀ। ਮੈਨੂੰ ਉਸ ਚੀਜ਼ ਤੋਂ ਪਤਾ ਲੱਗਾ ਕਿ ਪਰਚੇ ਦਾ ਸਟੈਂਡਰਡ ਕਿਵੇਂ ਬਰਕਰਾਰ ਰੱਖਣਾ ਹੈ। ਪੰਜਾਬੀ ਸਾਹਿਤ ਦੀ ਸਥਿਤੀ ਕਿ ਇਹ ਕਿਉਂ ਨਹੀਂ ਵਿਕ ਰਿਹਾ, ਉਹ ਮੈਨੂੰ 'ਵਤਨ' ਦੀਆਂ ਮਜਬੂਰੀਆਂ ਤੋਂ ਹੀ ਸਾਫ਼ ਹੋਈ। 'ਵਤਨ' ਅਸੀਂ ਛੇ ਸਾਲ ਕੱਢਦੇ ਰਹੇ। ਉਸ ਨੂੰ ਆਰਥਿਕ ਔਕੜਾਂ ਬਹੁਤ ਸਨ। ਨਾਲ਼ ਸਾਨੂੰ ਇਹ ਵੀ ਮਹਿਸੂਸ ਹੋਇਆ ਕਿ ਅਸੀਂ ਆਪਣੀਆਂ ਦੂਸਰੀਆਂ ਯੋਗਤਾਵਾਂ ਦੀ ਬਲੀ ਦੇ ਰਹੇ ਹਾਂ। ਇਸ ਕਰਕੇ ਬੰਦ ਕਰਨਾ ਪਿਆ।

**ਕੈਨੇਡਾ 'ਚ ਰਚੇ ਜਾ ਰਹੇ ਸਾਹਿਤ ਤੋਂ ਸੰਤੁਸ਼ਟ ਹੋ?**

**ਅਮਨਪਾਲ:** ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਸੰਤੁਸ਼ਟ ਹੈ ਵੀ ਨਹੀਂ ਕਿਉਂਕਿ ਸਾਡੇ ਬਹੁਤੇ ਲੇਖਕ ਇਕ ਪੱਧਰ ਤੋਂ ਅੱਗੇ ਨਹੀਂ ਵਧਦੇ। ਜਿੰਨਾ ਚਿਰ ਅਸੀਂ ਵਡੇਰੇ ਸਮਾਜ ਨਾਲ਼ ਆਪਣੀ ਸਾਂਝ ਨਹੀਂ ਪਾਵਾਂਗੇ, ਦੂਜੇ ਲੋਕਾਂ ਦੀਆਂ ਸੋਚਾਂ ਨਾਲ਼ ਆਪਣੀਆਂ ਸੋਚਾਂ ਦਾ ਆਦਾਨ-ਪ੍ਰਦਾਨ ਨਹੀਂ ਕਰਾਂਗੇ, ਹੌਰਾਈਜ਼ਨ ਵਾਈਡਰ ਨਹੀਂ ਕਰਾਂਗੇ, ਆਪਣੇ ਅੰਦਰ ਹੀ ਵੜੇ ਰਹਾਂਗੇ, ਇਹ ਕੋਈ ਬਹੁਤੀ ਵਧੀਆ ਗੱਲ ਨਹੀਂ। ਕਲਚਰ ਦਾ ਵਿਸ਼ਵੀਕਰਨ ਹੋ ਰਿਹਾ ਹੈ ਇਸ ਕਰਕੇ ਸਾਨੂੰ ਲੋੜ ਹੈ ਕਿ ਬਾਕੀ ਸਮਾਜਾਂ ਖਾਸ ਕਰ ਜਿਨ੍ਹਾਂ 'ਚ ਅਸੀਂ ਰਹਿ ਰਹੇ ਹਾਂ, ਉਨ੍ਹਾਂ ਦੀਆਂ ਡੂੰਘਾਈਆਂ ਸਮਝ ਕੇ ਉਨ੍ਹਾਂ ਦੇ ਚੰਗੇ ਪੱਖਾਂ ਅਤੇ ਆਪਣੇ ਮਾੜੇ ਪੱਖਾਂ ਨੂੰ ਇਕੋ ਸ਼ਿੱਦਤ ਨਾਲ ਪੇਸ਼ ਕਰੀਏ। ਇਕ ਮਨੁੱਖ ਨੂੰ ਉਹਦੀ ਨਸਲ, ਰੰਗ ਜਾਂ ਜਾਤ ਤੋਂ ਪਰੇ ਦੇਖਣ ਦੇ ਕਾਬਲ ਹੋਈਏ। ਜਦੋਂ ਅਸੀਂ ਇਨ੍ਹਾਂ ਚੀਜ਼ਾਂ ਤੋਂ ਉੱਪਰ ਉੱਠ ਕੇ ਲਿਖਾਂਗੇ, ਉਹ ਚਾਹੇ ਕਿਸੇ ਭਾਸ਼ਾ 'ਚ ਲਿਖਾਂਗੇ, ਉਹ ਮਨੁੱਖਤਾ ਦਾ ਸਾਹਿਤ ਹੋਵੇਗਾ।

**ਕੈਨੇਡਾ 'ਚ ਕਹਾਣੀ ਕਾਫ਼ੀ ਲਿਖੀ ਜਾ ਰਹੀ ਹੈ ਖਾਸ ਕਰ ਕੇ ਟਰਾਂਟੋ ਏਰੀਏ 'ਚ। ਕੀ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ?**

**ਅਮਨਪਾਲ:** ਛਪ ਰਹੀਆਂ ਹਨ ਬਹੁਤ ਕਹਾਣੀਆਂ। ਟਰਾਂਟੋ ਆਲ਼ੇ ਜਰਨੈਲ ਸਿੰਘ ਕਹਾਣੀਕਾਰ ਨਾਲ਼ ਮੇਰੀ ਬੜੀ ਦਿਲੀ ਸਾਂਝ ਹੈ। ਅਸੀਂ ਹਰੇਕ ਰਚਨਾ ਇਕ-ਦੂਜੇ ਨਾਲ ਡਿਸਕਸ ਕੀਤੀ ਹੈ। ਉਸ ਵਿਚ ਮੈਨੂੰ ਬਹੁਤ ਸੰਭਾਵਨਾਵਾਂ ਨਜ਼ਰ ਆਈਆਂ ਹਨ। ਉਸਦੀ ਲਿਖਤ 'ਚ ਜੋ ਪਕਿਆਈ ਹੈ, ਉਸ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ। ਹੋਰ ਸਾਧੂ ਹੈ, ਉਹ ਘੱਟ ਲਿਖਦਾ ਹੈ।

**ਸਮਕਾਲੀ ਕਹਾਣੀਕਾਰਾਂ 'ਚੋਂ ਮਨਭਾਉਂਦੇ ਕਹਾਣੀਕਾਰ ਕਿਹੜੇ ਹਨ?**

**ਅਮਨਪਾਲ:** ਵਰਿਆਮ ਸੰਧੂ ਅਤੇ ਗੁਰਪਾਲ ਲਿੱਟ। ਮੈਨੂੰ ਪਤਾ ਲੱਗਜੇ ਸਹੀ ਕਿ ਇਨ੍ਹਾਂ ਦੀ ਕੋਈ ਨਵੀਂ ਕਹਾਣੀ ਛਪੀ ਹੈ, ਮੈਂ ਹਰ ਹੀਲ਼ਾ ਵਰਤ ਕੇ ਕਹਾਣੀ ਮੰਗਵਾ ਕੇ ਪੜ੍ਹ ਸਕਦਾ ਹਾਂ।

**ਤੁਸੀਂ ਟੀ ਵੀ ਹੋਸਟ ਰਹੇ ਹੋ। ਕੰਧਾਂ ਨਾਲ ਲਟਕ ਰਹੀਆਂ ਫੋਟੋਆਂ ਸੌਕਰ ਅਤੇ ਕ੍ਰਿਕਟ ਦੀਆਂ ਟੀਮਾਂ 'ਚ ਤੁਹਾਡੀ ਸ਼ਮੂਲੀਅਤ ਦੀ ਬਾਤ ਪਾ ਰਹੀਆਂ ਹਨ। ਇਨ੍ਹਾਂ ਬਾਰੇ ਕੁਝ ਦੱਸੋਗੇ?**

**ਅਮਨਪਾਲ:** ਇਨਸਾਨ ਨੇ ਇਕੋ ਵਾਰ ਦੁਨੀਆਂ 'ਤੇ ਆਉਣਾ ਹੈ। ਉਹਦੇ 'ਚ ਹੀ ਉਹਨੇ ਸਾਰੇ ਅਨੁਭਵ ਕਰਨੇ ਹੁੰਦੇ ਹਨ। ਉਹਦੇ 'ਚ ਹੀ ਉਹਨੇ ਆਪਣਾ ਸੁਨੇਹਾ ਦੇਣਾ ਤੇ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ ਆਉਣ ਵਾਲੀਆਂ ਪੀੜ੍ਹੀਆਂ ਲਈ। ਸੋ ਮੈਂ ਸਭ ਪਾਸੇ ਹੀ ਝੰਡੇ ਗੱਡਦਾ ਰਿਹਾ ਹਾਂ। ਸੌਕਰ ਦਾ ਮੈਂ ਵਧੀਆ ਪਲੇਅਰ ਸੀ। ਕ੍ਰਿਕਟ ਵੀ ਵਧੀਆ ਖੇਡਦਾ ਰਿਹਾਂ, ਬੈਡਮਿੰਟਨ ਵੀ। ਭੰਗੜਾ ਵੀ ਪਾਉਂਦਾ ਰਿਹਾ ਹਾਂ। ਐਕਟਿੰਗ ਸਕੂਲ 'ਚ ਸਿਖਾਇਆ ਜਾਂਦਾ ਹੈ ਕਿ ਵਧੀਆ ਐਕਟਰ ਹੋਣ ਲਈ, ਵਧੀਆ ਸਰੀਰ ਹੋਣਾ ਸਹਾਈ ਹੁੰਦਾ ਹੈ। ਇਸ ਕਰਕੇ ਮੈਂ ਫ਼ਿਜ਼ੀਕਲੀ ਫਿੱਟ

ਰਹਿਣ ਦੀ ਕੋਸ਼ਿਸ਼ ਕੀਤੀ। ਪਰ ਸੌਕਰ ਬਾਰੇ ਇਸ ਤਰ੍ਹਾਂ ਹੈ ਕਿ ਜਿਸ ਮਾਹਲਪੁਰ ਦੇ ਇਲਾਕੇ ਨਾਲ ਮੈਂ ਸੰਬੰਧਤ ਹਾਂ, ਜੇ ਮੈਂ ਸੌਕਰ ਖੇਡਣੀ ਨਹੀਂ ਜਾਣਦਾ ਹੋਵਾਂਗਾ ਤਾਂ ਉਸ ਇਲਾਕੇ ਨਾਲ ਵਫ਼ਾਦਾਰੀ ਨਹੀਂ ਕਰ ਰਿਹਾ ਹੋਵਾਂਗਾ। ਕ੍ਰਿਕਟ ਦੁਨੀਆਂ ਦੀਆਂ ਸਭ ਤੋਂ ਵੱਧ ਜਟਿਲ ਖੇਡਾਂ ਵਿਚੋਂ ਇਕ ਹੈ ਤੇ ਮੈਨੂੰ ਇਸਦਾ ਸਾਰਾ ਕੱਚਾ ਚਿੱਠਾ ਪਤਾ ਹੈ। ਇਹ ਮੇਰੇ ਗੁਣਾਂ ਦੀ ਅਮੀਰੀ ਹੈ।

**ਟੀ ਵੀ ਹੋਸਟ ਹੋਣ ਬਾਰੇ ਚਾਨਣਾ ਪਾਓ।**

**ਅਮਨਪਾਲ:** ਸੰਨ ਸਤਾਸੀ 'ਚ ਕੈਥੇ ਚੈਨਲ ਹੁੰਦਾ ਸੀ। ਉਨ੍ਹਾਂ ਨੇ ਤਜਰਬੇ ਦੇ ਤੌਰ 'ਤੇ ਪੰਜਾਬੀ ਪ੍ਰੋਗਰਾਮ ਸ਼ੁਰੂ ਕੀਤਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਲੋਕ ਮੰਗ ਕਰਨਗੇ ਤਾਂ ਉਨ੍ਹਾਂ ਨੂੰ ਪੇਅ ਟੀ ਵੀ ਦਾ ਲਾਈਸੰਸ ਮਿਲ ਜਾਵੇਗਾ। ਪਰ ਪੰਜਾਬੀ ਕਮਿਊਨਿਟੀ 'ਚੋਂ ਮੰਗ ਨਾ ਆਈ। ਇਸ ਕਰਕੇ ਉਹ ਪ੍ਰੋਗਰਾਮ ਕਾਮਯਾਬ ਨਹੀਂ ਹੋਇਆ ਪਰ ਜੋ ਪ੍ਰੋਗਰਾਮ ਅਸੀਂ ਬਣਾਏ, ਉਹ ਵਾਕਿਆ ਹੀ ਉੱਚ ਪੱਧਰ ਦੇ ਸਨ। ਅਗਾਂਹ ਜਾ ਕੇ ਉਸ ਚੀਜ਼ ਨੇ ਫ਼ਿਲਮ ਬਣਾਉਣ ਵੇਲੇ ਮੇਰੀ ਸਹਾਇਤਾ ਕੀਤੀ।

**ਪਰਿਵਾਰ, ਸਕੂਲ ਤੇ ਕੈਨੇਡਾ ਅਵਾਸ ਬਾਰੇ ਕੁਝ ਦੱਸੋ।**

**ਅਮਨਪਾਲ:** ਪਿਤਾ ਜੀ ਦੀ ਸਾਈਡ ਸ਼ਾਹੀ ਠਾਠ ਵਾਲ਼ਾ ਪਰਿਵਾਰ ਹੈ ਸਾਡਾ। ਮੇਰੇ ਪੜਦਾਦਾ ਜੀ ਨੂੰ ਲਾਰਡ ਮੈਂਟੋ ਨੇ 'ਸਰਦਾਰ ਬਹਾਦਰ' ਦਾ ਖ਼ਿਤਾਬ ਦਿੱਤਾ ਸੀ। ਉਹ ਹੁਸ਼ਿਆਰਪੁਰ ਦੇ ਸ਼ੈਸ਼ਨ ਜੱਜ ਸਨ। ਸਾਡੇ ਦਾਦਾ ਜੀ ਨੇ 1914 ਵਿਚ ਇੰਗਲੈਂਡ ਜਾ ਕੇ 'ਬਾਰ ਐਟ ਲਾਅ' ਕੀਤੀ। ਉਨ੍ਹਾਂ ਦੀ ਮੌਤ ਮੇਰੀ ਕੁ ਉਮਰ (ਛਿਆਲੀ ਸਾਲ)'ਚ ਹੋ ਗਈ। ਉਸ ਤੋਂ ਬਾਅਦ ਪਰਿਵਾਰ ਥੱਲੇ ਵੱਲ ਗਿਆ। ਪਰ ਸਾਡੀ ਦਾਦੀ ਧਾਰਮਿਕ ਖ਼ਿਆਲਾਂ ਦੀ ਸੀ। ਕੁਝ ਚੰਗਾ ਕਰ ਗੁਜ਼ਰਨ ਦੀ ਪਹਿਲੀ ਪ੍ਰੇਰਣਾ ਮੈਨੂੰ ਮੇਰੀ ਦਾਦੀ ਤੋਂ ਹੀ ਮਿਲੀ। ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦੀਆਂ ਕਹਾਣੀਆਂ ਉਹਨੇ ਬਹੁਤ ਵਾਰ ਸੁਣਾਈਆਂ। ਨਾਨਕਾ ਪਰਿਵਾਰ ਵੱਲੋਂ ਮੇਰੇ ਨਾਨਾ ਜੀ ਜਰਨੈਲ ਮੂਲ਼ਾ ਸਿੰਘ ਜੀ, ਜਿਹੜੇ ਸਾਧਾਰਨ ਕਿਸਾਨ ਸਨ ਪਰ ਉਨ੍ਹਾਂ ਦਾ ਸਾਰਾ ਜੀਵਨ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ 'ਚ ਹੀ ਲੱਗਿਆ। ਉਨ੍ਹਾਂ ਨਾਲ਼ ਬਹੁਤ ਸਮਾਂ ਗੁਜ਼ਾਰਨ ਦਾ ਮੈਨੂੰ ਮੌਕਾ ਮਿਲਿਆ। ਭਾਸ਼ਨ ਦਾ ਗੁਣ ਤੇ ਮਿਹਨਤ ਕਰਨ ਦੀ ਆਦਤ ਉਨ੍ਹਾਂ ਵੱਲ ਦੇਖ ਕੇ ਪਈ।

**ਤੁਹਾਡੀ ਉਮਰ ਕੀ ਸੀ, ਜਦੋਂ ਕੈਨੇਡਾ ਆਏ?**

**ਅਮਨਪਾਲ:** ਪਹਿਲੀ ਵਾਰ ਜਦੋਂ ਕੈਨੇਡਾ ਆਇਆ ਸੀ, ਉਦੋਂ ਮੈਂ ਉਨੀਂ ਸਾਲ ਦਾ ਸੀ। ਇੰਡੀਆ ਬੀ ਐਸ ਸੀ ਕਰ ਕੇ ਇੱਥੇ ਪੜ੍ਹਣ ਆਇਆ ਸੀ ਪਰ ਇੱਥੋਂ ਦੀ ਚਕਾ-ਚੌਂਧ 'ਚ ਗਵਾਚ ਕੇ ਪੜ੍ਹ ਨਹੀਂ ਸਕਿਆ। ਡੇਢ ਕੁ ਸਾਲ ਯੂਨੀਵਰਸਿਟੀ 'ਚ ਲਾ ਕੇ ਮੇਰਾ ਇਰਾਦਾ ਵੀ ਬਦਲ ਗਿਆ ਸੀ ਤੇ ਮੈਂ ਚੱਲ ਵੀ ਵਧੀਆ ਨਹੀਂ ਸੀ ਰਿਹਾ। ਇਸ ਕਰਕੇ ਵਾਪਸ ਮੁੜ ਗਿਆ। ਮੇਰਾ ਇਰਾਦਾ ਸੀ ਕਿ ਵਾਪਸ ਜਾ ਕੇ ਆਈ ਏ ਐਸ ਕਰੂੰਗਾ। ਮੇਰੇ ਅੰਦਰ ਉਸ ਵੇਲੇ ਜ਼ਜਬਾ ਸੀ ਕਿ ਮੁਲਕ ਵਿਚ ਰਹਿ ਕੇ ਮੁਲਕ ਦਾ ਸੁਧਾਰ ਕਰਨਾ ਹੈ। ਪਰ ਹੁਣ ਜਦੋਂ ਸੋਚਦਾ ਹਾਂ ਕਿ ਜੇ ਮੈਂ ਆਈ ਏ ਐਸ ਜਾਂ ਆਈ ਪੀ ਐਸ ਬਣ ਵੀ ਜਾਂਦਾ, ਉੱਥੇ ਮੈਂ ਸਥਾਪਤੀ ਦੀ ਕਠਪੁਤਲੀ ਬਣ ਕੇ ਰਹਿ ਜਾਣਾ ਸੀ। ਹੁਣ ਮੈਂ ਲੇਖਕ ਦੇ ਤੌਰ 'ਤੇ ਕਿਸੇ ਵੀ ਅਫ਼ਸਰ ਨਾਲੋਂ ਵੱਡੇ ਥਾਂ ਉੱਪਰ ਹਾਂ।

**ਪ੍ਰਸ਼ਨ: ਤੁਸੀਂ ਡੇਢ ਕੁ ਸਾਲ ਇੱਥੇ ਰਹਿ ਕੇ ਮੁੜ ਗਏ। ਮੁੜ ਆਉਣ ਦਾ ਜੁਗਾੜ ਕੀ ਬਣਿਆ?**

**ਅਮਨਪਾਲ:** ਵਿਆਹ ਰਾਹੀਂ। ਤੇਈ-ਚੌਵੀ ਸਾਲ ਦੀ ਉਮਰ ਸੀ ਮੇਰੀ, ਘਰਦਿਆਂ ਅਰੇਂਜ ਕਰ ਦਿੱਤਾ, ਮੈਂ ਤਾਂ ਰਾਜੀ ਨਹੀਂ ਸੀ। ਹੁਣ ਲਗਦਾ ਹੈ ਕਿ ਵਧੀਆ ਹੋਇਆ। ਉਸ ਨੇ ਕਦੇ ਅੜਿੱਕਾ ਨਹੀਂ ਪਾਇਆ, ਮੈਂ ਜੋ ਜ਼ਿੰਦਗੀ 'ਚ ਕਰਨਾ ਚਾਹਿਆ, ਉਹ ਹਰ ਸਮੇਂ ਮੇਰੀ ਸਪੋਰਟ ਹੀ ਬਣੀ। ਉਹਨੇ ਆਪਣੀਆਂ ਜ਼ਰੂਰਤਾਂ ਘਟਾ ਕੇ ਵੀ ਮੇਰੇ ਜਿੰਮੇ ਦੇ ਕੰਮ ਸੰਭਾਲ਼ੇ ਤਾਂ ਕਿ ਮੈਂ ਜਿਸ ਪਾਸੇ ਵੱਲ਼ ਤੁਰਿਆ ਹਾਂ, ਚੰਗੀ ਤਰ੍ਹਾਂ ਤੁਰ ਸਕਾਂ। ਮੇਰੀ ਪਤਨੀ ਦਾ ਬਹੁਤ ਵੱਡਾ ਯੋਗਦਾਨ ਹੈ, ਮੇਰੇ

ਸਭ ਕੁਝ ਕਰਨ ਵਿੱਚ। ਸੋਹਣਾ ਸਾਥ ਨਿਭਾ ਰਹੀ ਹੈ। ਜਦੋਂ ਮੇਰੀ ਕੋਈ ਰਚਨਾ ਪੂਰੀ ਹੋ ਜਾਂਦੀ ਹੈ, ਭਾਵੇਂ ਅੱਧੀ ਰਾਤ ਹੋਵੇ, ਉਸ ਨੂੰ ਸੁੱਤੀ ਨੂੰ ਉਠਾ ਕੇ ਸਣਾਉਂਦਾ ਹਾਂ।

**ਪ੍ਰਸ਼ਨ: ਬੱਚੇ? ਉਨ੍ਹਾਂ ਦਾ ਹੈ ਸਾਹਿਤ ਵੱਲ ਕੋਈ ਰੁਝਾਨ?**

**ਅਮਨਪਾਲ:** ਦੋ ਬੱਚੇ ਹਨ। ਆਜ਼ਾਦ ਅਠਾਰਾਂ ਸਾਲਾਂ ਦਾ ਹੋ ਗਿਆ ਤੇ ਸੂਰਜ ਸੋਲ੍ਹਾਂ ਦਾ। ਉਨ੍ਹਾਂ ਦਾ ਕੋਈ ਜਿਆਦਾ ਧਿਆਨ ਨਹੀਂ ਏਧਰ। ਆਜ਼ਾਦ ਨੇ ਥੋੜ੍ਹਾ ਚਿਰ ਪੋਇਟਰੀ ਲਿਖਣੀ ਸ਼ੁਰੂ ਕੀਤੀ ਸੀ। ਮੈਂ ਕਦੇ ਵੀ ਇਸ ਹੱਕ 'ਚ ਨਹੀਂ ਕਿ ਬੱਚੇ ਨੂੰ ਪੁਸ਼ ਕਰੋ। ਮੇਰੇ ਘਰਦੇ ਮੈਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ ਤੇ ਮੈਂ ਇਸ ਨੂੰ ਨਫ਼ਰਤ ਕਰਦਾ ਸੀ।

**ਪ੍ਰਸ਼ਨ: ਅੱਜ-ਕੱਲ੍ਹ ਕੀ ਲਿਖ ਰਹੇ ਹੋ?**

**ਅਮਨਪਾਲ:** ਜਿਹੜਾ 'ਸੁਰ ਸਿੰਘ ਗਦਰ ਮੈਮੋਰੀਅਲ ਪ੍ਰੋਜੈਕਟ' ਹੈ, ਉਸਦੇ ਸਬੰਧ 'ਚ ਛੋਟਾ ਜਿਹਾ ਲੇਖ ਲਿਖ ਰਿਹਾ ਹਾਂ ਤੇ ਇਕ ਮੇਰੇ ਨਾਨਾ ਜੀ ਜਰਨੈਲ ਮੂਲ੍ਹਾ ਸਿੰਘ ਬਾਰੇ ਕਿਤਾਬ ਛਪਣੀ ਹੈ, ਉਸਦਾ ਮੁਖ-ਬੰਦ ਲਿਖ ਰਿਹਾ ਹਾਂ।

**ਪ੍ਰਸ਼ਨ: ਤੁਸੀਂ ਇਸ ਨਾਮੁਰਾਦ ਬਿਮਾਰੀ ਦੇ ਬਾਵਜੂਦ ਸਰਗਰਮ ਹੋ, ਹੌਂਸਲੇ ਨਾਲ ਇਸਦਾ ਮੁਕਾਬਲਾ ਕਰ ਰਹੇ ਹੋ। ਤੁਹਾਡੀ ਅਜੇਹੀ ਸਖ਼ਸ਼ੀਅਤ ਦਾ ਪ੍ਰੇਰਣਾ ਸਰੋਤ ਕੀ ਹੈ?**

**ਅਮਨਪਾਲ:** ਮੇਰਾ ਖਿਆਲ਼ ਹੈ ਕਿ ਮੇਰੇ ਹਾਲਾਤ ਹੀ ਮੇਰੇ ਪ੍ਰੇਰਣਾ ਸਰੋਤ ਬਣਦੇ ਰਹੇ ਹਨ। ਜਿਵੇਂ ਮੈਂ ਦੱਸਿਆ ਹੈ ਕਿ ਦਾਦੀ ਜੀ ਕੋਲ਼ੋਂ ਸੂਰਬੀਰਾਂ ਦੀਆਂ ਗਥਾਵਾਂ ਸੁਣਦੇ ਸੀ, ਨਾਨਾ ਜੀ ਦੇ ਜੇਲ੍ਹਾਂ 'ਚ ਟਾਰਚਰ ਹੋਣ ਦੇ ਕਿੱਸੇ ਵਤਨ ਦੀ ਆਜ਼ਾਦੀ ਖਾਤਰ । ਮਾਤਾ-ਪਿਤਾ ਅਧਿਆਪਕ ਸਨ। ਪਿਤਾ ਜੀ ਪ੍ਰਿੰਸੀਪਲ ਰੀਟਾਇਰ ਹੋਏ ਹਨ। ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਡਿਊਟੀ ਨਿਭਾਈ। ਸਾਰੀ ਉਮਰ ਕੋਈ ਪੈਸਾ-ਧੇਲਾ ਇਧਰ-ਉਧਰ ਨਹੀਂ ਹੋਣ ਦਿੱਤਾ। ਮਦਰ ਪੰਜਾਬੀ ਟੀਚਰ ਸਨ। ਪੰਜਾਬੀ 'ਤੇ ਜਿਹੜੀ ਕਮਾਂਡ ਹੋਈ ਹੈ, ਉਨ੍ਹਾਂ ਕਰਕੇ ਹੀ ਹੋਈ ਹੈ। ਉੱਜਲ ( ਬੀ ਸੀ ਦੇ ਸਾਬਕਾ ਪ੍ਰੀਮੀਅਰ ਉੱਜਲ ਦੁਸਾਂਝ) ਮੇਰਾ ਪ੍ਰੇਰਣਾ ਸਰੋਤ ਹੈ। ਉੱਜਲ ਦੇ ਨਾਨਾ ਜੀ ਵੀ ਉਹੀ ਹਨ, ਜਿਹੜੇ ਮੇਰੇ। ਉਸ ਨੂੰ ਮੈਂ ਡੀਵੈਲਪ ਹੁੰਦੇ ਦੇਖਿਆ ਹੈ। ਤੇ ਇਥੇ ਕੈਨੇਡਾ ਆ ਕੇ ਸੈਟਲ ਹੋਣ ਲਈ ਮਿਹਨਤ ਕਰਨੀ ਪਈ ਤੇ ਸੋ ਕਾਲਡ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਹ ਸਾਰੇ ਮੇਰੇ ਪ੍ਰੇਰਣਾ ਸਰੋਤ ਬਣਦੇ ਰਹੇ। ਬਾਕੀ ਜਦੋਂ ਤੁਹਾਨੂੰ ਇਹ ਸਮਝ ਪੈ ਜਾਵੇ ਕਿ ਸਮਾਜ ਨੂੰ ਹੋਰ ਚੰਗੇਰਾ ਬਣਾਇਆ ਜਾ ਸਕਦਾ ਹੈ। ਇਹਦੇ 'ਚ ਤੁਸੀਂ ਆਪਣਾ ਯੋਗਦਾਨ ਪਾ ਸਕਦੇ ਹੋ ਤਾਂ ਇਹ ਸੋਚ ਹੀ ਤੁਹਾਡੀ ਪ੍ਰੇਰਣਾ ਸਰੋਤ ਬਣ ਜਾਂਦੀ ਹੈ। ਲੇਖਕ ਦੇ ਤੌਰ 'ਤੇ ਸਾਧੂ ਸਿੰਘ ਧਾਮੀ , ਜਿਹੜੇ ਪਹਿਲੇ ਇੰਡੋ-ਕਨੇਡੀਅਨ ਆਰਟਿਸਟ ਸੀ, ਉਨ੍ਹਾਂ ਦੇ ਜੀਵਨ ਤੋਂ ਮੈਂ ਬਹੁਤ ਪ੍ਰਭਾਵਤ ਹੋਇਆ ਹਾਂ। ਦਰਸ਼ਨ ਸਿੰਘ ਕੈਨੇਡੀਅਨ ਤੋਂ ਪ੍ਰਭਾਵਤ ਹਾਂ। ਬਾਕੀ ਮੇਰੇ ਤਜਰਬੇ, ਦੋਸਤ, ਆਲੋਚਕ ਤੇ ਅੱਗੇ ਵਧਣ ਦੇ ਚਾਹਵਾਨ ਨੌਜਵਾਨ ਮੇਰੇ ਪ੍ਰੇਰਣਾ ਸਰੋਤ ਹਨ। ਮੈਂ ਆਪਣੀ ਜਗ੍ਹਾ ਇਕ ਹੋਰ ਬੰਦਾ ਤਿਆਰ ਕਰ ਜਾਵਾਂ, ਜਿਹੜਾ ਮੇਰੇ ਪੋਟੈਂਸ਼ਲ ਨੂੰ ਲੈ ਕੇ ਅਗਾਂਹ ਚੱਲੇ ਤਾਂ ਜੋ ਸਮਾਜ ਵਧੀਆ ਹੋ ਸਕੇ। ਸੋ ਇਹ ਇੰਟਰਵਿਊ ਹੀ ਆਪਣੇ-ਆਪ 'ਚ ਮੇਰਾ ਪ੍ਰੇਰਣਾ ਸਰੋਤ ਹੈ।

**ਤੁਸੀਂ ਕੁਝ ਹੋਰ ਕਹਿਣਾ ਚਾਹੋਗੇ ?**

**ਅਮਨਪਾਲ:** ਕਹਿਣਾ ਮੈਂ ਬਹੁਤ ਕੁਝ ਚਾਹੁੰਦਾ ਹਾਂ ਪਰ ਮੇਰਾ ਖਿਆਲ ਹੈ ਜਿਹੜਾ ਸਵਾਦ ਕੁੱਜੇ 'ਚ ਸਮੁੰਦਰ ਬੰਦ ਕਰ ਕੇ ਆਉਂਦਾ ਹੈ, ਉਹ ਖਿਲਾਰਾ ਪਾ ਕੇ ਨਹੀਂ ਆਉਂਦਾ। ਸਾਧੂ ਸਿੰਘ ਧਾਮੀ ਦੇ ਸ਼ਬਦਾਂ ਨਾਲ ਗੱਲ ਮਕਾਉਂਦਾ ਹਾਂ:

We should learn to live in a creative unity. We have to form a society where differences are tolerated. Differences don't become opposition. Opposition doesn't become hostility and hostility doesn't become a war. We have to learn to live with differences. 000

***(ਫੋਨ: +1-778-231-1189, ਈਮੇਲ: hsekha@hotmail.com)***

# ਝਾਂਜਰਾਂ ਦਾ ਜੋੜਾ: ਕਹਾਣੀ: ਸਿਮਰਨ ਧਾਲੀਵਾਲ

ਕਿਸ਼ਨ ਬਾਬੂ ਇਕਦਮ ਜਿਵੇਂ ਤ੍ਰਭਕਿਆ ਹੋਵੇ।

ਉਸਦੀ ਧੜਕਣ ਵਧ ਗਈ। ਵਟਸਐਪ ਉਪਰ ਚੈਟ ਕਰਦਿਆਂ ਉਸ ਕੋਲੋਂ ਦਿਲ ਦਾ ਨਿਸ਼ਾਨ ਭੇਜਿਆ ਗਿਆ ਸੀ ਤੇ ਹੁਣ ਅੱਗਿਉਂ ਬਦਲੇ ਵਿਚ ਉਸਨੂੰ ਦੋ ਦਿਲ ਦੇ ਨਿਸ਼ਾਨ ਮਿਲੇ ਸਨ। ਉਸਨੂੰ ਉਮੀਦ ਵੀ ਸ਼ਾਇਦ ਇਸੇ ਦੀ ਸੀ। ਉਹ ਸਰੂਰ ਜਿਹੇ ਵਿਚ ਵੀ ਸੀ, ਪਰ ਥੋੜ੍ਹਾ-ਥੋੜ੍ਹਾ ਡਰ ਵੀ ਰਿਹਾ ਸੀ। ਉਹਨੇ ਫੋਨ ਪਾਸੇ ਰੱਖਿਆ ਤੇ ਪੀਅਨ ਰਾਮ ਜਸ ਨੂੰ ਆਵਾਜ਼ ਦੇ ਕੇ ਚਾਹ ਲੈ ਕੇ ਆਉਣ ਲਈ ਆਖਿਆ। ਨਵੰਬਰ ਮਹੀਨੇ ਦੇ ਆਖਿਰੀ ਦਿਨ ਸਨ। ਹਲਕੀ ਜਿਹੀ ਠੰਢ ਸੀ। ਆਪਣੇ ਕੈਬਿਨ ਵਿਚ ਬੈਠਾ ਉਹ ਆਨੰਦ ਦੀ ਅਵਸਥਾ ਵਿਚ ਪਹੁੰਚਿਆ ਹੋਇਆ ਸੀ। ਕੱਲ੍ਹ ਸ਼ਨੀਵਾਰ ਸੀ ਤੇ ਪਰਸੋਂ ਐਤਵਾਰ। ਦੋ ਛੁੱਟੀਆਂ ਸਨ। ਉਸਦੀ ਨਜ਼ਰ ਸਾਹਮਣੇ ਖਾਲੀ ਪਏ ਗੀਤਾ ਮੈਡਮ ਦੇ ਕੈਬਿਨ ’ਤੇ ਪਈ। ਹੁਣ ਉਹਨੇ ਸੋਮਵਾਰ ਨੂੰ ਦਫ਼ਤਰ ਆਉਣਾ ਸੀ। ਕਿਸ਼ਨ ਬਾਬੂ ਨੂੰ ਇਕ ਵਾਰ ਤਾਂ ਅੱਚਵੀ ਜਿਹੀ ਮਹਿਸੂਸ ਹੋਈ। ਲੱਗਿਆ ਕਿ ਗੀਤਾ ਨੂੰ ਫੇਸ ਕਿਵੇਂ ਕਰਾਂਗਾ?

ਫਿਰ ਲੱਗਿਆ, ਕੁਝ ਨਹੀਂ ਹੋਣ ਲੱਗਾ। ਸੰਗ-ਸ਼ਰਮ ਤਾਂ ਛੱਡਣੀ ਪੈਣੀ।ਅਗਲੀ ਤਾਂ ਜਮਾਂ ਨਹੀਂ ਸੰਗਦੀ।...ਤੇ ਉਸ ਕਹਾਣੀ ਨੂੰ ਕਿਸ਼ਨ ਨੇ ਹੁਣ ਆਪਣੇ ਹੱਥਾਂ ਵਿਚ ਲੈ ਲਿਆ ਸੀ ਜੋ ਗੀਤਾ ਸੱਭਰਵਾਲ ਨੇ ਸ਼ੁਰੂ ਕੀਤੀ ਸੀ। ਪਰ ਅਸਲ ਵਿਚ ਇਹ ਕਹਾਣੀ ਗੀਤਾ ਨੇ ਨਹੀਂ, ਆਸ਼ਾ ਦੇਵੀ ਨੇ ਸ਼ੁਰੂ ਕੀਤੀ ਸੀ। ਅਜੀਬ ਉਲਝੀ ਜਿਹੀ ਤੰਦ ਹੈ ਵੈਸੇ। ਗੀਤਾ ਦੀ ਕਹਾਣੀ ਦੇ ਨਾਲ-ਨਾਲ ਕਿਸ਼ਨ ਦੇ ਮੱਥੇ ਵਿਚ ਆਸ਼ਾ ਦੇਵੀ ਦੀ ਕਹਾਣੀ ਵੀ ਚੱਲਦੀ ਰਹਿੰਦੀ। ਆਸ਼ਾ ਉਸਦੀ ਪਤਨੀ। ਉਮਰ ਵਿਚ ਉਸਤੋਂ ਤਿੰਨ ਸਾਲ ਛੋਟੀ ਪਰ ਵਿਹਾਰ ਵਿਚ ਦਸ ਸਾਲ ਵੱਡੀ ਲੱਗਦੀ। ਉਹ ਕਈ ਵਰ੍ਹੇ ਪਿੱਛੇ ਪਹੁੰਚ ਗਿਆ।ਧਿਆਨ ਗੀਤਾ ਦੇ ਕੈਬਿਨ ਵੱਲੋਂ ਹਟ ਗਿਆ।

ਉਹਨਾਂ ਦਾ ਜਦ ਵਿਆਹ ਹੋਇਆ ਸੀ, ਉਹਨਾਂ ਜਿਹੀ ਜੋੜੀ ਦੂਰ-ਦੂਰ ਤਕ ਕਿਤੇ ਵੀ ਨਹੀਂ ਸੀ ਦਿੱਸਦੀ। ਆਸ਼ਾ ਗੋਰੀ ਚਿੱਟੀ। ਲੰਮਾ ਕੱਦ। ਬਿੱਲੀਆਂ ਅੱਖਾਂ। ਲੰਮੇ ਵਾਲ਼। ਹੱਸਦੀ ਤਾਂ ਜਿਵੇਂ ਫੁੱਲ ਕਿਰਦੇ। ਕਿਸ਼ਨ ਉੱਡਿਆ ਫਿਰਦਾ। ਨਵਾਂ-ਨਵਾਂ ਉਹ ਉਦੋਂ ਅੰਕੜਾ ਵਿਭਾਗ ਵਿਚ ਕਲਰਕ ਭਰਤੀ ਹੋਇਆ ਸੀ। ਨਿਯੁਕਤੀ ਸ਼ਹਿਰ ਦੀ ਹੀ ਸੀ। ਦੁਪਹਿਰੇ ਰੋਟੀ ਖਾਣ ਲਈ ਘਰ ਆ ਜਾਂਦਾ। ਦੋਨੋਂ ਚੁਬਾਰੇ ਵਿਚ ਵੜ ਜਾਂਦੇ। ਗੱਲਾਂ ਨਾ ਮੁੱਕਦੀਆਂ। ਉਹਨਾਂ ਦਾ ਹਾਸਾ ਚੁਬਾਰੇ ਦੀ ਬਾਰੀ ਵਿਚੋਂ ਨਿਕਲ ਕੇ ਹੇਠਾਂ ਪਹੁੰਚ ਜਾਂਦਾ। ਰੋਟੀ ਠੰਢੀ ਹੋ ਜਾਂਦੀ। ਬੁਰਕੀ ਤੋੜਦਾ ਤੇ ਮੂੰਹ ਵਿਚ ਪਉਣੀ ਭੁੱਲ ਜਾਂਦਾ। ਸੂਈਆਂ ਆਪਣੀ ਸੀਮਾ ਟੱਪ ਜਾਂਦੀਆਂ। ਕਿਸ਼ਨ ਲੇਟ ਹੋ ਜਾਂਦਾ। ਦਫ਼ਤਰ ਇੰਚਾਰਜ ਕੁਨੱਖਾ ਜਿਹਾ ਝਾਕਦਾ। ਕਿਸ਼ਨ ਦਾ ਜੀਅ ਕਰਦਾ ਲੰਮੀ ਛੁੱਟੀ ਲੈ ਕੇ ਕਿਤੇ ਦੂਰ ਪਹੁੰਚ ਜਾਏ।ਜਿੱਥੇ ਉਹ ਤੇ ਬਸ ਆਸ਼ਾ ਹੋਵੇ।

ਚੁਬਾਰੇ ਤੋਂ ਉਤਰੀ ਆਸ਼ਾ ਨੂੰ ਜੇਠਾਣੀ ਛੇੜਦੀ ਰਹਿੰਦੀ। ਦੋਨੋਂ ਹੱਸਦੀਆਂ ਤੇ ਆਸ਼ਾ ਦਾ ਚਿਹਰਾ ਸੰਗ ਨਾਲ ਲਾਲ ਵੀ ਹੁੰਦਾ ਰਹਿੰਦਾ। ਕਿਆ ਦਿਨ ਸਨ ਉਹ। ਕਿਸ਼ਨ ਬਾਬੂ ਉਹ ਸਭ ਯਾਦ ਕਰ ਕੇ ਚਹਿਕ ਉਠਦਾ। ਸਮਾਂ ਕਿੰਨੀ ਤੇਜ਼ ਗਤੀ ਨਾਲ ਚੱਲਦਾ ਹੈ। ਵਿਆਹ ਦੇ ਡੇਢ ਸਾਲ ਮਗਰੋਂ ਉਹਨਾਂ ਦੇ ਘਰ ਧੀ ਨੇ ਜਨਮ ਲਿਆ। ਆਸ਼ਾ ਬੱਚੀ ਵਿਚ ਉਲਝ ਗਈ। ਧੀ ਵੈਸ਼ਾਲੀ ਤੋਂ ਬਾਅਦ ਬੇਟੇ ਸਿਧਾਰਥ ਦਾ ਜਨਮ ਹੋਇਆ। ਦੋਨੋਂ ਬੱਚੇ ਹਾਣੀਆਂ ਵਰਗੇ ਸਨ। ਆਸ਼ਾ ਸਾਰਾ ਦਿਨ ਬੱਚਿਆਂ ਵਿਚ ਗੁਆਚੀ ਰਹਿੰਦੀ। ਕਿਸ਼ਨ ਬਾਬੂ ਦੀ ਬਦਲੀ ਨੇੜਲੇ ਸ਼ਹਿਰ ਵਿਚ ਹੋ ਗਈ।

ਦੁਪਹਿਰ ਦੀ ਰੋਟੀ ਉਹ ਘਰੋਂ ਨਾਲ ਲੈ ਜਾਂਦਾ। ਟਿਫ਼ਨ ਪੈਕ ਕਰਕੇ। ਚੁਬਾਰੇ ਵਾਲੀ ਰੌਣਕ ਖਿੰਡ ਗਈ।...ਤੇ ਹੁਣ ਉਹ ਦੋਵੇਂ ਚਾਲ੍ਹੀਵਾਂ ਵਰ੍ਹਾ ਪਾਰ ਕਰ ਚੁੱਕੇ ਸਨ। ਵਾਲ਼ਾਂ ਵਿਚ ਸਫੈਦੀ ਉਤਰ ਰਹੀ ਸੀ। ਐਤਵਾਰ ਨੂੰ ਕਿਸ਼ਨ ਬਾਬੂ ਕੌਲੀ ਵਿਚ ਡਾਈ ਘੋਲ਼ਦਾ ਫਿਰਦਾ ਤੇ ਆਸ਼ਾ ਵਾਲ਼ਾਂ ਵਿਚ ਮਹਿੰਦੀ ਦਾ ਲੇਪ ਲਗਾਉਂਦੀ। ਬੱਚੇ ਵੱਡੇ ਹੁੰਦੇ ਗਏ, ਉਹਨਾਂ ਵਿਚਾਲ਼ੇ ਦੂਰੀ ਆਉਂਦੀ ਗਈ। ਆਸ਼ਾ ਜਦ ਨੂੰ ਬੈੱਡਰੂਮ ਵਿਚ ਆਉਂਦੀ ਕਿਸ਼ਨ ਬਾਬੂ ਉਡੀਕਦਾ ਸੌਂ ਚੁੱਕਾ ਹੁੰਦਾ। ਕਦੇ ਉਹ ਨੇੜੇ ਹੋਣ ਲੱਗਦੇ ਤਾਂ ਦੋਨਾਂ ਬੱਚਿਆਂ ਵਿਚੋਂ ਕੋਈ ਨਾ ਕੋਈ ਉਠ ਜਾਂਦਾ। ਕਿਸ਼ਨ ਬਾਬੂ ਅਵਾਜ਼ਾਰ ਜਿਹਾ ਹੋ ਕੇ ਰਹਿ ਜਾਂਦਾ।

ਦਫ਼ਤਰ ਵਿਚ ਹਮਉਮਰਾਂ ਨਾਲ ਕਦੇ ਕੋਈ ਗੱਲ ਛਿੜਦੀ ਤਾਂ ਕਿਸ਼ਨ ਬਾਬੂ ਚੁੱਪ ਰਹਿੰਦਾ। ਸਾਥੀ ਆਖਦੇ, ਇਹ ਤਾਂ ਉਮਰ ਦੀ ਦੂਜੀ ਪਾਰੀ ਹੈ। ਸਭ ਦੀਆਂ ਆਪਣੀਆਂ ਕਹਾਣੀਆਂ ਸਨ। ਕਦੇ ਕੋਈ ਕਿਸ਼ਨ ਬਾਬੂ ਨੂੰ ਵੀ ਛੇੜ ਦਿੰਦਾ।

"ਕਿਸ਼ਨ ਜੀ ਫੇਰ ਕਾਟੋਂ ਖੇਡਦੀ ਫੁੱਲਾਂ 'ਤੇ ਜਾਂ ਨਹੀਂ?"

ਕਿਸ਼ਨ ਬਾਬੂ ਸੰਗ ਕੇ ਰਹਿ ਜਾਂਦਾ। ਕੀ ਦੱਸਦਾ ਕਿਸੇ ਨੂੰ? ਉਹ ਤਾਂ ਮਸਾਂ ਹੀ ਨੇੜੇ ਜਾਂਦੇ ਸਨ ਇਕ ਦੂਜੇ ਦੇ ਕਿਤੇ। ਉਹ ਹੱਸ ਕੇ ਟਾਲ਼ ਲੈਂਦਾ। ਉਹਨਾਂ ਦੀਆਂ ਸੁਣਦਾ ਰਹਿੰਦਾ। ਮੱਖਣ ਸਿਹੁੰ ਸਹਾਇਕ ਤਾਂ ਹੋਰ ਸੰਗ ਲਾਹ ਦਿੰਦਾ, "ਘਰ ਲਵੇਰਾ ਨਾ ਹੋਵੇ ਤਾਂ ਦੁੱਧ ਬਾਹਰੋਂ ਲੈਣਾ ਪੈਂਦਾ ਬੰਦੇ ਨੂੰ।"

ਕਿਸ਼ਨ ਬਾਬੂ ਵਰਗਾ ਬੰਦਾ ਤਾਂ ਐਸੀ ਗੱਲ ਕਦੇ ਸੋਚ ਵੀ ਨਹੀਂ ਸੀ ਸਕਦਾ। ਉਹ ਬਸ ਆਸ਼ਾ ਦੇ ਵਿਹਾਰ ਤੋਂ ਹੀ ਕੁੜ੍ਹ ਸਕਦਾ ਸੀ।

ਉਹਨੇ ਤਾਂ ਜਵਾਨੀ ਵੇਲੇ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖਿਆ। ਕਾਲਿਜ ਪੜ੍ਹਦਿਆਂ, ਉਹ ਘਰ ਤੋਂ ਕਾਲਿਜ ਤੇ ਕਾਲਿਜ ਤੋਂ ਸਿੱਧਾ ਘਰ ਆਉਂਦਾ। ਕਾਲਿਜ ਘਰ ਤੋਂ ਨੇੜੇ ਹੀ ਸੀ। ਉਹ ਪੈਦਲ ਆਉਂਦਾ ਜਾਂਦਾ। ਕਦੇ ਕਿਤੇ ਕੋਈ ਦਿਨ ਐਸਾ ਵੀ ਹੁੰਦਾ, ਆਪਣੀ ਦੁਕਾਨ 'ਤੇ ਜਾਣ ਤੋਂ ਪਹਿਲਾਂ ਉਸਦੇ ਬਾਊ ਜੀ ਉਸਨੂੰ ਆਪਣੇ ਸਕੂਟਰ 'ਤੇ ਕਾਲਿਜ ਛੱਡ ਜਾਂਦੇ। ਪੜ੍ਹਾਈ ਮੁਕਾ ਕੇ ਉਹ ਕੁਝ ਮਹੀਨੇ ਦੁਕਾਨ 'ਤੇ ਜਾਂਦਾ ਰਿਹਾ ਤੇ ਫਿਰ ਨੌਕਰੀ ਲੱਗਣ ਦੇ ਅੱਗੇ-ਪਿੱਛੇ ਹੀ ਉਸਦਾ ਵਿਆਹ ਹੋ ਗਿਆ।...ਤੇ ਕਿਸ਼ਨ ਬਾਬੂ ਆਸ਼ਾ ਵਿਚ ਗੁਆਚ ਗਿਆ। ਮੁਹੱਬਤ ਦੇ ਰੰਗ ਵਿਚ ਰੰਗਿਆ ਉਹ ਭਲਾ ਕਿਵੇਂ ਦੇਖਦਾ ਕਿਸੇ ਹੋਰ ਵੱਲ?

ਪਰ ਗੀਤਾ ਤਾਂ ਜਿਵੇਂ ਮੱਲੋਜ਼ੋਰੀ ਉਸਦੀ ਜ਼ਿੰਦਗੀ ਵਿਚ ਆਣ ਵੜੀ ਸੀ।

ਕਿਸੇ ਹੋਰ ਦਫਤਰ ਵਿਚੋਂ ਬਦਲ ਕੇ ਆਈ ਗੀਤਾ, ਪਹਿਲੇ ਦਿਨ ਹੀ ਪੂਰੇ ਦਫ਼ਤਰ ਵਿਚ ਚਰਚਾ ਦਾ ਵਿਸ਼ਾ ਬਣ ਗਈ ਸੀ। ਉੱਚੀ-ਲੰਮੀ, ਗੋਰਾ ਰੰਗ। ਅੱਖਾਂ ਵਿ'ਚ ਚਮਕ। ਉਹ ਉਮਰੋਂ ਦਸ ਸਾਲ ਛੋਟੀ ਲੱਗਦੀ। ਉਸਦੀ ਹਰ ਗੱਲ ਵਿਚ ਸਲੀਕਾ ਸੀ। ਕੱਪੜਿਆਂ ਤੋਂ ਲੈ ਕੇ ਮੇਕਅੱਪ ਤਕ। ਮੇਕਅੱਪ ਤੋਂ ਲੈ ਕੇ ਚਾਲ-ਢਾਲ ਤਕ। ਮਰਦਾਨਾ ਸਟਾਫ਼ ਉਹਦੀਆਂ ਗੱਲਾਂ ਕਰਦਾ। ਉਸ ਵੇਲ਼ੇ ਵੀ ਕਿਸ਼ਨ ਬਾਬੂ ਕੁਝ ਨਾ ਕਹਿੰਦਾ। ਦੂਜਿਆਂ ਦੀ ਸੁਣ ਲੈਂਦਾ। ਹੱਸ ਲੈਂਦਾ। ਉਸਦਾ ਦੂਜਿਆਂ ਨਾਲੋਂ ਅਲੱਗ ਹੋਣਾ ਹੀ ਸ਼ਾਇਦ ਗੀਤਾ ਨੂੰ ਜਚ ਗਿਆ ਸੀ। ਉਹ ਕਿਸ਼ਨ ਬਾਬੂ ਨਾਲ ਗੱਲ-ਬਾਤ ਕਰਨ ਲੱਗੀ। ਲੰਚ ਬ੍ਰੇਕ ਵਿਚ ਲੌਕਲ ਲੋਕ ਘਰ ਚਲੇ ਜਾਂਦੇ। ਗੀਤਾ ਆਪਣਾ ਲੰਚ ਬਾਕਸ ਲੈ ਕੇ ਕਿਸ਼ਨ ਬਾਬੂ ਦੇ ਟੇਬਲ 'ਤੇ ਜਾਂਦੀ। ਪਹਿਲਾਂ ਦੋਨਾਂ ਵਿਚਾਲੇ ਦੀ ਚੁੱਪ ਟੁੱਟੀ ਤੇ ਫੇਰ ਰਸਮੀਪਣ। ਰੋਟੀ ਖਾਂਦਿਆਂ ਉਹ ਗੱਲਾਂ ਕਰਦੇ ਰਹਿੰਦੇ। ਇਕ ਦੂਜੇ ਦੇ ਟਿਫ਼ਨ ਵਿਚੋਂ ਬੁਰਕੀ ਲਗਾ ਲੈਂਦੇ।...ਤੇ ਕੁਝ ਮਹੀਨਿਆਂ ਵਿਚ ਉਹਨਾਂ ਵਿਚਾਲ਼ੇ ਕਾਫੀ ਨੇੜਤਾ ਹੋ ਗਈ। ਬੱਸ 'ਤੇ ਆਉਂਦੇ ਤਾਂ ਦੋਵੇਂ ਬੱਸ ਅੱਡੇ ਤਕ ਇਕੱਠਿਆਂ ਜਾਂਦੇ। ਉੱਥੋਂ ਆਪਣੇ-ਆਪਣੇ ਸ਼ਹਿਰ ਦੀ ਬੱਸ ਫੜ ਲੈਂਦੇ। ਕਿਸ਼ਨ ਬਾਬੂ ਕਦੇ ਕਾਰ 'ਤੇ ਦਫ਼ਤਰ ਆਉਂਦਾ ਤਾਂ ਵਲ਼ ਪਾ ਕੇ ਗੀਤਾ ਨੂੰ ਉਸਦੇ

ਸ਼ਹਿਰੋਂ ਨਾਲ ਬਿਠਾ ਕੇ ਦਫ਼ਤਰ ਲੈ ਕੇ ਆਉਂਦਾ। ਗੱਡੀ ਵਿਚ ਜਗਜੀਤ ਸਿੰਘ ਦੀਆਂ ਗ਼ਜ਼ਲਾਂ ਵੱਜਦੀਆਂ ਰਹਿੰਦੀਆਂ ਤੇ ਉਹ ਗੱਲਾਂ ਵਿਚ ਗੁਆਚੇ ਕਦ ਦਫ਼ਤਰ ਆਣ ਪਹੁੰਚਦੇ ਉਹਨਾਂ ਨੂੰ ਵੀ ਪਤਾ ਨਾ ਲੱਗਦਾ। ਕਦੇ ਕਦੇ ਘਰੇ ਵੀ ਇਕ ਦੂਜੇ ਨੂੰ ਕੋਈ ਮੈਸੇਜ ਕਰ ਲੈਂਦੇ। ਕਦੇ-ਕਦੇ ਕਿਸ਼ਨ ਬਾਬੂ ਡਰਦਾ। ਸੋਚਦਾ। ਗੀਤਾ ਨਾਲ ਨੇੜਤਾ ਉਸਨੂੰ ਗ਼ਲਤ ਲੱਗਦੀ। ਆਪਣੀ ਪਤਨੀ ਆਸ਼ਾ ਦਾ ਖ਼ਿਆਲ ਆਉਂਦਿਆਂ, ਉਸਦੇ ਅੰਦਰ ਕੋਈ ਅਪਰਾਧ ਬੋਧ ਜਾਗਣ ਲੱਗਦਾ। ਪਰ ਅਚਾਨਕ ਆਸ਼ਾ ਦੇ ਸੁਭਾਅ ਵਿਚ ਅਜੀਬ ਜਿਹਾ ਬਦਲਾਅ ਆ ਗਿਆ। ਕਿਸ਼ਨ ਬਾਬੂ ਕਦੇ ਛੂੰਹਦਾ ਵੀ ਤਾਂ ਉਹ ਤ੍ਰਭਕ ਉਠਦੀ। ਉਸਨੂੰ ਦੂਰ ਹੋਣ ਲਈ ਤਰਲਾ ਕਰਦੀ। ਹਰੇਕ ਦੂਜੇ ਦਿਨ ਵਰਤ ਰੱਖ ਲੈਂਦੀ। ਦੋ-ਦੋ ਘੰਟੇ ਪੂਜਾ ਵਾਲੇ ਕਮਰੇ ਵਿਚ ਬੈਠੀ ਰਹਿੰਦੀ। ਕਿਸ਼ਨ ਬਾਬੂ ਕੋਲ਼ ਹੋਣ ਦੀ ਕੋਸ਼ਿਸ਼ ਵੀ ਕਰਦਾ ਤਾਂ ਆਸ਼ਾ ਇਨਕਾਰ ਕਰਦੀ। ਕਿਸ਼ਨ ਬਾਬੂ ਦਫ਼ਤਰ ਚਲਿਆ ਜਾਂਦਾ ਤਾਂ ਆਸ਼ਾ ਸੀ.ਡੀ ਪਲੇਅਰ ਉਪਰ ਕਿਸੇ ਅਚਾਰੀਆ ਦੇਵ ਦਾ ਲੈਕਚਰ ਚਲਾ ਲੈਂਦੀ। ਲੌਬੀ ਵਿਚ ਲੈਕਚਰ ਚਲਦਾ ਰਹਿੰਦਾ ਤੇ ਆਸ਼ਾ ਨਾਲ-ਨਾਲ ਨਿੱਕੇ ਮੋਟੇ ਕੰਮ ਕਰਦੀ ਰਹਿੰਦੀ। ਆਸ਼ਾ ਦਿਨੋਂ ਦਿਨ ਅਚਾਰੀਆ ਦੇਵ ਦੇ ਰੰਗ ਵਿਚ ਰੰਗਦੀ ਜਾ ਰਹੀ ਸੀ। ਉਸਨੇ ਰੰਗ ਤਿਆਗ ਦਿੱਤੇ। ਚਿੱਟੇ ਕੱਪੜੇ ਪਾਉਣ ਲੱਗੀ। ਮੇਕਅੱਪ ਛੱਡ ਦਿੱਤਾ। ਬੜਾ ਧੀਮਾ ਬੋਲਣ ਲੱਗੀ। ਸ਼ਾਂਤ ਜਿਹੀ। ਅਡੋਲ ਜਿਹੀ। ਬੱਚਿਆਂ ਨੂੰ ਜਦੋਂ ਵੱਡੇ ਦਿਨਾਂ ਦੀਆਂ ਛੁੱਟੀਆਂ ਹੋਈਆਂ, ਆਸ਼ਾ ਨੇ ਕਿਸ਼ਨ ਬਾਬੂ ਕੋਲੋਂ ਦੋ ਦਿਨ ਵਾਸਤੇ ਦੇਵ ਆਸ਼ਰਮ ਜਾਣ ਦੀ ਇਜਾਜ਼ਤ ਮੰਗੀ। ਕਿਸ਼ਨ ਬਾਬੂ ਨੇ ਤਾਂ ਕਦੇ ਕਿਸੇ ਗੱਲੋਂ ਆਸ਼ਾ ਨੂੰ ਵਰਜਿਆ ਹੀ ਨਹੀਂ ਸੀ। ਉਸਦੀ ਖੁਸ਼ੀ ਸੀ ਕਿ ਉਹ ਜਾਣਾ ਚਾਹੁੰਦੀ ਹੈ। ਕਿਸ਼ਨ ਬਾਬੂ ਕਿਵੇਂ ਰੋਕਦਾ? ਆਸ਼ਾ ਦੇਵ ਆਸ਼ਰਮ ਚਲ਼ੀ ਗਈ। ਅਚਾਰੀਆ ਦੇਵ ਦੇ ਪ੍ਰਵਚਨ ਸੁਣੇ। ਆਸ਼ਰਮ ਦੀ ਸ਼ਾਂਤੀ ਨੂੰ ਮਾਣਿਆ। ਘਰ ਤੋਂ ਦੂਰ ਜ਼ਿੰਮੇਦਾਰੀਆਂ ਤੋਂ ਦੂਰ। ਕੋਈ ਫੋਨ ਕਾਲ ਨਹੀਂ, ਕੋਈ ਸ਼ੋਰ ਨਹੀਂ। ਸੰਸਾਰ ਤੋਂ ਦੂਰ ਹੁੰਦੀ-ਹੁੰਦੀ ਆਸ਼ਾ, ਕਿਸ਼ਨ ਬਾਬੂ ਤੋਂ ਕੋਹਾਂ ਦੂਰ ਹੋ ਗਈ।

"ਹੁਣ ਮੇਰਾ ਮਨ ਨ੍ਹੀ ਹੁੰਦਾ ਇਹਨਾਂ ਗੱਲਾਂ ਲਈ।"...ਤੇ ਉਹਨੇ ਅਲੱਗ ਕਮਰੇ ਵਿਚ ਸੌਣਾ ਸ਼ੁਰੂ ਕਰ ਦਿੱਤਾ। ਜ਼ਰਾ ਜਿਹਾ ਤਕਰਾਰ ਵੀ ਹੋਇਆ। ਪਰ ਕਿਸ਼ਨ ਬਾਬੂ ਆਖਿਰ ਕਰਦਾ ਵੀ ਕੀ?...

ਉਹਨੂੰ ਇਹ ਸਭ ਅਜੀਬ ਜਿਹਾ ਲੱਗ ਰਿਹਾ ਸੀ। ਉਹਨੇ ਵੀ ਚੁੱਪ ਧਾਰ ਲਈ। ਬਾਕੀ ਸਭ ਆਪਣੀ ਚਾਲ ਵਿਚ ਚੱਲਦਾ ਜਾ ਰਿਹਾ ਸੀ।

ਕਦੇ ਉਸਨੂੰ ਲੱਗਦਾ, ਇਸ ਪਿੱਛੇ ਕੋਈ ਵਿਗਿਆਨਕ ਕਾਰਨ ਹੈ। ਕਦੇ ਲੱਗਦਾ, ਕਬੀਲਦਾਰੀ ਦੀ ਜ਼ਿੰਮੇਦਾਰੀ ਨੇ ਉਸ ਅੰਦਰੋਂ ਸਭ ਅਹਿਸਾਸ ਮੁਕਾ ਦਿੱਤੇ ਨੇ।...ਤੇ ਕਿਸ਼ਨ ਬਾਬੂ ਸੋਚਾਂ ਦੀ ਜੋੜ ਘਟਾਓ ਕਰਦਾ ਰਹਿੰਦਾ।

ਇਸੇ ਚੁੱਪ ਨੂੰ ਅਚਾਨਕ ਗੀਤਾ ਨੇ ਤੋੜ ਸੁੱਟਿਆ ਸੀ। ਆਸ਼ਾ ਵੱਲੋਂ ਟੁੱਟਿਆਂ ਕਿਸ਼ਨ ਬਾਬੂ ਗੀਤਾ ਨਾਲ ਜੁੜਨ ਲੱਗਾ। ਉਹਨਾਂ ਦੀਆਂ ਗੱਲਾਂ ਵਧ ਗਈਆਂ। ਦੂਰੀਆਂ ਹੋਰ ਘਟ ਗਈਆਂ।

ਅਚਾਨਕ ਇਕ ਦਿਨ ਗੀਤਾ ਨੇ ਕਿਸ਼ਨ ਬਾਬੂ ਨੂੰ ਪੁੱਛ ਲਿਆ, "ਖੁਸ਼ ਹੋ ਆਪਣੀ ਲਾਈਫ਼ ਵਿਚ?"

"ਪਤਾ ਨ੍ਹੀ!" ਕਿਸ਼ਨ ਬਾਬੂ ਦੇ ਅਧੂਰੇ ਜਿਹੇ ਜਵਾਬ ਦੇ ਵੀ ਪੂਰੇ ਅਰਥ ਗੀਤਾ ਸਮਝ ਗਈ ਸੀ।

"ਸਭ ਨੂੰ ਜਾਣੇ ਕਿਉਂ ਸਾਰਾ ਕੁਝ ਕਿਉਂ ਨਹੀਂ ਮਿਲਦਾ।" ਅੱਗਿਉਂ ਗੀਤਾ ਨੇ ਵੀ ਸਰਦ ਸਾਹ ਲਿਆ।...ਤੇ ਉਹ ਇਕ ਦੂਜੇ ਨਾਲ ਹੋਰ ਖੁਲ੍ਹ ਗਏ। ਦੋਹਾਂ ਨੇ ਦੁੱਖ-ਸੁੱਖ ਸਾਂਝੇ ਕੀਤੇ। ਆਪਣੇ-ਆਪਣੇ ਹਿੱਸੇ ਦਾ ਖਲਾਅ ਭਰਨ ਦੀ ਇਹ ਜਿਵੇਂ ਕੋਸ਼ਿਸ਼ ਹੀ ਤਾਂ ਸੀ। ਇਹ ਸਾਂਝ ਉਹਨਾਂ ਨੂੰ ਵੱਧ ਨੇੜੇ ਲੈ ਆਈ।

ਕਦੇ-ਕਦੇ ਆਪਣੀਆਂ ਉਦਾਸੀਆਂ ਸਾਂਝੀਆਂ ਕਰਦੀ ਗੀਤਾ ਕਿਸ਼ਨ ਬਾਬੂ ਦੇ ਸਾਹਮਣੇ ਰੋ

ਪੈਂਦੀ। ਕਿਸ਼ਨ ਬਾਬੂ ਦੇ ਮੋਢੇ'ਤੇ ਸਿਰ ਧਰੀ, ਉਹਨਾਂ ਤਮਾਮ ਦੁੱਖਾਂ ਨੂੰ ਭੁੱਲ ਜਾਂਦੀ, ਜਿਨ੍ਹਾਂ ਦੇ ਕਰਕੇ ਇਹ ਜਨਮ ਉਸਨੂੰ ਵਿਅਰਥ ਲੱਗਣ ਲੱਗਿਆ ਸੀ।

ਗੀਤਾ ਦੇ ਜਨਮ ਦਿਨ ਮੌਕੇ ਕਿਸ਼ਨ ਬਾਬੂ ਨੇ ਉਸਨੂੰ ਝਾਂਜਰਾਂ ਦਾ ਜੋੜਾ ਗਿਫ਼ਟ ਕੀਤਾ। ਚੜ੍ਹਦੀਆਂ ਸਰਦੀਆਂ, ਗੀਤਾ ਉਸ ਲਈ ਸਵੈਟਰ ਬੁਣ ਕੇ ਲਿਆਈ। ਦਫ਼ਤਰ ਵਾਲੇ ਸਾਥੀਆਂ ਨੂੰ ਦਾਲ ਵਿਚ ਕੁਝ ਕਾਲ਼ਾ ਮਹਿਸੂਸ ਹੋਇਆ ਤਾਂ ਦੋਹਾਂ ਨੇ ਲੋਕਾਂ ਸਾਹਮਣੇ ਦੂਰੀ ਪੈਦਾ ਕਰ ਲਈ। ਸਿਰਫ ਸਹਿ-ਕਰਮੀਆਂ ਵਰਗਾ ਵਿਹਾਰ ਕਰਦੇ।

ਕਿਸ਼ਨ ਬਾਬੂ ਨੂੰ ਗੀਤਾ ਦਾ ਹੋਣਾ ਚੰਗਾ ਲੱਗਦਾ। ਉਹ ਉਸਦੀਆਂ ਦਿੱਤੀਆਂ ਝਾਂਜਰਾਂ ਪਾ ਕੇ ਜਦ ਵੀ ਦਫ਼ਤਰ ਆਉਂਦੀ ਤਾਂ ਕਿਸ਼ਨ ਬਾਬੂ ਨੂੰ ਸਾਰਾ ਦਫ਼ਤਰ ਖਣਕਦਾ ਮਹਿਸੂਸ ਹੁੰਦਾ। ਫਿਰ ਕਿਸ਼ਨ ਬਾਬੂ ਨੇ ਇਕ ਦਿਨ ਦਿਲ ਦੀ ਗੱਲ ਦੱਸਣ ਲਈ ਫੋਨ ਉਪਰ ਦਿਲ ਦਾ ਨਿਸ਼ਾਨ ਭੇਜ ਦਿੱਤਾ।ਗੱਲ ਖੁਲ੍ਹ ਗਈ।ਪਹਿਲ ਹੋ ਗਈ ਤੇ ਬਦਲੇ ਵਿਚ ਉਸਨੂੰ ਦੋ ਦਿਲ ਨਿਸ਼ਾਨ ਮਿਲ ਗਏ।ਨਾਲ ਲਿਖਿਆ ਸੀ, "ਇਸ ਰਿਸ਼ਤੇ ਦਾ ਮਾਣ ਰੱਖਿਓ!"

ਉਹ ਇਸ ਨਵੇਂ ਰਿਸ਼ਤੇ ਨੂੰ ਜਿਊਂਣ ਲੱਗੇ।

ਆਸ਼ਾ ਨਾਲ ਜਿਵੇਂ ਕਿਸ਼ਨ ਬਾਬੂ ਦਾ ਵਾਸਤਾ ਹੀ ਮੁੱਕ ਗਿਆ ਹੋਵੇ। ਉਹ ਸਫ਼ੈਦ ਕੱਪੜੇ ਪਾਈ, ਸ਼ਾਂਤ ਜਿਹੀ ਆਪਣੇ ਰੰਗ ਵਿਚ ਰੰਗੀ ਰਹਿੰਦੀ। ਕਿਸ਼ਨ ਬਾਬੂ ਫੋਨ ਉਪਰ ਗੀਤਾ ਨਾਲ ਰੁੱਝਿਆ ਰਹਿੰਦਾ। ਆਸ਼ਾ ਕੰਮ ਮੁਕਾਉਂਦੀ ਤੇ ਦੂਜੇ ਕਮਰੇ ਵਿਚ ਜਾ ਕੇ ਮਾਲ਼ਾ ਫੜ ਲੈਂਦੀ।

ਕਿਸ਼ਨ ਬਾਬੂ ਜਿੰਨਾ ਗੀਤਾ ਦੀ ਮੁਹੱਬਤ ਵਿਚ ਗੁਆਚਦਾ ਜਾ ਰਿਹਾ ਸੀ, ਆਸ਼ਾ ਉਨੀ ਜ਼ਿਆਦਾ ਸੰਸਾਰਕ ਮੋਹ ਤੋਂ ਮੁਕਤ ਹੁੰਦੀ ਜਾ ਰਹੀ ਸੀ। ਕਦੇ ਕਦੇ ਕਿਸ਼ਨ ਬਾਬੂ ਸ਼ਿਕਾਇਤ ਵੀ ਕਰਦਾ।

"ਤੂੰ ਤਾਂ ਸਾਧਣੀ ਬਣ ਕੇ ਬਹਿ ਗਈ।ਤੈਨੂੰ ਕਿਸੇ ਨਾਲ ਕੀ।"

ਗੀਤਾ ਮੁਸਕਰਉਂਦੀ। ਸ਼ਾਂਤ ਰਹਿੰਦੀ।

"ਦੇਹ ਦਾ ਰਿਸ਼ਤਾ ਮੁੱਕਿਆ ਰੂਹਾਂ ਦਾ ਨਹੀਂ। ਹਰ ਪਲ ਕੋਲ਼ ਹਾਂ ਤੁਹਾਡੇ। ਆਈ ਕਿਸੇ ਗੱਲ ਦੀ ਕਮੀ?" ...ਤੇ ਉਹ ਕਿਸ਼ਨ ਬਾਬੂ ਦੀ ਸ਼ਿਕਾਇਤ ਦੂਰ ਕਰਨ ਲਈ ਖ਼ੁਦ ਨੂੰ ਹੋਰ ਸਮਰਪਿਤ ਕਰ ਲੈਂਦੀ। ਕਿਸ਼ਨ ਬਾਬੂ ਪੰਜ ਵਜੇ ਉਠਦਾ ਤੇ ਸੈਰ ਕਰਨ ਲਈ ਜਾਂਦਾ। ਆਸ਼ਾ ਉਸਤੋਂ ਵੀ ਪਹਿਲਾਂ ਉਠ ਖੜ੍ਹਦੀ। ਪੀਣ ਲਈ ਕੋਸਾ ਪਾਣੀ ਦਿੰਦੀ। ਪੈਰੀਂ ਪਾਉਣ ਲਈ ਰੈਕ ਤੋਂ ਬੂਟ ਚੁੱਕ ਲਿਆਉਂਦੀ। ਕਿਸ਼ਨ ਬਾਬੂ ਚਲਾ ਜਾਂਦਾ ਤਾਂ ਖ਼ੁਦ ਫਟਾਫਟ ਨਹਾ ਕੇ ਪੂਜਾ ਰੂਮ ਵਿਚ ਜਾ ਬੈਠਦੀ। ਕਦੇ ਚਾਹ ਕਦੇ ਰੋਟੀ ਕੱਪੜੇ। ਸਫਾਈਆਂ। ਉਹ ਸਭ ਤੋਂ ਪਹਿਲਾਂ ਉਠਦੀ ਤੇ ਸਭ ਤੋਂ ਬਾਅਦ ਵਿਚ ਉਸਨੂੰ ਮੰਜਾ ਨਸੀਬ ਹੁੰਦਾ। ਕਿਸ਼ਨ ਬਾਬੂ ਜ਼ਰਾ ਜਿੰਨੀ ਵੀ ਤੱਤੇ ਠੰਢੇ ਦੀ ਸ਼ਿਕਾਇਤ ਕਰਦਾ, ਆਸ਼ਾ ਪੱਬਾਂ ਭਾਰ ਹੋ ਜਾਂਦੀ। ਕਿਸ਼ਨ ਬਾਬੂ ਇਸ ਸਭ ਕੁਝ ਤੋਂ ਸੰਤੁਸ਼ਟ ਵੀ ਸੀ, ਪਰ ਆਸ਼ਾ ਵੱਲੋਂ ਬਣਾਈ ਦੂਰੀ ਉਸਨੂੰ ਖੱਲਦੀ ਵੀ। ਉਹ ਇਸ ਦੂਰੀ ਨੂੰ ਗੀਤਾ ਵੱਲ ਤੁਰ ਕੇ ਮਿਟਉਣਾ ਚਾਹੁੰਦਾ।

000

ਕਿਸ਼ਨ ਬਾਬੂ ਸੈਰ ਤੋਂ ਵੀ ਮੁੜ ਆਇਆ , ਪਰ ਆਸ਼ਾ ਅੱਜ ਉਠੀ ਨਹੀਂ ਸੀ। ਸਵੇਰੇ ਜਾਣ ਵੇਲ਼ੇ ਉਹਨੇ ਪਾਣੀ ਖ਼ੁਦ ਹੀ ਕੋਸਾ ਕਰਕੇ ਪੀ ਲਿਆ ਸੀ। ਸੋਚਿਆ, ਉਠਣ ਵਿਚ ਘੌਲ਼ ਹੋ ਗਈ ਹੋਣੀ ਹੈ। ਪਰ ਆਸ਼ਾ ਤਾਂ ਐਸ ਵੇਲ਼ੇ ਤੀਕ ਕਦੇ ਵੀ ਨਹੀਂ ਸੀ ਸੌਂਦੀ। ਉਹਨੂੰ ਫ਼ਿਕਰ ਵੀ ਹੋਇਆ ਤੇ ਖਿਝ ਵੀ ਆਈ। ਅੱਜ ਤਾਂ ਉਹਨੇ ਗੀਤਾ ਨਾਲ ਦੋ ਦਿਨ ਲਈ ਡਲਹੌਜ਼ੀ ਜਾਣ ਦਾ

ਪ੍ਰੋਗਰਾਮ ਉਲੀਕਿਆ ਸੀ। ਦੋ ਹਫ਼ਤੇ ਹੋ ਗਏ ਸੀ ਦੋਨਾਂ ਨੂੰ ਸੌ ਤਰ੍ਹਾਂ ਦੀਆਂ ਸੈਟਿੰਗਾਂ ਕਰਦਿਆਂ। ਮਸਾਂ ਇਹ ਪਲ ਆਏ ਸਨ। ਉਹ ਕਿਸੇ ਵੀ ਕਿਸਮ ਦਾ ਕੋਈ ਵਿਘਨ ਨਹੀਂ ਸੀ ਚਾਹੁੰਦਾ। ਉਹਨੇ ਵਿਭਾਗੀ ਟ੍ਰੇਨਿੰਗ ਲਈ ਦਿੱਲੀ ਜਾਣ ਦਾ ਬਹਾਨਾ ਬਣਾਇਆ ਸੀ। ਬੈਗ ਪੈਕ ਕਰਨ ਵਾਲਾ ਸੀ। ਕੱਪੜੇ ਪ੍ਰੈੱਸ ਹੋਣ ਵਾਲੇ ਸਨ। ਨਾਸ਼ਤਾ ਅਜੇ ਬਣਨਾ ਸੀ। ਕਿੰਨਾ ਕੁਝ ਸੀ ਆਸ਼ਾ ਦੇ ਕਰਨ ਵਾਲਾ।

ਉਹ ਦੂਜੇ ਕਮਰੇ ਵਿਚ ਗਿਆ।ਆਸ਼ਾ ਚਾਦਰ ਤਾਣੀ ਪਈ।

"ਕੀ ਗੱਲ ਉੱਠੀ ਨਹੀਂ?" ਉਹਨੇ ਰੁੱਖਾ ਜਿਹਾ ਪੁੱਛਿਆ।

"ਰਾਤ ਤੇਜ਼ ਬੁਖਾਰ ਹੋ ਗਿਆ।" ਆਸ਼ਾ ਦੀ ਆਵਾਜ਼ ਮਸਾਂ ਨਿਕਲੀ।

"ਰਾਤ 'ਵਾਜ ਦਿੰਦੀ। ਕੋਈ ਦਵਾ-ਦਾਰੂ ਲਿਆ ਦਿੰਦਾ। ਹੁਣ ਤਾਂ ਮੈਂ...।" ਕਿਸ਼ਨ ਬਾਬੂ ਹੋਰ ਖਿਝਿਆ।

"ਕੋਈ ਨਾ। ਤੁਸੀਂ ਨਹਾਓ। ਮੈਂ ਉਠਦੀ ਹਾਂ। ਝੱਟ ਹੋ ਜਾਣਾ ਸਾਰਾ ਕੁਝ।" ਉਹ ਉਠ ਖੜ੍ਹੀ ਹੋਈ। ...ਤੇ ਕਿਸ਼ਨ ਬਾਬੂ ਦੇ ਘਰੋਂ ਤੁਰਨ ਤੀਕ ਉਹ ਡਿੱਗਣ ਵਾਲੀ ਹੋ ਗਈ। ਗੇਟ ਵਿਚ ਆ ਕੇ ਕਿਸ਼ਨ ਬਾਬੂ ਨੂੰ ਤੋਰਿਆ। ਹੱਸ ਕੇ ਬਾਏ ਕਿਹਾ। ਕਿਸ਼ਨ ਬਾਬੂ ਨੇ ਬਹੁਤਾ ਧਿਆਨ ਨਹੀਂ ਦਿੱਤਾ।ਗੱਡੀ ਦੇ ਸ਼ੀਸ਼ੇ ਚੜ੍ਹਾਏ ਤੇ ਰੇਸ ਦੱਬ ਦਿੱਤੀ।

ਸ਼ਹਿਰੋਂ ਬਾਹਰ ਗੋਲ਼ ਚੌਂਕ 'ਤੇ ਕੋਈ ਉਸਨੂੰ ਉਡੀਕ ਜੋ ਰਿਹਾ ਸੀ।

ਗੀਤਾ ਚੌਂਕ ਵਿਚ ਨਹੀਂ ਸੀ।

ਕਿਸ਼ਨ ਬਾਬੂ ਨੇ ਫੋਨ ਮਿਲਾਇਆ। ਰਿੰਗ ਗਈ। ਜਾਂਦੀ ਰਹੀ ਤੇ ਫੋਨ ਕੱਟਿਆ ਗਿਆ। ਕਿਸੇ ਚੁੱਕਿਆ ਨਹੀਂ।

"ਰਸਤੇ ਵਿਚ ਹੋਣੀ ਏ।" ਸੋਚ ਕੇ ਕਿਸ਼ਨ ਬਾਬੂ ਉਡੀਕਣ ਲੱਗਾ।

ਅੱਧਾ ਘੰਟਾ ਹੋਰ ਬੀਤ ਗਿਆ।

ਗੀਤਾ ਨਹੀਂ ਆਈ। ਕਿਸ਼ਨ ਬਾਬੂ ਨੇ ਮੁੜ ਨੰਬਰ ਡਾਇਲ ਕੀਤਾ।

"ਹੈਲੋ! ਸੌਰੀ। ਪਹਿਲਾਂ ਪਤਾ ਹੀਂ ਨਹੀਂ ਲੱਗਾ ਕਾੱਲ ਦਾ..।" ਉਹਨੇ ਬੜੇ ਬੇਪਰਵਾਹ ਅੰਦਾਜ਼ ਵਿਚ ਆਖਿਆ।

"ਤਿਆਰ ਨਹੀਂ ਹੋਏ?" ਕਿਸ਼ਨ ਬਾਬੂ ਤਾਂ ਸੁਹਾਣੇ ਸਫ਼ਰ ਦੀ ਕਾਹਲ ਵਿਚ ਸੀ।

"ਅਸਲ ਵਿਚ ਇਹ ਰਾਤ ਦੇ ਕਾਫੀ ਬਿਮਾਰ ਨੇ...ਮੈਂ ਤਾਂ ਰਾਤ ਸੁੱਤੀ ਵੀ ਨਹੀਂ ਚੱਜ ਨਾਲ। ਥੋੜ੍ਹੀ ਜਿਹੀ ਹੋਰ ਵੇਟ ਕਰ ਲਓ ਪਲੀਜ਼।"

"ਕੀ ਗੱਲ ਗੁਣ ਇਹਦਾ ਮਲੰਗੀ ਦਾ ਇੰਨਾ ਮੋਹ ਆ ਗਿਆ।" ਕਿਸ਼ਨ ਬਾਬੂ ਨੇ ਕਟਾਖ਼ਸ਼ ਕੀਤਾ।

"ਨਹੀਂ ਬਾਬਾ! ਹੁਣ ਵੇਖਣਾ ਤਾਂ ਪੈਂਦਾ ਹੈ ਨਾ। ਸਿਆਣੇ ਐਵੇਂ ਥੋੜ੍ਹਾ ਕਹਿੰਦੇ, ਬੰਦਾ ਤਾਂ ਭਾਵੇਂ ਮਿੱਟੀ ਦਾ ਵੀ ਹੋਵੇ...।"

ਗੀਤਾ ਦੀ ਇਸ ਗੱਲ ਨਾਲ ਕਿਸ਼ਨ ਬਾਬੂ ਉਕਤਾ ਜਿਹਾ ਗਿਆ।

"ਚੱਲ ਠੀਕ ਹੈ।" ਉਹਨੇ ਰੁੱਖਾ ਜਿਹਾ ਅਖਿਆ ਤੇ ਫੋਨ ਕੱਟ ਦਿੱਤਾ। ਕਿਸ਼ਨ ਬਾਬੂ ਦੀਆਂ ਅੱਖਾਂ ਸਾਹਵੇਂ ਆਸ਼ਾ ਦਾ ਚਿਹਰਾ ਆ ਗਿਆ। ਬਿਮਾਰ ਚਿਹਰਾ।

ਉਸਨੇ ਇਕ ਵਾਰ ਵੀ ਕੁਝ ਨਹੀਂ ਸੀ ਪੁੱਛਿਆ। ਕੁਝ ਨਹੀਂ ਸੀ ਆਖਿਆ। ...ਤੇ ਹਮੇਸ਼ਾ ਵਾਂਗ ਬੜੇ ਮੋਹ ਨਾਲ ਉਸਨੂੰ ਗੇਟ ਤੀਕ ਆ ਕੇ ਵਿਦਾਅ ਕਰਕੇ ਗਈ ਸੀ।

ਕਿਸ਼ਨ ਬਾਬੂ ਆਸ਼ਾ ਬਾਰੇ ਸੋਚ ਕੇ ਉਦਾਸ ਜਿਹਾ ਹੋ ਗਿਆ।

ਉਸਨੇ ਤਾਂ ਬੇਰੁਖੀ ਵਿਚ ਉਸ ਵੱਲ ਤੱਕਿਆ ਵੀ ਨਹੀਂ ਸੀ।ਜਿਸ ਲਈ ਉਹ ਘਰੋਂ ਸਰਪਟ

ਦੌੜਿਆ ਸੀ। ਉਹ ਤਾਂ...।

ਕਿਸ਼ਨ ਬਾਬੂ ਦੇ ਮਨ ਵਿਚ ਕੁਝ ਟੁੱਟਣ ਜੁੜਨ ਲੱਗਾ।

ਉਹਨੇ ਮੁੜ ਫੋਨ ਕੱਢਿਆ। ਗੀਤਾ ਨੂੰ ਮਿਲਾਇਆ।

"ਬਸ ਨਿਕਲਣ ਲੱਗੀ ਇਕ ਮਿੰਟ 'ਚ।" ਉਹਨੇ ਕਾਹਲ਼ ਜਿਹੀ ਵਿਚ ਦੱਸਿਆ।

"ਨਹੀਂ! ਮੈਂ ਕੀ ਕਹਿੰਦਾ ਸੀ। ਕੁਝ ਜ਼ਰੂਰੀ ਮਸਲਾ ਯਾਰ। ਅੱਜ ਕੈਂਸਲ ਕਰਨਾ ਪੈਣਾ।" ਕਿਸ਼ਨ ਬਾਬੂ ਨੇ ਝਕਦੇ ਜਿਹੇ ਆਖ ਦਿੱਤਾ।

"ਪਰ...।" ਗੀਤਾ ਕੁਝ ਬੋਲਦੀ ਇਸ ਤੋਂ ਪਹਿਲਾਂ ਹੀ ਕਿਸ਼ਨ ਬਾਬੂ ਨੇ ਆਪਣੀ ਗੱਲ ਮੁਕਾ ਦਿੱਤੀ।

"ਕੋਈ ਬਹਾਨਾ ਬਣਾ ਦੇ। ਟ੍ਰੇਨਿੰਗ ਕੈਂਸਲ ਹੋ ਗਈ ਕਹਿ ਦੇ।"..ਤੇ ਉਸਨੇ ਫੋਨ ਕੱਟ ਦਿੱਤਾ। ਗੱਡੀ ਵਾਪਸ ਮੋੜ ਲਈ।

ਕਿਸ਼ਨ ਬਾਬੂ ਜਦੋਂ ਘਰ ਪਹੁੰਚਿਆ ਉਸਦੇ ਹੱਥ ਵਿਚ ਆਸ਼ਾ ਲਈ ਖਰੀਦਿਆ, ਝਾਂਜਰਾਂ ਦਾ ਜੋੜਾ ਸੀ।000

*(ਅਦਬ ਨਿਵਾਜ਼ ਹਾਊਸ, ਗਲੀ ਨੰਬਰ 8, ਨੇੜੇ ਸ਼ਹੀਦ ਭਗਤ ਸਿੰਘ ਸਕੂਲ,*
*ਪੱਟੀ, ਜ਼ਿਲ੍ਹਾ ਤਰਨਤਾਰਨ-143 416*
*ਫੋਨ:94632-15168*
***dhaliwalsimran77@gmail.com)***

# ਮਾਰੂਥਲ: ਕਹਾਣੀ: ਅਨੇਮਨ ਸਿੰਘ

ਮਾਂ... ਮਾਂ ਹੀ ਹੁੰਦੀ ਹੈ।

ਜਦੋਂ ਦੀ ਰਾਸ਼ੀ ਮੁਹਾਲੀ ਗਈ ਹੈ। ਮੇਰਾ ਧਿਆਨ ਮਾਂ 'ਤੇ ਹੀ ਕੇਂਦਰਤ ਰਹਿ ਰਿਹਾ ਹੈ। ਮੈਂ ਮਾਂ ਦੇ ਹਰ ਇਕ ਪਲ ਨੂੰ ਜਿਉਂ ਰਿਹਾਂ...ਮਾਣ ਰਿਹਾ ਹਾਂ।

ਅਜੀਬ ਜਿਹਾ ਸਕੂਨ ਵੀ ਆ ਰਿਹਾ ਹੈ। ਮਾਂ ਕਿੰਨੀ ਮਹਾਨ ਹੈ...ਰੱਬ ਤੋਂ ਬਾਅਦ ਦੁਨੀਆਂ 'ਤੇ ਸਭ ਤੋਂ ਉੱਚਾ ਰੁਤਬਾ ਮਾਂ ਨੂੰ ਹੀ ਮਿਲਿਆ ਹੈ। ਮਾਂ ਦੁਨੀਆਂ ਦੀ ਸਭ ਤੋਂ ਉੱਚੀ ਤੇ ਸੁੱਚੀ ਕਿਰਤ! ਮਾਂ ਵਰਗਾ ਦੁਨੀਆਂ 'ਤੇ ਕੋਈ ਵੀ ਨਹੀਂ...ਮਾਂ ਦਾ ਰਿਸ਼ਤਾ ਸੰਸਾਰ ਦਾ ਸਭ ਤੋਂ ਪਵਿੱਤਰ ਰਿਸ਼ਤਾ। ਮਾਂ ਦੇ ਰਿਸ਼ਤੇ ਅੱਗੇ ਬ੍ਰਹਿਮੰਡ ਦੇ ਸਾਰੇ ਰਿਸ਼ਤੇ ਬੌਣੇ ਸਾਬਤ ਹੁੰਦੇ ਹਨ।

ਬਚਪਨ ਤੋਂ ਲੈ ਕੇ ਅੱਜ ਤਕ ਦਾ ਪੜ੍ਹਿਆ ਕਿੰਨਾ ਕੁਝ ਜਿਵੇਂ ਇਹਨਾਂ ਕੁਝ ਦਿਨਾਂ 'ਚ ਮੇਰੇ ਦਿਮਾਗ਼ 'ਚ ਘੁੰਮਦਾ ਸਾਕਾਰ ਹੋ ਉੱਠਦਾ ਹੈ। ਮਾਂ ਦੀ ਉਪਮਾ ਕਰਦਿਆਂ ਮੇਰੇ ਕੋਲ਼ੋਂ ਜਿਵੇਂ ਸ਼ਬਦ ਹੀ ਨਾ ਮੁੱਕ ਰਹੇ ਹੋਣ। ਲੱਗਦਾ ਹੈ ਅਜੇ ਵੀ ਕਮੀ ਰਹਿ ਗਈ ਹੋਵੇ ਮੇਰੇ ਕੋਲ਼ੋਂ।

ਰਾਸ਼ੀ ਜਦੋਂ ਦੀ ਗਈ ਹੈ, ਮੇਰੇ ਮਨ 'ਚ ਮਾਂ ਦੀ ਧੁਨ ਹੀ ਸਵਾਰ ਹੈ...ਕਿਵੇਂ ਉਸਨੇ ਕਿੰਨਾ ਕੁਝ ਸਹਿ-ਝੇਲ ਕੇ ਮੈਨੂੰ ਪਾਲ਼ਿਆ-ਪੋਸਿਆ, ਪੜ੍ਹਾਇਆ-ਲਿਖਾਇਆ...ਮੈਂ ਮਾਂ ਦੀ ਦੇਣ ਲੱਖਾਂ ਜਨਮਾਂ 'ਚ ਵੀ ਨਹੀਂ ਦੇ ਸਕਦਾ...।

ਮਾਂ ਪ੍ਰਤੀ ਸੋਚ-ਸੋਚ ਮੈਂ ਭਾਵੁਕ ਹੁੰਦਾ ਜਾ ਰਿਹਾ ਹਾਂ...। ਮਾਂ ਦੀ ਤਸਵੀਰ ਤਾਂ ਪਿਛਲੇ ਕਈ ਸਾਲਾਂ ਤੋਂ ਮੇਰੇ ਪਰਸ 'ਚ ਰਹਿੰਦੀ ਹੈ। ਇਕੱਲਤਾ 'ਚ ਜਦੋਂ ਵੀ ਮੈਂ ਹੋਵਾਂ, ਮਾਂ ਦੀ ਇਹ ਤਸਵੀਰ ਦੇਖ-ਦੇਖ ਉਸ ਕੋਲ਼ੋਂ ਸਦਕੇ ਜਾਂਦਾ ਰਹਿੰਦਾ ਹਾਂ। ਮਾਂ ਨੂੰ ਸਿਜਦਾ ਕਰ ਕੇ ਮਾਣ ਮਹਿਸੂਸ ਹੁੰਦਾ ਹੈ। ਮੈਂ ਉਦੋਂ ਸੱਤਵੀਂ ਅੱਠਵੀਂ 'ਚ ਪੜ੍ਹਦਾ ਸਾਂ ਜਦੋਂ ਇਕ ਦਿਨ ਸਕੂਲ 'ਚ ਆਪਣੇ ਮਿੱਤਰ ਹਰਮਨ ਦੇ ਪਰਸ 'ਚ ਉਸਦੇ ਪਿਤਾ ਦੀ ਤਸਵੀਰ ਦੇਖੀ ਸੀ। ਪੁੱਛਣ 'ਤੇ ਉਹ ਕਹਿੰਦਾ ਮੇਰੇ ਡੈਡੀ ਫ਼ੌਜ 'ਚ ਹਨ ਅਤੇ ਮੈਨੂੰ ਉਹ ਬਹੁਤ ਪਿਆਰੇ ਲੱਗਦੇ ਹਨ...। ਮੈਨੂੰ ਵੀ ਲੱਗਾ ਕਿ ਮੇਰੇ ਪਰਸ 'ਚ ਵੀ ਇਸ ਤਰ੍ਹਾਂ ਦੀ ਤਸਵੀਰ ਮਾਂ ਦੀ ਹੋਣੀ ਚਾਹੀਦੀ ਹੈ। ਤੇ ਉਸੇ ਦਿਨ ਮੈਂ ਮਾਂ ਦੀ ਟਰੰਕੀ 'ਚ ਰੱਖੀਆਂ ਫੋਟੋਆਂ 'ਚੋਂ ਇਕ ਪਾਸਪੋਰਟ ਸਾਈਜ਼ ਤਸਵੀਰ ਨੂੰ ਭਾਲ਼ ਕੇ ਪਰਸ 'ਚ ਰੱਖ ਲਿਆ ਸੀ।

ਮਾਂ ਦੀ ਜਦੋਂ ਵੀ ਯਾਦ ਆਵੇ, ਹੁਣ ਮੈਂ ਉਸ ਦੀ ਤਸਵੀਰ ਨਾਲ ਹੀ ਗੱਲਾਂ ਕਰਨ ਲੱਗ ਜਾਂਦਾ ਹਾਂ। ਕਿਸੇ ਪ੍ਰੇਸ਼ਾਨੀ ਸਮੇਂ ਇਹੋ ਤਸਵੀਰ ਜਿਵੇਂ ਮੈਨੂੰ ਸਹਾਰਾ ਦਿੰਦੀ ਹੈ। ਤੇ ਮੈਂ ਆਪਣੇ ਸਾਰੇ ਦੁੱਖ, ਬਿਪਤਾਵਾਂ ਨੂੰ ਭੁੱਲ-ਭੁਲਾ ਜਾਂਦਾ ਹਾਂ।

ਮੇਰੇ ਮਾਂ ਬਾਰੇ ਇਸ ਤਰ੍ਹਾਂ ਸੋਚਣ ਦੀ ਮਾਂ ਨੂੰ ਭੋਰਾ ਭਰ ਵੀ ਭਿਣਕ ਨਹੀਂ ਹੈ। ਮੈਂ ਮਾਂ ਨੂੰ ਇਸ ਤਰ੍ਹਾਂ ਦੀ ਬਿੜਕ ਵੀ ਨਹੀਂ ਲੱਗਣ ਦੇ ਰਿਹਾ। ਕੁਝ ਦਿਨਾਂ ਤੋਂ ਚੁੱਪਚਾਪ ਕਿਸੇ ਜਾਸੂਸ ਦੀ ਤਰ੍ਹਾਂ ਮਾਂ ਦੀ ਹਰ ਨਿੱਕੀ-ਛੋਟੀ ਹਰਕਤ ਨੂੰ ਦੇਖ ਰਿਹਾ ਹਾਂ, ਨੋਟ ਕਰ ਰਿਹਾ ਹਾਂ। ਮੈਨੂੰ ਇਹੋ ਵਧੀਆ ਲੱਗ ਰਿਹਾ ਹੈ ਕਿ ਮੈਂ ਮਾਂ ਨੂੰ ਇਸੇ ਤਰ੍ਹਾਂ ਚੋਰੀ-ਛਿਪੇ ਟਿਕਟਿਕੀ ਲਗਾਏ, ਮੌਨ ਹੋ ਦੇਖਦਾ ਰਹਾਂ।

ਪਿਛਲੇ ਕੁਝ ਦਿਨਾਂ ਦਾ ਮਾਂ ਦੇ ਚਿਹਰੇ 'ਤੇ ਭੋਰਾ ਭਰ ਵੀ ਸ਼ਿਕਨ ਮੈਂ ਨਹੀਂ ਦੇਖਿਆ। ਨਾ ਉਸਨੂੰ ਸਾਡੇ ਜਾਣ ਦਾ ਦੁੱਖ ਹੈ। ਮੈਨੂੰ ਚੰਗਾ ਲੱਗ ਰਿਹਾ ਹੈ। ਮਾਂ ਦਾ ਇਸ ਤਰ੍ਹਾਂ ਰਹਿਣਾ, ਇਸ ਤਰ੍ਹਾਂ ਲਾਪ੍ਰਵਾਹ ਹੋ ਕੇ ਸਾਨੂੰ ਇਗਨੋਰ ਕਰਨਾ। ਉਹ ਸਾਰੇ ਕਾਰਜ ਆਰਾਮ ਨਾਲ ਕਰ ਰਹੀ ਹੈ। ਮੇਰੇ ਖਾਣ-ਪੀਣ, ਸਾਡੇ ਕਮਰੇ ਦੀ ਸਫ਼ਾਈ, ਘਰ ਲਈ ਖ਼ਰੀਦਦਾਰੀ...ਆਂਢ-ਗੁਆਂਢ ਦੀਆਂ ਔਰਤਾਂ ਨਾਲ ਮਿਲਵਰਤਣ, ਸਭ ਕੁਝ ਬੜੇ ਸਹਿਜ ਤਰੀਕੇ ਨਾਲ ਨਿਪਟਾ ਰਹੀ ਹੈ...ਮੈਨੂੰ ਮਾਂ 'ਤੇ ਪਤਾ ਨਹੀਂ ਕਿਉਂ ਫ਼ਖਰ ਮਹਿਸੂਸ ਹੋ ਰਿਹਾ ਹੈ।

ਜਦੋਂ ਦੀ ਰਾਸ਼ੀ ਨਾਲ ਮੇਰੀ ਮੈਰਿਜ਼ ਹੋਈ, ਉਦੋਂ ਤੋਂ ਜਿਵੇਂ ਮੈਂ ਦੋ ਕਿਸ਼ਤੀਆਂ 'ਚ ਸਵਾਰ ਹੋ ਗਿਆ ਹਾਂ। ਇਕ ਪਾਸੇ ਮਾਂ, ਤੇ ਦੂਜੇ ਪਾਸੇ ਰਾਸ਼ੀ। ਰਾਸ਼ੀ ਦੀ ਬਦਲੀ ਇੱਧਰ ਹੋ ਨਹੀਂ ਰਹੀ ਸੀ, ਤੇ ਉੱਧਰ ਵਾਰ-ਵਾਰ ਮੇਰੇ ਕੋਲੋਂ ਨਹੀਂ ਜਾਇਆ ਜਾ ਰਿਹਾ। ਹੁਣ ਅਸੀਂ ਮੁਹਾਲੀ ਜਾ ਕੇ ਪੱਕਾ ਰਹਿਣ ਦਾ ਮਨ ਬਣਾਇਆ ਹੈ। ਮੇਰੀ ਬਦਲੀ ਹੋ ਜਾਣੀ ਹੈ। ਮੈਂ ਅਪਲਾਈ ਕੀਤਾ ਹੋਇਆ ਹੈ ਪਰ ਇਸ ਕਾਸੇ 'ਚ ਮਾਂ ਨੂੰ ਇਕੱਲਿਆਂ ਛੱਡ ਕੇ ਚਲੇ ਜਾਣਾ ਮੈਨੂੰ ਬੜਾ ਔਖੜ ਰਿਹਾ ਹੈ। ਮੇਰੇ ਲਈ ਅੰਦਰੋਂ ਦੁਬਿਧਾ ਬਣੀ ਹੋਈ ਸੀ।

ਪਰ ਪਿਛਲੇ ਕੁਝ ਦਿਨਾਂ ਤੋਂ ਜਿਵੇਂ ਮੇਰੀ ਇਹ ਕਸ਼ਮਕਸ਼ ਦਾ ਹੱਲ ਵੀ ਨਿਕਲ ਗਿਆ ਹੋਵੇ। ਕੋਈ ਕੀ ਕਹੀ ਜਾਵੇ, ਮੈਨੂੰ ਵੀ ਪ੍ਰਵਾਹ ਨਹੀਂ। ਸਗੋਂ ਮੇਰੇ ਲਈ ਸਕੂਨ ਦੇ ਪਲ ਹੀ ਹਨ। ਇਸੇ ਲਈ ਮੈਂ ਕੁਝ ਦਿਨਾਂ ਤੋਂ ਮਾਂ ਬਾਰੇ ਹੀ ਜ਼ਿਆਦਾ ਸੋਚਣ ਲੱਗ ਪਿਆ ਹਾਂ।

ਮਾਂ ਨੇ ਆਪ ਹੀ ਸਾਨੂੰ ਮੁਹਾਲੀ ਜਾ ਕੇ ਰਹਿਣ ਦੀ ਹਾਮੀ ਭਰੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਐਦਾਂ ਅਸੀਂ ਇਕ-ਦੂਜੇ ਤੋਂ ਦੂਰ-ਦੂਰ ਰਹੀਏ। ਮਾਂ ਹਮੇਸ਼ਾ ਕਹਿੰਦੀ-'ਦੇਖ ਰਾਸ਼ੀ ਵਿਚਾਰੀ ਦੇ ਵੀ ਤਾਂ ਕੁਝ ਅਰਮਾਨ ਹੋਣੇ ਨੇ...ਇਹੋ ਤਾਂ ਦਿਨ ਹੁੰਦੇ ਨੇ ਹੱਸਣ-ਖੇਡਣ ਦੇ...ਤੇ ਤੂੰ ਏਂ ਕਿ ਉਸਨੂੰ ਇੰਨੀ ਦੂਰ ਇਕੱਲਿਆਂ ਛੱਡੀ ਬੈਠਾ ਏਂ...।' ਇਏ ਸੁਣ ਮੈਂ ਸੋਚਾਂ 'ਚ ਪੈ ਜਾਂਦਾ ਸਾਂ। ਮੈਨੂੰ ਲੱਗਦਾ ਮਾਂ ਸਹੀ ਹੀ ਤਾਂ ਕਹਿੰਦੀ ਹੈ। ਅਸੀਂ ਅਜੇ ਵਿਆਹੁਤਾ ਜੀਵਨ ਦਾ ਇੰਜੁਆਏ ਹੀ ਕਿੰਨਾ ਕੁ ਕੀਤਾ ਹੈ। ਮੇਰੀ ਵੀ ਇੱਛਾ ਸੀ ਕਿ ਅਸੀਂ ਚੰਡੀਗੜ੍ਹ, ਸ਼ਿਮਲੇ, ਕਸੌਲੀ ਆਦਿ ਥਾਵਾਂ 'ਤੇ ਇਕੱਠੇ ਘੁੰਮੀਏ...ਇਹੋ ਤਾਂ ਦਿਨ ਹੁੰਦੇ ਨੇ ਜ਼ਿੰਦਗੀ ਦੇ ਅਨੰਦ ਨਾਲ ਜਿਊਣ ਵਾਲੇ। ਮੈਨੂੰ ਮਾਂ ਦੀ ਇਹ ਸੋਚ ਉਸ 'ਤੇ ਰਸ਼ਕ ਆਉਣ ਲੱਗਦਾ।

ਕਿੰਨੇ ਦਿਨ ਅਸੀਂ ਤਿਆਰੀ ਕਰਦੇ ਰਹੇ। ਸਮਾਨ ਵਗੈਰਾ ਇਕੱਠਾ ਕਰਦੇ ਰਹੇ। ਮਾਂ ਸਾਰੇ ਕੰਮ ਆਸਾਨੀ ਨਾਲ ਨਿਪਟਾਉਣ 'ਚ ਸਾਡੀ ਸਹਾਇਤਾ ਕਰਦੀ ਰਹੀ ਸੀ। ਉਸਨੂੰ ਸਾਡੇ ਜਾਣ ਦਾ ਭੋਰਾ ਭਰ ਵੀ ਦੁੱਖ ਨਹੀਂ ਸੀ।

ਰਾਸ਼ੀ ਦੀ ਇਕ ਕੁਲੀਗ ਨੇ ਉਹਨੂੰ ਆਪਣੇ ਘਰ 'ਚ ਕਮਰਾ ਰਹਿਣ ਲਈ ਦੇ ਕੇ ਸਾਡੀ ਕਾਫ਼ੀ ਮੁਸ਼ਕਿਲ ਨੂੰ ਹੱਲ ਤਾਂ ਕਰ ਦਿੱਤਾ ਸੀ ਪਰ ਪੱਕੇ ਤੌਰ 'ਤੇ ਤਾਂ ਹੁਣ ਸਾਨੂੰ ਜਾਣਾ ਹੀ ਪਵੇਗਾ। ਪਹਿਲਾਂ ਰਾਸ਼ੀ ਨੇ ਪੀਜੀ 'ਚ ਰਹਿਣ ਦਾ ਫ਼ੈਸਲਾ ਕੀਤਾ ਸੀ ਪਰ ਉੱਥੋਂ ਦਾ ਅਲੱਗ ਤਰ੍ਹਾਂ ਦਾ ਮਾਹੌਲ ਹੁੰਦਾ ਹੈ। ਨੌਜਵਾਨ ਮੁੰਡੇ-ਕੁੜੀਆਂ 'ਚ ਇਸ ਤਰ੍ਹਾਂ ਰਾਸ਼ੀ ਵੀ ਨਹੀਂ ਰਹਿਣਾ ਚਾਹੁੰਦੀ ਸੀ। ਇਸੇ ਲਈ ਉਸਨੇ ਕੋਈ ਅਲੱਗ ਰੂਮ ਕਿਰਾਏ 'ਤੇ ਲੈਣ ਦੀ ਸੋਚ ਆਪਣੀ ਕੁਲੀਗ ਨਾਲ ਗੱਲ ਕੀਤੀ ਸੀ, ਜਿਸਨੇ ਆਪਣੇ ਘਰ 'ਚ ਹੀ ਖਾਲੀ ਪਏ ਉੱਪਰਲੇ ਪੋਰਸ਼ਨ 'ਚ ਰਹਿਣ ਦਾ ਕਹਿ ਕੇ ਸਾਡੀ ਦੁਬਿਧਾ ਨੂੰ ਦੂਰ ਕਰ ਦਿੱਤਾ ਸੀ।

ਸਾਨੂੰ ਹੋਰ ਕੀ ਚਾਹੀਦਾ ਸੀ। ਵਧੀਆ, ਸ਼ਹਿਰ ਦੇ ਐਨ ਵਿਚਕਾਰ ਪੈਂਦਾ ਸੀ, ਉਹਨਾਂ ਦਾ ਘਰ। ਉਹਦੀ ਕੁਲੀਗ ਦਾ ਪਰਿਵਾਰ ਛੋਟਾ ਸੀ, ਉਹ ਪਤੀ ਪਤਨੀ ਤੇ ਇਕ ਉਹਨਾਂ ਦਾ ਬੇਟਾ ਸੀ, ਜੋ ਦਿੱਲੀ ਪੜ੍ਹਾਈ ਕਰ ਰਿਹਾ ਸੀ। ਬਾਅਦ 'ਚ ਕੋਈ ਗਿਲਾ-ਸ਼ਿਕਵਾ ਨਾ ਰਹੇ, ਇਸ ਲਈ, ਅਸੀਂ ਕਿਰਾਏ ਦੀ ਗੱਲ ਪਹਿਲਾਂ ਹੀ ਤੈਅ ਕਰ ਲਈ ਸੀ। ਪਹਿਲਾਂ ਤਾਂ ਉਹਨਾਂ ਨਾਂਹ-ਨੁੱਕਰ ਕੀਤੀ ਪਰ ਫਿਰ ਅਸੀਂ ਰੈਂਟ ਲਈ ਮਨਾ ਲਿਆ ਸੀ।

ਹੁਣ ਰਾਸ਼ੀ ਤਾਂ ਭਾਵੇਂ ਉੱਥੇ ਹੀ ਹੈ। ਦੋ-ਤਿੰਨ ਛੁੱਟੀਆਂ ਇਕੱਠੀਆਂ ਹੋਣ ਤਾਂ ਆ ਜਾਂਦੀ ਹੈ ਪਰ ਮੇਰੀ ਅਜੇ ਬਦਲੀ ਨਹੀਂ ਸੀ ਹੋ ਰਹੀ, ਜਿਸ ਕਾਰਨ ਮੈਂ ਇੱਥੇ ਹੀ ਮਾਂ ਕੋਲ ਹਾਂ।

ਰਾਸ਼ੀ ਨੇ ਤਾਂ ਮਾਂ ਨੂੰ ਵੀ ਕਿਹਾ ਸੀ, "ਮੰਮੀ ਜੀ, ਤੁਸੀਂ ਵੀ ਸਾਡੇ ਨਾਲ ਚੱਲੋ...ਇੱਥੇ ਇਕੱਲੇ ਕੀ ਕਰੋਂਗੇ।"

ਪਰ ਮਾਂ ਨਹੀਂ ਸੀ ਮੰਨੀ। ਉਹ ਕਹਿੰਦੀ, "ਧੀਏ, ਇਸ ਘਰ ਨਾਲ ਮੇਰਾ ਬੜਾ ਮਨ ਲੱਗਾ ਹੋਇਆ, ਮੈਂ ਇਹਨੂੰ ਛੱਡ ਕੇ ਕਿਤੇ ਵੀ ਨਹੀਂ ਜਾ ਸਕਦੀ...ਇੱਥੇ ਮੇਰਾ ਬੜਾ ਕੁਝ ਏ...ਤੁਸੀਂ

ਖੁਸ਼ੀ-ਖੁਸ਼ੀ ਜਾਓ, ਅੱਗੇ ਵਧੋ...ਪਰ ਮੈਂ ਕਿਤੇ ਨਹੀਂ ਜਾ ਸਕਦੀ।...ਮਿਲਣ ਲਈ ਆਉਂਦੀ ਰਹਾਂਗੀ, ਤੁਸੀਂ ਵੀ ਛੁੱਟੀਆਂ 'ਚ ਆ ਜਾਇਆ ਕਰੋ...। ਮੈਂ ਖ਼ੁਦ ਨੂੰ ਇਸ ਘਰ ਨਾਲੋਂ ਵੱਖ ਨਹੀਂ ਕਰ ਸਕਦੀ।" ਮਾਂ ਨੇ ਬੜਾ ਨਰਮਾਈ 'ਚ ਜਵਾਬ ਦਿੱਤਾ।

ਰਾਸ਼ੀ ਵੀ ਮਾਂ ਦੀ ਗੱਲ ਸੁਣ ਕੇ ਚੁੱਪ ਕਰ ਗਈ ਸੀ। ਮੈਨੂੰ ਵੀ ਮਾਂ ਦੀ ਗੱਲ ਚੰਗੀ ਲੱਗੀ ਸੀ। ਮਾਂ ਠੀਕ ਹੀ ਤਾਂ ਆਖ ਰਹੀ ਸੀ।

ਇਸ ਘਰ ਨਾਲ ਉਹਨੂੰ ਲਗਾਅ ਹੀ ਤਾਂ ਬਣ ਗਿਆ ਹੈ। ਮੈਂ ਵੀ ਤਾਂ ਇਸੇ ਘਰ 'ਚ ਜੰਮਿਆ, ਪਲ਼ਿਆ ਹਾਂ...ਪਰ ਰਾਸ਼ੀ ਕਾਰਨ ਇਸ ਘਰ ਨੂੰ ਅਲਵਿਦਾ ਕਰਨੀ ਪੈ ਰਹੀ ਹੈ। ਇਸ ਘਰ ਨਾਲ ਮੇਰਾ ਵੀ ਤਾਂ ਕਿੰਨਾ ਸੰਬੰਧ ਹੈ। ਮਾਂ ਵਾਂਗ...।

ਘਰ ਬਾਰੇ ਸੋਚਦਿਆਂ ਮੈਨੂੰ ਬੀਤਿਆ ਕਿੰਨਾ ਕੁਝ ਯਾਦ ਆ ਗਿਆ ਹੈ। ਮਾਂ ਨੇ ਇਸ ਘਰ 'ਚ ਕਿੰਨੀ ਇਕੱਲਤਾ ਹੰਢਾਈ ਹੈ। ਮੇਰੀਆਂ ਅੱਖਾਂ ਇਹ ਸੋਚ ਸਿੱਲ੍ਹੀਆਂ ਹੋ ਰਹੀਆਂ ਹਨ। ਰਾਸ਼ੀ ਤਾਂ ਪਰਾਏ ਘਰ 'ਚੋਂ ਆਈ ਹੈ ਪਰ ਮੈਂ ਤਾਂ ਇਸੇ ਘਰ 'ਚ ਪੈਦਾ ਹੋਇਆ ਸਾਂ। ਮੈਂ ਕਿਵੇਂ ਇਸ ਘਰ ਨਾਲੋਂ ਖ਼ੁਦ ਨੂੰ ਤੋੜ ਸਕਦਾ ਹਾਂ।

...ਤੇ ਮਾਂ, ਮਾਂ ਲਈ ਤਾਂ ਇਹੋ ਘਰ ਹੀ ਤਾਂ ਹੈ ਸਭ ਕੁਝ...।

ਮੈਨੂੰ ਮਾਂ ਦਾ ਬਤੀਤ ਕੀਤਾ ਜੀਵਨ ਯਾਦ ਆ ਰਿਹਾ ਹੈ। ਮੈਂ ਜਿਉਂ-ਜਿਉਂ ਵੱਡਾ ਹੋਇਆ, ਮਾਂ ਦੇ ਚਿਹਰੇ 'ਤੇ ਕਦੇ ਖ਼ੁਸ਼ੀ ਟਪਕੀ ਨਹੀਂ ਦੇਖੀ ਸੀ। ਉਸਦਾ ਉਦਾਸ ਤੇ ਮੁਰਝਾਇਆ ਚਿਹਰਾ ਹੀ ਮੇਰੇ ਸਾਹਮਣੇ ਹੁੰਦਾ। ਘਰ ਦੀ ਕੰਧ 'ਤੇ ਕੁਝ ਤਸਵੀਰਾਂ ਸਨ।...ਜਿਹਨਾਂ ਦੇ ਚਿਹਰਿਆਂ 'ਤੇ ਹਲਕੀ ਮੁਸਕਰਾਹਟ ਬਿਖਰੀ ਹੁੰਦੀ ਪਰ ਮੈਂ ਮਾਂ ਦੇ ਚਿਹਰੇ 'ਤੇ ਕਦੇ ਮੁਸਕਰਾਹਟ ਨਹੀਂ ਦੇਖੀ ਸੀ।

ਮਾਂ ਘਰ ਦੇ ਸਾਰੇ ਕੰਮ ਕਰਦੀ ਪਰ ਇਕ ਉਦਾਸੀ ਉਸਦੇ ਸਾਰੇ ਜਿਸਮ 'ਤੇ ਜਿਵੇਂ ਛਾਈ ਹੀ ਰਹਿੰਦੀ ਸੀ। ਇਹ ਉਦਾਸੀ ਮੈਂ ਦਾਦਾ, ਦਾਦੀ ਦੇ ਚਿਹਰਿਆਂ 'ਤੇ ਵੀ ਦੇਖਦਾ ਰਿਹਾ ਸਾਂ ਪਰ ਉਹ ਮੈਨੂੰ ਦੇਖ ਕੇ ਕੁਝ ਪਲ ਲਈ ਮੁਸਕਰਾਹਟ ਜ਼ਰੂਰ ਆਪਣੇ ਚਿਹਰਿਆਂ 'ਤੇ ਬਖੇਰ ਲੈਂਦੇ ਸਨ।

ਜਿਉਂ-ਜਿਉਂ ਮੈਂ ਵੱਡਾ ਹੋ ਰਿਹਾ ਸਾਂ ਤਿਉਂ-ਤਿਉਂ ਹੋਰ ਜ਼ਿਆਦਾ ਉਦਾਸੀ ਸਾਰੇ ਘਰ 'ਚ ਸ਼ਾਮਿਲ ਹੁੰਦੀ ਜਾਂਦੀ ਸੀ। ਸਕੂਲ ਪੜ੍ਹਦਿਆਂ ਮੇਰੇ ਮਨ 'ਚ ਯਾਰਾਂ-ਦੋਸਤਾਂ ਨਾਲ ਖੇਡਣ-ਕੁੱਦਣ ਦੀ ਬਜਾਏ ਪੜ੍ਹਾਈ 'ਚ ਹੀ ਮਗਨ ਰਹਿਣ ਦੀ ਸੋਚ ਛਾਈ ਹੁੰਦੀ। ਮੈਂ ਕਲਾਸ ਦੇ ਜਮਾਤੀਆਂ ਨਾਲ ਵੀ ਝਿਜਕ ਕੇ ਹੀ ਬੋਲਦਾ ਸਾਂ। ਮੈਨੂੰ ਡਰ ਰਹਿੰਦਾ ਸੀ ਕਿ ਉਹ ਕੁਝ ਨਾ ਕੁਝ ਜ਼ਰੂਰ ਮੇਰੇ ਡੈਡੀ ਬਾਰੇ ਪੁੱਛਣਗੇ। ਇਸ ਤਰ੍ਹਾਂ ਪਹਿਲਾਂ ਮੇਰੇ ਨਾਲ ਕਈ ਵਾਰ ਵਾਪਰ ਚੁੱਕਾ ਸੀ।

ਉਂਝ ਵੀ ਯਾਰਾਂ-ਦੋਸਤਾਂ ਦੀ ਮਹਿਫ਼ਲ 'ਚ ਮੈਨੂੰ ਆਪਣੇ ਡੈਡੀ ਦੀ ਕਮੀ ਉਦੋਂ ਰੜਕਣ ਲੱਗਦੀ, ਜਦੋਂ ਕੋਈ ਮਿੱਤਰ ਆਪਣੇ ਪਿਤਾ ਬਾਰੇ ਕੋਈ ਨਾ ਕੋਈ ਚੰਗੀ ਗੱਲ ਸੁਣਾਉਂਦਾ। ਮੇਰੇ ਦੋਸਤ ਚੰਗੇ ਹੁੰਦੇ ਸਨ, ਉਹਨਾਂ ਕਦੇ ਮੇਰੇ ਨਾਲ ਡੈਡੀ ਨੂੰ ਲੈ ਕੇ ਕੋਈ ਟਾਂਚ ਨਹੀਂ ਕੀਤੀ ਸੀ। ਤੇ ਨਾ ਹੀ ਕਦੇ ਕਿਸੇ ਨੇ ਮੇਰੇ ਡੈਡੀ ਬਾਰੇ ਕੋਈ ਚੁੱਭਵੀਂ ਗੱਲ ਕਦੇ ਕੀਤੀ ਸੀ। ਉਹ ਸਾਰੇ ਮੈਨੂੰ ਪਿਆਰ ਕਰਦੇ, ਮੇਰੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਸਨ। ਕੋਈ ਕਾਪੀ, ਕਿਤਾਬ ਵਗੈਰਾ ਦੀ ਜ਼ਰੂਰਤ ਮੈਨੂੰ ਪੈਂਦੀ ਤਾਂ ਝੱਟ ਦੇ ਦਿੰਦੇ ਸਨ। ਮੈਨੂੰ ਉਹਨਾਂ ਦਾ ਬੜਾ ਸਹਾਰਾ ਵੀ ਹੁੰਦਾ ਸੀ ਕਿਉਂਕਿ ਉਹਨਾਂ ਨਾਲ ਕੁਝ ਪਲ ਬਿਤਾ ਕੇ ਮੇਰੇ ਮਨ ਨੂੰ ਘਰ ਦੀ ਚੁੱਪਚਾਪ ਤੇ ਉਕਾਊ ਜ਼ਿੰਦਗੀ ਤੋਂ ਥੋੜ੍ਹਾ ਚੈਨ ਮਿਲਦਾ ਸੀ। ਘਰ ਆਉਂਦਾ ਤਾਂ ਮੇਰਾ ਦਾਦਾ ਮੈਨੂੰ ਟਿਊਸ਼ਨ ਛੱਡ ਆਉਂਦਾ। ਉੱਥੇ ਵੀ ਕੁਝ ਮੇਰੀ ਕਲਾਸ ਦੇ ਜਣੇ ਪੜਦੇ ਸਨ। ਮੇਰਾ ਮਨ ਲੱਗ ਜਾਂਦਾ। ਕਦੇ ਜਦੋਂ ਉਹ ਮੇਰੇ ਕੱਦ-ਕਾਠ ਬਾਰੇ ਇਹ ਕਹਿੰਦੇ ਕਿ ਮੈਂ ਆਪਣੇ ਡੈਡੀ 'ਤੇ ਗਿਆ ਹਾਂ ਤਾਂ ਮੈਨੂੰ ਡੈਡੀ ਦੀ ਬੜੀ ਯਾਦ ਆਉਂਦੀ। ਮੈਂ ਉਹਨਾਂ ਨੂੰ ਬੜਾ ਮਿੱਸ ਕਰਦਾ ਸਾਂ।

ਡੈਡੀ ਦੀ ਯਾਦ ਆਉਂਦੇ ਮੇਰੇ ਮੱਥੇ 'ਚ ਤਰਾਟਾਂ ਪੈਣ ਲੱਗੀਆਂ ਹਨ। ਹੈਂ, ਇਹ ਨਹਿਰ 'ਚ ਕੋਣ ਛਾਲ਼ ਮਾਰ ਰਿਹਾ ਹੈ...ਨਹੀਂ ਨਹੀਂ, ਇਹ ਤਾਂ ਰੇਲ ਦੀ ਪਟੜੀ 'ਤੇ ਤੁਰਿਆ ਜਾ ਰਿਹਾ ਹੈ

ਕੋਈ।...'ਉਹਹ...ਦੇਖ ਪਿੱਛੇ ਤੇਰੇ ਰੇਲ ਕੂਕਾਂ ਮਾਰਦੀ ਆ ਰਹੀ ਹੈ...ਨਹੀਂ ਡੈਡੀ ਪਿੱਛੇ ਮੁੜੋ ਪਲੀਜ਼, ਤੁਸੀਂ ਕਿੱਧਰ ਚਲੇ ਜਾ ਰਹੇ ਹੋ...ਸਾਨੂੰ ਇਸ ਤਰ੍ਹਾਂ ਛੱਡ ਕੇ...।' ਸਿਰ ਹੋਰ ਵੀ ਭਾਰੀ ਹੋਣ ਲੱਗ ਪੈਂਦਾ। ਪਰ ਇਹ ਤਾਂ ਸਦਾ ਭਾਰ ਹੀ ਹੈ, ਤੇ ਰਹੇਗਾ ਵੀ....।

ਡੈਡੀ ਦਾ ਚਿਹਰਾ ਮੇਰੇ ਅੱਗੇ ਆਉਂਦੇ ਹੀ ਮੇਰੀ ਚੀਕ ਨਿਕਲਣ ਲੱਗ ਪੈਂਦੀ ਹੈ। ਡੈਡੀ ਬਾਰੇ ਜਦੋਂ ਮੈਂ ਮਾਂ ਨੂੰ ਪੁੱਛਦਾ ਤਾਂ ਉਹ ਅਕਸਰ ਕਿੰਨਾ-ਕਿੰਨਾ ਚਿਰ ਚੁੱਪ ਰਹਿੰਦੀ। ਤੇ ਫਿਰ ਅਚਾਨਕ ਸੁਲਘ ਉੱਠਦੀ, ਜਿਵੇਂ ਉਸ ਅੰਦਰ ਜਮ੍ਹਾਂ ਜਵਾਰਭਾਟਾ ਬਾਹਰ ਨਿਕਲਣ ਲੱਗ ਪਿਆ ਹੋਵੇ..., 'ਪਤਾ ਨਹੀਂ ਕਿਹੜੀ ਨਹਿਰ 'ਚ ਜਾ ਕੁੱਦਿਆ ਜਾਂ ਫਿਰ ਕਿਸੇ ਰੇਲ ਅੱਗੇ ਜਾ ਪਿਆ ਸੀ...ਤੂੰ ਆਪਣੀ ਪੜ੍ਹਾਈ ਵੱਲ ਧਿਆਨ ਦਿਆ ਕਰ...।' ਉਹ ਗੁੱਸੇ 'ਚ ਜਵਾਬ ਦਿੰਦੀ ਤਾਂ ਮੈਂ ਵੀ ਚੁੱਪ ਵੱਟ ਜਾਂਦਾ ਸਾਂ। ਕਿੰਨਾ ਚਿਰ ਉਹ ਬੈੱਡ 'ਤੇ ਪਈ ਸਿਸਕਦੀ ਰਹਿੰਦੀ ਸੀ। ਮੇਰੇ ਤੋਂ ਉਸਦਾ ਸਿਸਕਣਾ ਦੇਖਿਆ ਨਾ ਜਾਂਦਾ। ਤੇ ਮੈਂ ਖ਼ੁਦ ਨੂੰ ਹੀ ਕਸੂਰਵਾਰ ਸਮਝਣ ਲੱਗ ਪੈਂਦਾ ਸਾਂ। ਤੇ ਪਤਾ ਨਹੀਂ ਕਿਉਂ ਮੇਰੀਆਂ ਅੱਖਾਂ 'ਚੋਂ ਵੀ ਅੱਥਰੂ ਵਹਿਣ ਲੱਗ ਪੈਂਦੇ ਸਨ।

"ਰੋਣ ਨਾਲ ਕੁਝ ਨ੍ਹੀਂ ਹੋਵੇਗਾ ਪੁੱਤ...ਬਹਾਦਰ ਬਣ...ਜੇ ਰੋਣ ਨਾਲ ਕੁਝ ਹੁੰਦਾ ਤਾਂ ਮੇਰੇ ਵੱਲ ਦੇਖ...ਮੈਂ ਪੰਦਰਾਂ ਵਰ੍ਹੇ ਰੋ-ਰੋ ਕੇ ਹੀ ਗੁਜ਼ਾਰੇ ਨੇ...।" ਕਦੇ ਮੈਨੂੰ ਰੌਂਦਾ ਦੇਖ ਕੇ ਮਾਂ ਕਲਾਵੇ 'ਚ ਲੈ ਮੈਨੂੰ ਦੁਲਾਰਦੀ ਸੀ।

ਗੱਲ ਤਾਂ ਮਾਂ ਠੀਕ ਹੀ ਕਹਿੰਦੀ ਸੀ। ਕੀ ਸੀ ਵਿਚਾਰੀ ਦੀ ਜ਼ਿੰਦਗੀ 'ਚ। ਮੇਰਾ ਪਿਤਾ...ਮੈਨੂੰ ਛੇ ਸਾਲਾਂ ਦੇ ਨੂੰ ਮਾਂ ਦੀ ਗੋਦ 'ਚ ਛੱਡ ਘਰੋਂ ਅਜਿਹਾ ਡਿਊਟੀ 'ਤੇ ਗਿਆ ਕਿ ਮੁੜ ਕੇ ਘਰ ਨਹੀਂ ਬਹੁੜਿਆ। ਮਾਂ ਨੂੰ ਤਾਂ ਕਿੰਨੇ ਦਿਨ ਲੱਗਦਾ ਰਿਹਾ ਕਿ ਸ਼ਾਇਦ ਉਹ ਡਿਊਟੀ 'ਤੇ ਹੋਵੇਗਾ...ਪਰ ਜਦੋਂ ਉਸਦੇ ਮਹਿਕਮੇ ਦੇ ਕਰਮਚਾਰੀ ਸਾਡੇ ਘਰ ਆ ਉਸਦੇ ਲਗਾਤਾਰ ਡਿਊਟੀ ਤੋਂ ਗ਼ੈਰ-ਹਾਜ਼ਰ ਰਹਿਣ ਦਾ ਕਾਰਨ ਪੁੱਛਣ ਲੱਗੇ ਤਾਂ ਮਾਂ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਸੀ। ਪਿਤਾ ਜੀ ਦੇ ਚਲੇ ਜਾਣ ਤੋਂ ਪਹਿਲਾਂ ਘਰ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਸੀ, ਉਹ ਵੀ ਵਿਚਾਲੇ ਹੀ ਰਹਿ ਗਿਆ।

ਮੈਨੂੰ ਯਾਦ ਹੈ ਆਹ ਜਿੱਥੇ ਹੁਣ ਵੱਡੀ ਸਾਰੀ ਕੋਠੀ ਪਾਈ ਹੋਈ ਹੈ, ਇਹ ਪਹਿਲਾਂ ਸਾਡਾ ਪਲਾਟ ਹੁੰਦਾ ਸੀ। ਇੱਥੇ ਅਸੀਂ ਸਬਜ਼ੀਆਂ ਬੀਜਦੇ ਸਾਂ। ਦਾਦਾ, ਦਾਦੀ, ਮਾਂ ਤੇ ਮੈਂ ਇੱਥੇ ਮਿੱਟੀ ਨਾਲ ਮਿੱਟੀ ਹੁੰਦੇ ਰਹਿੰਦੇ ਸਾਂ। ਸਬਜ਼ੀਆਂ ਵੇਚ ਕੇ ਘਰ ਦਾ ਗੁਜ਼ਾਰਾ ਚੱਲਦਾ ਸੀ। ਦਾਦਾ, ਦਾਦੀ ਤੇ ਮਾਂ ਇੱਥੇ ਹੀ ਹੱਡ ਭੰਨਵੀਂ ਮਿਹਨਤ ਕਰਦੇ। ਭਾਂਤ-ਭਾਂਤ ਦੀਆਂ ਮੌਸਮ ਅਨੁਸਾਰ ਸਬਜ਼ੀਆਂ ਬੀਜਦੇ ਹੁੰਦੇ। ਲੋਕ ਤਾਜ਼ੀ ਸਬਜ਼ੀ ਘਰੋਂ ਹੀ ਲੈ ਜਾਂਦੇ ਸਨ। ਘਰ ਦੇ ਗੇਟ ਮੂਹਰੇ ਮੇਰਾ ਦਾਦਾ ਟੋਕਰੇ 'ਚ ਸਬਜ਼ੀਆਂ ਰੱਖ ਕੇ ਬੈਠ ਜਾਂਦਾ ਹੁੰਦਾ ਸੀ।

ਇਸੇ ਤਰ੍ਹਾਂ ਘਰ ਦਾ ਤੋਰੀ-ਫੁਲਕਾ ਚੱਲਦਾ ਸੀ। ਦੋ ਕੁ ਕਿੱਲੇ ਜ਼ਮੀਨ ਵੀ ਸੀ ਪਰ ਉਸਦਾ ਠੇਕਾ ਵੀ ਡੈਡੀ ਦੇ ਕੇਸ ਚੱਲ ਰਹੇ ਹੋਣ ਕਾਰਨ ਵਕੀਲ ਦੀ ਜੇਬ 'ਚ ਹੀ ਪੈ ਜਾਂਦਾ, ਜਿਸ ਕਾਰਨ ਇਹ ਸਬਜ਼ੀ ਲਗਾ ਕੇ ਚਾਰ ਪੈਸੇ ਆਉਂਦੇ ਸਨ। ਜਾਂ ਫਿਰ ਮਾਂ ਨੇ ਗਾਂ ਰੱਖੀ ਹੋਣ ਕਾਰਨ ਉਸਦਾ ਦੁੱਧ ਪੀਣ ਜੋਗਾ ਰੱਖ ਕੇ ਬਾਕੀ ਗੁਆਂਢੀਆਂ ਨੂੰ ਮੁੱਲ ਵੇਚ ਦਿੰਦੀ ਹੁੰਦੀ। ਕਦੇ ਮਾਂ ਦੁੱਧ ਬਚਾ ਕੇ ਖੋਆ ਵੀ ਮਾਰ ਕੇ ਮੈਨੂੰ ਪਿੰਨੀਆਂ ਬਣਾ ਦਿੰਦੀ ਹੁੰਦੀ ਸੀ। ਮਾਂ ਸਾਰਾ ਦਿਨ ਘਰ ਦਾ ਕੰਮ ਕਰਦੀ ਰਹਿੰਦੀ ਪਰ ਉਦਾਸੀ ਫਿਰ ਵੀ ਉਸ ਦੇ ਚਿਹਰੇ 'ਤੇ ਤਣੀ ਰਹਿੰਦੀ ਸੀ।

ਥੋੜ੍ਹਾ ਹੋਰ ਵੱਡਾ ਹੋਇਆ ਤਾਂ ਮੈਂ ਦਾਦੀ ਨਾਲ ਰਾਤ ਨੂੰ ਪੈ ਜਾਂਦਾ। ਕਦੇ ਮੇਰੀ ਰਾਤੀਂ ਜਾਗ ਖੁੱਲ੍ਹ ਜਾਂਦੀ ਤਾਂ ਦੇਖਦਾ ਮਾਂ ਸਿਸਕੀਆਂ ਲੈ ਰਹੀ ਹੁੰਦੀ। ਉਸਦੇ ਸਾਹ ਤੇਜ਼-ਤੇਜ਼ ਚੱਲ ਰਹੇ ਹੁੰਦੇ। ਮੈਂ ਮਹਿਸੂਸ ਕਰਦਾ ਸਾਂ ਮਾਂ ਸਾਰੀ ਰਾਤ ਬੁੜਬੁੜਾਉਂਦੀ ਪਾਸੇ ਲੈ-ਲੈ ਕੇ ਰਾਤ ਬਤੀਤ ਕਰਦੀ ਹੁੰਦੀ। ਉਸਦੀਆਂ ਸਿਸਕੀਆਂ ਤੇ ਗਰਮ ਸਾਹਾਂ ਦੀ ਆ ਰਹੀ ਆਵਾਜ਼ ਨੂੰ ਸੁਣ ਦਾਦੀ ਅਕਸਰ ਕਹਿੰਦੀ- 'ਧੀਏ...ਪਾਣੀ ਪੀ ਲੈ...ਉੱਠ ਕੇ ...ਸ਼ੈਤਾਨ ਰੂਹਾਂ ਬੇਚੈਨ ਕਰਨ ਲੱਗ ਜਾਂਦੀਆਂ ਨੇ ਆ ਕੇ...ਬਾਰਾਂ ਤੋਂ ਤਿੰਨ ਵਜੇ ਇਹਨਾਂ ਦਾ ਵਾਸ ਹੁੰਦਾ ਏ...।' ਪਰ ਮਾਂ ਨੇ ਕਦੇ ਉੱਠ ਕੇ ਪਾਣੀ ਨਹੀਂ ਪੀਤਾ ਸੀ।

ਜ਼ਿਆਦਾਤਰ ਉਹ ਦਾਦੀ ਦੀ ਆਵਾਜ਼ ਨੂੰ ਅਣਸੁਣੀ ਹੀ ਕਰ ਦਿੰਦੀ ਸੀ। ਜਿਵੇਂ ਮਨ 'ਚ ਆਖ ਰਹੀ ਹੋਵੇ-'ਆ ਜਾਣ ਜਿਹਨਾਂ ਸ਼ੈਤਾਨ ਰੂਹਾਂ ਨੇ ਆਉਣਾ ਏ....?'

ਪਹਿਲਾਂ ਮਾਂ ਮੈਨੂੰ ਚੁੰਬੜ ਕੇ ਸੌਂ ਜਾਂਦੀ ਸੀ। ਫਿਰ ਉਹਨੇ ਮੈਨੂੰ ਦਾਦੀ ਨਾਲ ਪਾਉਣਾ ਸ਼ੁਰੂ ਕਰ ਦਿੱਤਾ। ਮੈਂ ਮਾਂ ਨਾਲ ਨਿੱਕੇ-ਮੋਟੇ ਕੰਮ ਕਰਵਾਉਂਦਾ ਹੁੰਦਾ। ਕਦੇ ਦੁਕਾਨ 'ਤੋਂ ਕੋਈ ਚੀਜ਼ ਵਸਤ ਲਿਆ ਦਿੰਦਾ। ਸਾਹਮਣੇ ਪਲਾਟ 'ਚ ਬੀਜੀਆਂ ਸਬਜ਼ੀਆਂ ਤੋੜ ਕੇ ਲੈ ਆਉਂਦਾ ਘਰ ਬਣਾਉਣ ਵਾਸਤੇ। ਤੇ ਜਾਂ ਕਦੇ ਮਾਂ ਨਾਲ ਹਰਾ-ਚਾਰਾ ਗਾਂ ਲਈ ਰਲ਼ਾਉਣ ਲੱਗ ਪੈਂਦਾ। ਧਾਰ ਕੱਢਣ ਵੇਲ਼ੇ ਮੈਂ ਗਾਂ ਨੂੰ ਆਟਾ ਪਾਉਣ ਲੱਗ ਜਾਂਦਾ। ਟੋਕਾ ਵੀ ਘੁਮਾ ਦਿੰਦਾ। ਇਸ ਤਰ੍ਹਾਂ ਮਾਂ ਦੀ ਥੋੜ੍ਹੀ-ਮੋਟੀ ਸਹਾਇਤਾ ਕਰ ਦਿੰਦਾ। ਕਦੇ-ਕਦੇ ਮਾਂ ਮੈਨੂੰ ਚੂਰੀ ਬਣਾ ਕੇ ਖੁਆਉਂਦੀ। ਦੁੱਧ ਪੀਣ ਨੂੰ ਦਿੰਦੀ। ਮੈਨੂੰ ਨਹਾਉਂਦੀ-ਧੁਆਉਂਦੀ, ਮੇਰਾ ਜੂੜਾ ਕਰਦੀ। ਮੈਨੂੰ ਸੰਵਾਰ ਸਜਾ ਕੇ ਰੱਖਦੀ। ਸਕੂਲ ਜਾਣ ਵੇਲ਼ੇ ਗੇਟ ਤਕ ਵੈਨ ਤਕ ਛੱਡਣ ਆਉਂਦੀ। ਤੇ ਮੈਨੂੰ ਵੈਨ 'ਚ ਚੜ੍ਹਾਉਣ ਸਮੇਂ ਹਲਕਾ ਜਿਹਾ ਚੁੰਮ ਵੀ ਲੈਂਦੀ ਸੀ।

ਮਾਂ ਦੇ ਨਿੱਘੇ ਪਿਆਰ 'ਚ ਮੈਂ ਵੀ ਸਰੂਰਿਆ ਜਾਂਦਾ ਸਾਂ। ਕਦੇ ਮੈਂ ਸਕੂਲੋਂ ਘਰ ਆਇਆ ਹੁੰਦਾ ਤਾਂ ਵਕੀਲ ਜਾਂ ਪੁਲਿਸ 'ਚੋਂ ਕੋਈ ਆਇਆ ਹੁੰਦਾ। ਦਾਦਾ-ਦਾਦੀ ਦੇ ਬਿਆਨ ਲਿਖਦਾ। ਇਕੱਲੇ ਬੈਠਾ ਕੇ ਮੇਰੀ ਮਾਂ ਕੋਲ਼ੋਂ ਕੁਝ ਪੁੱਛਦਾ ਰਹਿੰਦਾ। ਤੇ ਕੁਝ ਕਾਗਜ਼ 'ਤੇ ਝਰੀਟਦਾ ਰਹਿੰਦਾ। ਮਾਂ ਬੜੀ ਸਹਿਜਤਾ ਨਾਲ ਉਹਨਾਂ ਦੇ ਸਵਾਲਾਂ ਦੇ ਜਵਾਬ ਦਿੰਦੀ ਹੁੰਦੀ ਸੀ।

ਦਾਦੇ ਕੋਲ਼ੋਂ ਜਦ ਵੀ ਮੈਂ ਡੈਡੀ ਬਾਰੇ ਪੁੱਛਦਾ ਤਾਂ ਉਹ ਅੱਖਾਂ ਭਰ ਸੁਣਾਉਣ ਲੱਗ ਪੈਂਦਾ-'ਅਸੀਂ ਕਿੱਥੇ-ਕਿੱਥੇ ਨ੍ਹੀਂ ਲੱਭਿਆ। ਆਹ ਸ਼ਹਿਰ, ਓਹ ਸ਼ਹਿਰ, ਕੋਈ ਵੀ ਨਹਿਰ, ਪਟੜੀ ਨ੍ਹੀਂ ਛੱਡੀ ਜਿੱਥੇ ਨਹੀਂ ਭਾਲ਼ਿਆ। ਪਰ ਚੰਦਰਾ ਪਤਾ ਹੀ ਨ੍ਹੀਂ ਕਿਹੜੇ ਖੱਲ-ਖੂੰਜੇ ਜਾ ਬੈਠ ਗਿਆ। ਪਹਿਲਾਂ ਰਿਸ਼ਤੇਦਾਰ ਕੁਝ ਚਿਰ ਆਉਂਦੇ ਰਹੇ, ਨਾਲ ਜਾ ਲੱਭਦੇ ਹੁੰਦੇ ਪਰ ਫਿਰ ਸਮੇਂ ਨਾਲ ਉਹ ਵੀ ਆਉਣੋਂ ਹਟ ਗਏ। ਆਹ ਅੱਧਾ ਕਿੱਲਾ ਤਾਂ ਅਦਾਲਤਾਂ ਦੇ ਚੱਕਰਾਂ 'ਚ ਹੀ ਗੁਆਚ ਗਿਆ ਪੁੱਤ ਦੀ ਤਲਾਸ਼ ਲਈ.....।' ਉਹ ਗਿੱਲੀਆਂ ਅੱਖਾਂ ਨਾਲ ਦੱਸਦਾ-ਦੱਸਦਾ ਹੋਰ ਤੇਜ਼ ਹੁਭਕੀਂ ਰੋਣ ਲੱਗ ਪੈਂਦਾ ਸੀ।

ਮੈਂ ਮਾਂ ਕੋਲ਼ੋਂ ਡੈਡੀ ਬਾਰੇ ਘੱਟ ਹੀ ਪੁੱਛਦਾ। ਪਤਾ ਨਹੀਂ ਕਿਉਂ, ਮੈਨੂੰ ਇੰਝ ਹੀ ਲੱਗਦਾ ਜਿਵੇਂ ਮਾਂ ਇਹ ਕਿਵੇਂ ਮੈਨੂੰ ਦੱਸ ਸਕੇਗੀ। ਇਕ ਤਾਂ ਉਹ ਉਂਝ ਵੀ ਉਦਾਸੀ 'ਚ ਰਹਿੰਦੀ ਸੀ। ਤੇ ਦੂਜਾ ਉਹਨੂੰ ਡੈਡੀ ਬਾਰੇ ਗੱਲ ਕਰਨੀ ਵੀ ਨਹੀਂ ਸੀ ਭਾਉਂਦੀ।

ਮੈਨੂੰ ਯਾਦ ਹੈ ਸਾਡੇ ਘਰ ਦੀ ਮੂਹਰਲੀ ਬੈਠਕ ਦੀਆਂ ਕੰਧਾਂ 'ਤੇ ਪਹਿਲਾਂ ਡੈਡੀ ਦੀਆਂ ਕਿੰਨੀਆਂ ਫੋਟੋਆਂ ਲੱਗੀਆਂ ਹੁੰਦੀਆਂ ਸਨ। ਅਲੱਗ-ਅਲੱਗ ਪੋਚਾਂ 'ਚ। ਕੋਈ ਪੁਲਸੀਆ ਵਰਦੀ 'ਚ, ਕੋਈ ਉਸਦੇ ਯਾਰਾਂ-ਦੋਸਤਾਂ ਨਾਲ, ਕੋਈ ਕਿਸੇ ਗੇਮ 'ਚ ਮਿਲੇ ਮੈਡਲਾਂ ਨਾਲ। ਤੇ ਕੋਈ ਪਹਾੜਾਂ ਦੇ ਲਗਾਏ ਟੂਰ ਦੀਆਂ। ਪਰ ਜਦੋਂ ਡੈਡੀ ਗਏ ਨੂੰ ਛੇ ਸਾਲ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਤਾਂ ਮਾਂ ਨੇ ਇਹ ਸਾਰੀਆਂ ਫੋਟੋਆਂ ਕੰਧਾਂ 'ਤੋਂ ਲਾਹ ਕੇ ਆਪਣੀ ਟਰੰਕੀ ਵਿਚ ਸਾਂਭ ਦਿੱਤੀਆਂ। ਬਾਪੂ, ਬੇਬੇ ਨੇ ਵੀ ਉਸ ਨੂੰ ਅਜਿਹਾ ਕਰਨੋਂ ਨਹੀਂ ਰੋਕਿਆ ਸੀ। ਹੁਣ ਸਿਰਫ਼ ਉਸਦੀ ਇਕ ਫੋਟੋ ਹੀ ਪੜਛੱਤੀ 'ਤੇ ਪਈ ਸੀ, ਉਹ ਵੀ ਬੇਬੇ-ਬਾਪੂ ਵਾਲੀ ਬੈਠਕ 'ਚ। ਪਰ ਉਸ 'ਤੇ ਵੀ ਕਿੰਨੇ ਚਿਰ ਤੋਂ ਗਰਦ ਭਰ ਗਈ ਹੈ, ਕਦੇ ਕਿਸੇ ਨੇ ਸਾਫ਼ ਹੀ ਨਹੀਂ ਕੀਤੀ। ਮਾਂ ਨੇ ਕਦੇ ਇੰਝ ਨਹੀਂ ਕੀਤਾ। ਮੈਂ ਵੀ ਇਹਨੂੰ ਤਾਂ ਨਹੀਂ ਝਾੜਿਆ ਕਿ ਮਾਂ ਸ਼ਾਇਦ ਡੈਡੀ ਨੂੰ ਯਾਦ ਕਰ ਹੋਰ ਵੀ ਉਦਾਸ ਹੋ ਜਾਵੇਗੀ।

ਇਕ ਵਾਰ ਮੈਂ ਇਹਨੂੰ ਸਾਫ਼ ਕਰਨ ਲੱਗਾ ਤਾ ਉੱਤੋਂ ਮਾਂ ਆ ਗਈ, "ਰਹਿਣ ਦੇ...ਛੱਡ...ਲਿਆ ਮੈਨੂੰ ਫੜਾ...ਮੈਂ ਇਨੂੰ ਵੀ ਟਰੰਕੀ 'ਚ ਰੱਖ ਦੇਵਾਂ...।" ਮਾਂ ਮੇਰੇ ਕੋਲ਼ੋਂ ਫੋਟੋ ਖੋਹਣ ਲੱਗੀ ਸੀ। ਪਰ ਮੈਂ ਖਿੱਚਦਾ ਹੋਇਆ ਫਿਰ ਨਾ ਦੇਣ ਦੀ ਅੜੀ ਕਰਦਾ ਰਿਹਾ। ਫਿਰ ਮਾਂ ਨੇ ਗ਼ੁੱਸੇ 'ਚ ਆ ਮੇਰੇ ਦੋ ਚਪੇੜਾਂ ਜੜ ਦਿੱਤੀਆਂ। ਤੇ ਫੋਟੋ ਮੇਰੇ ਹੱਥੋਂ ਫਰਸ਼ 'ਤੇ ਡਿੱਗ ਗਈ। ਇਸਦਾ ਸ਼ੀਸ਼ਾ ਚਕਨਾਚੂਰ ਹੋ

ਗਿਆ। ਮਾਂ ਕੱਚ ਨੂੰ ਕੱਠਾ ਵੀ ਕਰਦੀ ਰਹੀ, ਤੇ ਹੰਝੂ ਵੀ ਡੇਗਦੀ ਰਹੀ। ਮੈਨੂੰ ਗੋਦ 'ਚ ਲੈ, ਉਸ ਰਾਤ ਮੇਰੇ ਸੌਂ ਜਾਣ ਤਕ ਅੱਥਰੂ ਕੇਰਦੀ ਰਹੀ ਸੀ।

ਜਦੋਂ ਦੇ ਦਾਦਾ, ਦਾਦੀ ਤੁਰ ਗਏ, ਮਾਂ ਦਾ ਰੋਣਾ ਹੋਰ ਵੀ ਵਧ ਗਿਆ ਸੀ। ਦਾਦਾ ਪਹਿਲਾਂ ਤੁਰ ਗਿਆ ਤੇ ਅਗਲੇ ਮਹੀਨੇ ਦਾਦੀ ਵੀ ਅਚਾਨਕ ਤੁਰਗੀ। ਦਾਦੇ ਨੇ ਜ਼ਮੀਨ ਤੇ ਪਲਾਟ ਮੇਰੇ ਨਾਂਅ 'ਤੇ ਪਹਿਲੋਂ ਹੀ ਕਰਵਾ ਦਿੱਤੇ ਸਨ।

ਡੈਡੀ ਦੇ ਨਾਲ ਲੱਗਾ ਗੁਰਮੇਲ ਹਵਾਲਦਾਰ ਸੀ, ਜਿਸਨੇ ਸਾਡੀ ਬੜੀ ਸਹਾਇਤਾ ਕੀਤੀ। ਉਹ ਹੀ ਕੇਸ ਦੇ ਸੰਬੰਧ 'ਚ ਸਾਡੀ ਮਦਦ ਕਰਦਾ ਰਿਹਾ। ਭਾਵੇਂ ਉਸਦੀ ਮਹਿਕਮੇ ਵਾਲਿਆਂ ਨੂੰ ਲਾਸ਼ ਨਹੀਂ ਮਿਲੀ ਸੀ ਪਰ ਛੇ ਸਾਲ ਬੀਤ ਜਾਣ 'ਤੇ ਉਹਨਾਂ ਕਾਗ਼ਜ਼ਾਂ 'ਚ ਡੈਡੀ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਜੱਜ ਨੇ ਵੀ ਕੇਸ ਸਾਡੇ ਹੱਕ 'ਚ ਕਰ ਦਿੱਤਾ ਸੀ।

ਮਾਂ ਨੂੰ ਸਾਰੇ ਅਧਿਕਾਰ ਮਿਲ ਗਏ ਸਨ। ਮਾਂ ਦੀ ਪੈਨਸ਼ਨ ਲੱਗ ਪਈ ਸੀ। ਅਜੇ ਮੈਂ ਬੀ.ਏ. ਕਰ ਰਿਹਾ ਸਾਂ ਕਿ ਮੈਨੂੰ ਡੈਡੀ ਦੀ ਜਗ੍ਹਾ 'ਤੇ ਤਰਸ ਦੇ ਆਧਾਰ 'ਤੇ ਨੌਕਰੀ ਮਿਲ ਗਈ ਸੀ। ਪਹਿਲਾਂ ਮੈਂ ਮਾਂ ਨਾਲ ਜਾ ਪੁਲਿਸ ਦਫ਼ਤਰਾਂ ਦੇ ਚੱਕਰ ਕੱਟਦਾ ਹੁੰਦਾ। ਮਾਂ ਨੇ ਮੇਰੇ ਨੌਕਰੀ ਲੱਗਣ ਤਕ ਆਪਣੀ ਪੂਰੀ ਵਾਹ ਲਗਾ ਦਿੱਤੀ ਸੀ। ਜਿਸਦਾ ਨਤੀਜਾ ਇਹ ਨਿਕਲਿਆ ਕਿ ਮੈਨੂੰ ਵੀ ਡੈਡੀ ਵਾਂਗ ਪੁਲਿਸ 'ਚ ਨੌਕਰੀ ਮਿਲ ਗਈ। ਹੁਣ ਮੈਂ ਜ਼ਿਲ੍ਹਾ ਹੈੱਡ-ਕੁਆਟਰ 'ਚ ਨੌਕਰੀ ਕਰਨ ਲੱਗਾ ਸਾਂ।

ਮਾਂ ਮੇਰੇ ਪੁਲਿਸ ਦੀ ਵਰਦੀ ਪਾਈ ਦੇਖ ਕਿੰਨਾ ਚਿਰ ਰੌਂਦੀ ਰਹਿੰਦੀ। ਮੈਨੂੰ ਲੱਗਦਾ ਕਿ ਮਾਂ ਨੂੰ ਡੈਡੀ ਦੀ ਯਾਦ ਆ ਰਹੀ ਹੋਵੇਗੀ। ਪਰ ਡੈਡੀ ਨੇ ਹੁਣ ਕਿੱਥੇ ਵਾਪਸ ਆਉਣਾ ਸੀ। ਜੇ ਆਉਣਾ ਹੁੰਦਾ ਤਾਂ ਉਦੋਂ ਹੀ ਆ ਜਾਂਦਾ। ਉਹ ਘਰੋਂ ਵੀ ਵਰਦੀ ਪਹਿਨ ਕੇ ਗਿਆ ਸੀ। ਪਰ ਸ਼ਾਮ ਨੂੰ ਘਰ ਨਹੀਂ ਪਰਤਿਆ ਸੀ।

ਮੈਨੂੰ ਵਰਦੀ 'ਚ ਦੇਖ ਮਾਂ ਕਿੰਨਾ ਚਿਰ ਮੈਨੂੰ ਚੁੰਮਦੀ ਰਹਿੰਦੀ। ਮੈਂ ਮਸਾਂ ਖਹਿੜਾ ਛੁਡਾਉਂਦਾ ਸਾਂ। ਕਹਿ-ਕਹਾ ਕੇ ਮੈਂ ਆਪਣੀ ਡਿਊਟੀ ਵੀ ਇਸੇ ਲਈ ਸੰਗਰੂਰ ਲਗਵਾਈ ਸੀ ਤਾਂ ਜੋ ਸ਼ਾਮ ਨੂੰ ਮਾਂ ਕੋਲ਼ ਘਰ ਪਰਤ ਸਕਾਂ। ਕਦੇ ਲੇਟ ਹੋ ਜਾਂਦਾ ਤਾਂ ਮਾਂ ਫੋਨ 'ਤੇ ਫੋਨ ਘੁਮਾਈ ਜਾਂਦੀ। ਦਫ਼ਤਰ ਜਾਣ ਵੇਲੇ ਵੀ ਉਹ ਬੂਹੇ 'ਤੇ ਖੜ੍ਹੀ ਕਿੰਨੀਆਂ ਹਦਾਇਤਾਂ ਮੈਨੂੰ ਦਿੰਦੀ ਰਹਿੰਦੀ। ਮੋਟਰ ਸਾਈਕਲ ਹੌਲ਼ੀ ਚਲਾਉਣਾ। ਆਹ ਨੀ ਕਰਨਾ, ਉਹ ਨੀ ਕਰਨਾ ਆਦਿ। ਮਾਂ ਭਾਣੇ ਤਾਂ ਮੈਂ ਅਜੇ ਜਵਾਕ ਹੀ ਸਾਂ। ਕਦੇ-ਕਦੇ ਮੈਨੂੰ ਮਾਂ ਦੇ ਅਜਿਹੇ ਵਿਹਾਰ 'ਤੇ ਗ਼ੁੱਸਾ ਵੀ ਆ ਜਾਂਦਾ ਪਰ ਇਹ ਮੈਂ ਬਾਹਰ ਨਾ ਕੱਢਦਾ। ਮਾਂ ਦੇ ਬਾਰੇ ਸੋਚ ਚੁੱਪ ਕਰ ਜਾਂਦਾ। ਆਖ਼ਰ ਉਸ ਕੋਲ਼ ਮੇਰੇ ਸਿਵਾ ਹੈ ਹੀ ਕੌਣ ਸੀ। ਮੈਂ ਹੀ ਤਾਂ ਸਾਂ, ਜਿਸ ਲਈ ਉਹ ਅੱਜ ਤਕ ਜਿਊਂਦੀ ਆ ਰਹੀ ਸੀ।

ਮਾਂ ਦੀ ਇਕੱਲਤਾ ਨੂੰ ਦੇਖ ਕੇ ਹੀ ਜਦੋਂ ਮੇਰਾ ਰਿਸ਼ਤਾ ਆਇਆ ਤਾਂ ਮੈਂ ਝੱਟ ਚੁੰਨੀ ਚੜ੍ਹਾ ਕੇ ਵਿਆਹ ਕਰਾਉਣ ਲਈ ਮਾਂ ਨੂੰ ਕਹਿ ਆਪਣਾ ਫ਼ੈਸਲਾ ਸੁਣਾ ਦਿੱਤਾ। ਮਾਂ ਨੇ ਵੀ ਬਾਹਲ਼ਾ ਚਿਰ ਨਾ ਪਾਇਆ। ਮੇਰਾ ਸਾਦੇ ਢੰਗ ਨਾਲ ਵਿਆਹ ਹੋ ਗਿਆ। ਤੇ ਅਗਲੇ ਦਿਨ ਅਸੀਂ ਪਾਰਟੀ ਰੱਖ ਦਿੱਤੀ। ਜੋ ਯਾਰ-ਦੋਸਤ, ਰਿਸ਼ਤੇਦਾਰ ਰਹਿ ਗਏ ਸਾਰੇ ਸੱਦ ਲਏ।

ਰਾਸ਼ੀ ਮੁਹਾਲੀ 'ਚ ਸਿੱਖਿਆ ਦਫ਼ਤਰ 'ਚ ਕਲੈਰੀਕਲ ਜਾਬ 'ਤੇ ਸੀ। ਉਸਨੂੰ ਵੀ ਮੇਰੇ ਵਾਂਗ ਪਿਤਾ ਦੀ ਡਿਊਟੀ 'ਤੇ ਹੋਈ ਮੌਤ ਕਾਰਨ ਤਰਸ ਦੇ ਆਧਾਰ 'ਤੇ ਨੌਕਰੀ ਮਿਲੀ ਹੋਈ ਸੀ। ਉਸਨੂੰ ਵੀ ਅਜੇ ਡਿਊਟੀ 'ਤੇ ਲੱਗਿਆਂ ਸਾਲ ਭਰ ਹੀ ਹੋਇਆ ਸੀ। ਵਿਆਹ ਦੇ ਪੰਦਰਾਂ ਦਿਨ ਤਕ ਤਾਂ ਉਹ ਸਾਡੇ ਕੋਲ਼ ਰਹੀ, ਫਿਰ ਉਸਨੂੰ ਡਿਊਟੀ 'ਤੇ ਜਾਣਾ ਪਿਆ। ਫਿਰ ਤਾਂ ਜੇ ਕਦੇ ਦੋ ਜਾਂ ਤਿੰਨ ਛੁੱਟੀਆਂ ਹੁੰਦੀਆਂ ਫਿਰ ਹੀ ਉਹ ਸਾਡੇ ਕੋਲ਼ ਆਉਂਦੀ। ਮਾਂ ਅਕਸਰ ਕਹਿੰਦੀ ਰਹਿੰਦੀ ਕਿ ਤੂੰ ਵੀ ਮੁਹਾਲੀ ਦੀ ਬਦਲੀ ਕਰਵਾ ਲੈ। ਰਾਸ਼ੀ ਵਿਚਾਰੀ ਲਈ ਇੰਨੀ ਦੂਰ ਆਉਣਾ ਜਾਣਾ ਕਿੰਨਾ ਕਠਿਨ ਹੁੰਦਾ ਹੋਵੇਗਾ। ਮੈਂ ਚੁੱਪ ਤਾਂ ਕਰ ਜਾਂਦਾ। ਅੰਦਰੋਂ ਮੈਨੂੰ ਵੀ ਰਾਸ਼ੀ ਬਾਰੇ ਸੋਚ ਇਹੋ ਚਿੰਤਾ ਲੱਗੀ

ਰਹਿੰਦੀ ਸੀ।

ਮਾਂ ਦੇ ਵਾਰ-ਵਾਰ ਕਹਿਣ 'ਤੇ ਮੈਂ ਆਪਣੀ ਬਦਲੀ ਲਈ ਅਪਲਾਈ ਕਰ ਦਿੱਤਾ ਸੀ। ਉੱਧਰ ਇਕ ਕਰਮਚਾਰੀ ਨੇ ਸੰਗਰੂਰ ਲਈ ਅਪਲਾਈ ਕੀਤਾ ਹੋਇਆ ਸੀ, ਤੇ ਇੱਧਰੋਂ ਮੈਂ ਮੁਹਾਲੀ ਲਈ ਅਪਲਾਈ ਕਰ ਦਿੱਤਾ। ਸ਼ਾਇਦ ਗੱਲ ਕੁਝ ਦਿਨਾਂ ਤਕ ਬਣ ਜਾਣੀ ਸੀ।

ਮੇਰੇ ਲਈ ਮਾਂ ਨੂੰ ਇਸ ਤਰ੍ਹਾਂ ਇਕੱਲਿਆਂ ਛੱਡ ਕੇ ਮੁਹਾਲੀ ਤੁਰ ਜਾਣਾ ਬੜਾ ਦੁਬਿਧਾ ਭਰਿਆ ਸੀ। ਮੈਂ ਪਿਛਲੇ ਕਈ ਦਿਨ ਇਸੇ ਦੁਬਿਧਾ 'ਚ ਗੁਜ਼ਾਰੇ ਸਨ।

ਦੁਬਿਧਾ 'ਚ ਤਾਂ ਮੈਂ ਪਹਿਲੋਂ ਵੀ ਕਈ ਵਾਰ ਰਿਹਾ ਸਾਂ...ਪਰ ਇਹ ਦੁਬਿਧਾ ਮੈਂ ਕਿਸੇ ਨਾਲ ਸਾਂਝੀ ਨਹੀਂ ਕਰ ਸਕਦਾ ਸਾਂ, ਰਾਸ਼ੀ ਨਾਲ ਵੀ ਨਹੀਂ।

ਮੇਰੇ ਵਿਆਹ ਤੋਂ ਕੁਝ ਦਿਨ ਬਾਅਦ ਹੀ ਮਾਂ 'ਚ ਬਹੁਤ ਸਾਰਾ ਬਦਲਾਅ ਆ ਗਿਆ। ਉਹ ਨਹਾ-ਧੋ ਕੇ ਜਲਦੀ ਤਿਆਰ ਹੋ ਜਾਂਦੀ। ਥੋੜ੍ਹਾ ਹਲਕਾ ਮੇਕ ਅੱਪ ਕਰ ਲੈਂਦੀ। ਉਸਦੇ ਸੂਟਾਂ ਦੇ ਰੰਗ ਪਹਿਲਾਂ ਜੋ ਬਹੁਤ ਜ਼ਿਆਦਾ ਫਿੱਕੇ ਹੁੰਦੇ ਸਨ, ਉਹ ਹੁਣ ਹਲਕੇ ਸ਼ੋਖ ਗਾੜ੍ਹੇ ਹੁੰਦੇ ਸਨ...ਮਾਂ ਪਹਿਲਾਂ ਕਦੇ ਲਿਪਿਸਟਿਕ ਨਹੀਂ ਲਾਉਂਦੀ ਸੀ ਪਰ ਹੁਣ ਉਹ ਹਲਕੀ ਲਿਪਿਸਟਿਕ ਵੀ ਲਗਾ ਲੈਂਦੀ ਸੀ।

ਡਿਊਟੀ ਤੋਂ ਆ ਕੇ ਮੈਂ ਤੇ ਰਾਸ਼ੀ ਬੈੱਡ-ਰੂਮ 'ਚ ਚਲੇ ਜਾਂਦੇ ਤਾਂ ਕਈ ਵਾਰ ਲੱਗਦਾ ਕਿ ਕੋਈ ਪਰਛਾਵਾਂ ਜਿਵੇਂ ਸਾਨੂੰ ਚੋਰੀ-ਛਿਪੇ ਦੇਖ ਰਿਹਾ ਹੈ। ਕਦੇ ਮੈਂ ਰਾਤ ਨੂੰ ਉੱਠ ਕੇ ਜਾ ਮਾਂ ਦੇ ਕਮਰੇ 'ਚ ਦੇਖਦਾ। ਮਾਂ ਦੇ ਸਾਹ ਤੇਜ਼-ਤੇਜ਼ ਚੱਲ ਰਹੇ ਹੁੰਦੇ...। ਮੋਬਾਈਲ ਦੀ ਸਕਰੀਨ ਲਾਈਟ ਚੱਲ ਰਹੀ ਹੁੰਦੀ। ਮੈਂ ਚੁੱਪਚਾਪ ਪੋਲੇ ਕਦਮੀਂ ਵਾਪਸ ਆਪਣੇ ਕਮਰੇ 'ਚ ਆ ਪੈਂਦਾ।

ਇਕ ਦਿਨ ਰਾਸ਼ੀ ਨੇ ਵੀ ਮੇਰੇ ਨਾਲ ਇਸ ਤਰ੍ਹਾਂ ਦੀ ਸ਼ਿਕਾਇਤ ਕੀਤੀ, "ਦੀਪ, ਮੈਨੂੰ ਲੱਗਦੈ ਕਿ ਮੰਮੀ ਜੀ ਬਾਰੀ ਕੋਲ਼ ਖੜ੍ਹ ਕੇ ਸਾਨੂੰ ਦੇਖ ਰਹੇ ਨੇ...।"

ਸ਼ੱਕ ਤਾਂ ਮੈਨੂੰ ਵੀ ਹੁੰਦਾ ਪਰ ਮੈਂ ਰਾਸ਼ੀ ਨੂੰ ਕਲਾਵੇ 'ਚ ਲੈ ਕਹਿੰਦਾ-"ਨਹੀਂ, ਤੈਨੂੰ ਵਹਿਮ ਹੋ ਗਿਆ ਏ...ਬਿੱਲੀ ਹੋਵੇਗੀ...।"

ਅੰਦਰੋਂ ਮੇਰੇ ਜ਼ਿਹਨ 'ਚ ਵੀ ਕਿੰਨਾ ਕੁਝ ਵਰੋਲ਼ਾ ਬਣ ਉੱਛਲਣ ਲੱਗਦਾ ਸੀ। ਪਰ ਇਸਦਾ ਜ਼ਿਕਰ ਰਾਸ਼ੀ ਨਾਲ ਵੀ ਨਹੀਂ ਕਰ ਸਕਦਾ ਸਾਂ।

ਹੌਲ਼ੀ-ਹੌਲ਼ੀ ਮੈਂ ਨੋਟ ਕੀਤਾ ਕਿ ਮਾਂ 'ਚ ਹੁਣ ਕਾਫੀ ਬਦਲਾਅ ਆ ਗਿਆ ਹੈ। ਉਹ ਕਿੰਨਾ ਚਿਰ ਬਾਹਰ ਗੇਟ 'ਚ ਖੜ੍ਹੀ ਰਹਿੰਦੀ ਹੈ। ਗਲੀ ਦੇ ਇੱਧਰ-ਉੱਧਰ ਦੇਖਦੀ ਰਹਿੰਦੀ ਹੈ। ਜਿਵੇਂ ਕਿਸੇ ਦੀ ਤਲਾਸ਼ ਕਰ ਰਹੀ ਹੋਵੇ। ਕਿਸੇ ਦੀ ਉਡੀਕ 'ਚ ਖੜ੍ਹੀ ਹੋਵੇ। ਰਾਸ਼ੀ ਮੈਨੂੰ ਅਕਸਰ ਕਹਿੰਦੀ ਕਿ ਮਾਂ ਹੁਣ ਇਕੱਲੇ ਬਾਜ਼ਾਰ ਚਲੀ ਜਾਂਦੀ ਹੈ। ਮੈਨੂੰ ਇਹ ਸੁਣ ਹੈਰਾਨੀ ਹੁੰਦੀ ਕਿਉਂਕਿ ਮੈਂ ਪਹਿਲਾਂ ਜਦੋਂ ਮਾਂ ਨੂੰ ਬਾਜ਼ਾਰ ਜਾ ਕੇ ਖੁਦ ਚੀਜ਼ ਲਿਆਉਣ ਬਾਰੇ ਕਹਿੰਦਾ ਤਾਂ ਉਹ ਮਨ੍ਹਾ ਕਰ ਦਿੰਦੀ ਸੀ। ਮਾਂ ਰਾਸ਼ੀ ਨਾਲ ਕਈ ਵਾਰ ਸ਼ਾਪਿੰਗ ਲਈ ਚਲੀ ਜਾਂਦੀ ਤਾਂ ਉਹ ਆਪਣੀਆਂ ਸੋਚਾਂ 'ਚ ਡੁੱਬੀ ਰਹਿੰਦੀ। ਰਾਸ਼ੀ ਇਸ ਗੱਲ ਦਾ ਵੀ ਮੇਰੇ ਕੋਲ਼ ਗਿਲਾ ਕਰਦੀ।

ਰਾਸ਼ੀ ਚਲੀ ਗਈ ਤਾਂ ਮੈਂ ਕਈ ਵਾਰ ਮਾਂ ਨੂੰ ਫੋਨ ਕਰਦਾ। ਉਹਦਾ ਮੋਬਾਈਲ ਜ਼ਿਆਦਾ ਬਿਜ਼ੀ ਹੀ ਰਹਿੰਦਾ ਹੈ। ਉਹ ਮੇਰਾ ਫੋਨ ਘੱਟ ਹੀ ਅਟੈਂਡ ਕਰਦੀ। ਜੇ ਫੋਨ ਆਨ ਵੀ ਕਰਦੀ ਤਾਂ ਰਸਮੀ ਜਿਹੀ ਗੱਲ ਕਰ ਕੱਟ ਦਿੰਦੀ। ਮੈਂ ਮਾਂ ਦਾ ਮੋਬਾਈਲ ਦੇਖਣ ਦੀਆਂ ਜੁਗਤਾਂ ਬਣਾਉਂਦਾ ਰਹਿੰਦਾ ਸਾਂ ਪਰ ਮਾਂ ਫੋਨ ਦਾ ਜਿਵੇਂ ਵਿਸਾਹ ਹੀ ਨਾ ਖਾਂਦੀ ਸੀ। ਇਕ ਵਾਰ ਤਾਂ ਮੇਰੇ ਮਨ 'ਚ ਆਇਆ ਕਿ ਮੈਂ ਦਫ਼ਤਰ ਦੇ ਕਿਸੇ ਵਾਇਰਲੈੱਸ ਅਪਰੇਟਰ ਨੂੰ ਕਹਿ ਕੇ ਮਾਂ ਦਾ ਨੰਬਰ ਦੱਸ ਪਤਾ ਕਰਵਾਵਾਂ ਕਿ ਇਸ ਫੋਨ 'ਤੇ ਜ਼ਿਆਦਾ ਕਾਲਿੰਗ ਜਾਂ ਚੈਟ ਕਿਸ ਨੰਬਰ 'ਤੇ ਹੁੰਦੀ ਹੈ। ਪਰ ਫਿਰ ਇਹ ਸੋਚ ਕੇ ਨਮੋਸ਼ੀ ਦਾ ਸਾਹਮਣਾ ਹੀ ਕਰਨਾ ਪੈਂਦਾ ਸੀ ਮੈਨੂੰ।

ਹੁਣ ਰਾਸ਼ੀ ਤਾਂ ਮੁਹਾਲੀ ਡਿਊਟੀ 'ਤੇ ਚਲੀ ਗਈ। ਮੇਰਾ ਰਾਤ ਨੂੰ ਮਨ ਨਾ ਲੱਗਦਾ। ਮਾਂ ਬਾਰੇ ਸੋਚ ਸਾਰੀ ਰਾਤ ਕਸ਼ਮਕਸ਼ 'ਚ ਹੀ ਬਤੀਤ ਹੁੰਦੀ। ਮਾਂ ਕੋਲ਼ ਇਸ ਵਿਸ਼ੇ 'ਤੇ ਗੱਲ ਵੀ ਨਹੀਂ ਕਰ

ਸਕਦਾ ਸਾਂ ਮੈਂ।

ਪਰਸੋਂ ਮੈਨੂੰ ਮੌਕਾ ਮਿਲ ਗਿਆ। ਮਾਂ ਬਾਥਰੂਮ 'ਚ ਨਹਾਉਣ ਗਈ ਹੋਈ ਸੀ। ਮੈਂ ਮੋਬਾਈਲ ਚੁੱਕ ਦੁਕਾਨ ਵਾਲੇ ਮੁੰਡੇ ਕੋਲ਼ ਚਲਾ ਗਿਆ। ਲਾਕ ਦਾ ਪਤਾ ਕਰਵਾ ਲਿਆ। ਮੈਂ ਕਾਹਲ਼ੀ ਨਾਲ ਆ ਫਿਰ ਉਸੇ ਥਾਂ ਫੋਨ ਰੱਖ ਦਿੱਤਾ। ਮਾਂ ਰਾਤ ਨੂੰ ਸੁੱਤੀ ਸੀ ਤਾਂ ਮੈਂ ਫੋਨ ਚੁੱਕ, ਲਾਕ ਖੋਲ੍ਹ ਕੇ ਦੇਖਿਆ ਵਟਸਐਪ 'ਤੇ ਕਿੰਨੀ ਲੰਮੀ ਚੈਟ ਕੀਤੀ ਹੋਈ ਸੀ ਮਾਂ ਨੇ ਸੌਣ ਤੋਂ ਪਹਿਲਾਂ। ਮੈਂ ਡੀਪੀ ਦੇਖੀ। ਕੋਈ ਲਾਕੇਟ ਦੀ ਤਸਵੀਰ ਸੀ।

ਹੈਂ, ਇਹ ਤਾਂ ਮਾਂ ਦੇ ਗਲ਼ੇ 'ਚ ਪਾਇਆ ਹੁੰਦਾ ਹੈ।

'ਕਿਰਨਾ ਹੁਣ ਤਾਂ ਆਪਾਂ ਇਕੱਠਿਆਂ ਰਹਿ ਸਕਦੇ ਆਂ...ਤੇਰਾ ਮੁੰਡਾ ਵਿਆਹਿਆ ਗਿਆ...ਤੂੰ ਵੀ ਇਕੱਲੀ...ਤੇ ਮੈਂ ਵੀ...ਕਿੰਨਾ ਚਿਰ ਇਸ ਇਕੱਲਤਾ ਦੇ ਮਾਰੂਥਲ 'ਚ ਭਟਕਦੇ ਰਹਾਂਗੇ ਐਦਾਂ ਹੀ...!' ਮੈਂ ਦੇਖਿਆ ਇਹ ਤਾਂ ਗੁਰਮੇਲ ਅੰਕਲ ਸਨ...ਉਹੋ ਮੇਰੇ ਡੈਡੀ ਦੇ ਦੋਸਤ ਹਵਾਲਦਾਰ ਗੁਰਮੇਲ ਅੰਕਲ।

ਪਰ ਇਹ ਮਾਂ ਨਾਲ...

ਮੈਨੂੰ ਗੁਰਮੇਲ ਅੰਕਲ 'ਤੇ ਪਹਿਲਾਂ ਬੜਾ ਗ਼ੁੱਸਾ ਆਇਆ। ਫਿਰ ਤਰਸ ਵੀ ਆ ਗਿਆ, ਮਾਂ ਵਾਂਗ। ਉਹਨਾਂ ਦੀ ਪਤਨੀ ਆਪਣੇ ਬੱਚੇ ਲੈ ਕੇ ਵਿਦੇਸ਼ ਚਲੀ ਗਈ ਆਪਣੇ ਮਾਤਾ-ਪਿਤਾ ਕੋਲ਼। ਮੁੜ ਦੁਬਾਰਾ ਨਹੀਂ ਆਈ। ਨਾ ਬੱਚਿਆਂ ਨੇ ਕਦੇ ਮੁੜ ਕੇ ਕੋਈ ਗੱਲਬਾਤ ਕੀਤੀ। ਉਹ ਵੀ ਇਕੱਲੇ ਹੀ ਜ਼ਿੰਦਗੀ ਬਤੀਤ ਕਰਦੇ ਆ ਰਹੇ ਸਨ। ਅੰਕਲ ਨੇ ਦਾਰੂ ਪੀਣੀ ਸ਼ੁਰੂ ਕਰ ਦਿੱਤੀ। ਡਿਊਟੀ 'ਤੇ ਜਾਣਾ ਵੀ ਘੱਟ ਕਰ ਲਿਆ। ਨਾਲ ਦੇ ਕਰਮਚਾਰੀ ਹਾਜ਼ਰੀ ਲਗਾ ਦਿੰਦੇ ਕਈ ਵਾਰ। ...ਪਰ ਇਹ ਮਾਂ ਨਾਲ...। ਮੈਨੂੰ ਜਿਵੇਂ ਯਕੀਨ ਨਹੀਂ ਆ ਰਿਹਾ ਸੀ।

ਮਾਂ ਨੇ ਕਦੇ ਇਸ ਤਰ੍ਹਾਂ ਦਾ ਪਹਿਲਾਂ ਮੈਨੂੰ ਸ਼ੱਕ ਨਹੀਂ ਸੀ ਪੈਣ ਦਿੱਤਾ ਸੀ। ਉਹ ਤਾਂ ਬੜੀ ਭੋਲ਼ੀ-ਭਾਲ਼ੀ, ਚੁੱਪ ਜਿਹੀ ਰਹਿੰਦੀ ਸੀ। ਸਿਸਕੀਆਂ ਭਰਦੀ। ਰਾਤ ਨੂੰ ਤੇਜ਼-ਤੇਜ਼ ਸਾਹ ਲੈਂਦੀ।....

ਹੁਣ ਮੈਂ ਮੁਹਾਲੀ ਬਦਲੀ ਕਰਵਾ ਰਿਹਾ ਹਾਂ। ਰਾਸ਼ੀ ਨਾਲ ਰਹਿਣ ਲਈ। ਮਾਂ ਨੂੰ ਦੱਸਿਆ ਤਾਂ ਜਿਵੇਂ ਉਹ ਖੁਸ਼ ਹੋ ਗਈ ਹੋਵੇ-'ਹਾਂ, ਤੈਨੂੰ ਉੱਥੇ ਹੀ ਰਹਿਣਾ ਚਾਹੀਦਾ ਏ ਪੁੱਤਰ...ਰਾਸ਼ੀ ਕੋਲ....।' ਉਸਦੇ ਜਵਾਬ 'ਚੋਂ ਪਹਿਲਾਂ ਵਰਗੀ ਉਦਾਸੀ ਦਿਖਾਈ ਨਾ ਦਿੱਤੀ ਮੈਨੂੰ।

ਕੁਝ ਦਿਨਾਂ ਤੋਂ ਮੈਂ ਇਸੇ ਦੁਬਿਧਾ 'ਚ ਹਾਂ। ਮਾਂ ਦੀ ਜ਼ਿੰਦਗੀ ਬਾਰੇ ਸੋਚਦਾ ਰਹਿੰਦਾ ਹਾਂ। ਉਹਦੀ ਨੀਰਸ ਜ਼ਿੰਦਗੀ ਮੇਰੇ ਅੱਗੇ ਹੈ। ਮਾਂ ਦੀ ਉਮਰ ਵੀ ਕੀ ਹੈ, ਮਸਾਂ ਪੰਤਾਲੀਆਂ ਦੀ....ਅਠਾਰਾਂ ਦੀ ਸੀ, ਜਦੋਂ ਵਿਆਹ ਹੋ ਗਿਆ। ਮਾਂ ਬਾਰੇ ਸੋਚ ਮੇਰੀਆਂ ਅੱਖਾਂ ਹੰਝੂਆਂ ਨਾਲ ਭਰਦੀਆਂ ਜਾ ਰਹੀਆਂ ਹਨ। ਮਾਂ ਨੇ ਮੇਰੇ ਲਈ ਆਪਣੇ ਕਿੰਨੇ ਅਰਮਾਨਾਂ ਦਾ ਕਤਲ ਕੀਤਾ ਹੋਵੇਗਾ। ਮੇਰਾ ਵੀ ਤਾਂ ਫਰਜ਼ ਬਣਦਾ ਹੈ ਕੋਈ।

ਉੱਠ ਕੇ ਮਾਂ ਦੇ ਕਮਰੇ ਵੱਲ ਆ ਗਿਆ ਹਾਂ। ਦੇਖਦਾਂ ਮਾਂ ਬੈੱਡ 'ਤੇ ਲੇਟੀ ਹੋਈ ਹੈ। ਮੈਂ ਕੋਲ਼ ਆ ਉਸਦੇ ਪੈਰਾਂ ਕੋਲ਼ ਬੈਠ ਗਿਆ ਹਾਂ-- "ਮਾਂ ਤੂੰ ਗੁਰਮੇਲ ਅੰਕਲ ਨਾਲ ਵਿਆਹ ਕਰਵਾ ਲੈ...ਮੈਂ ਰਾਸ਼ੀ ਨੂੰ ਵੀ ਮਨਾ ਲਵਾਂਗਾ...ਤੂੰ ਕਾਸੇ ਦੀ ਚਿੰਤਾ ਨਾ ਕਰ...।"

ਮੈਂ ਬੋਲੀ ਜਾ ਰਿਹਾ ਹਾਂ ਪਰ ਮਾਂ ਦੇ ਚਿਹਰੇ 'ਤੇ ਉਦਾਸੀ ਫਿਰ ਫੈਲ ਗਈ ਹੈ। ਜਿਵੇਂ ਮੈਂ ਉਸਦਾ ਕਿੰਨਾ ਪੁਰਾਣਾ ਰਾਜ਼ ਉਸਦੇ ਸਾਹਮਣੇ ਉਜਾਗਰ ਕਰ ਦਿੱਤਾ ਹੋਵੇ। 000

***(ਚੰਦ ਚਹਿਲ ਸਟਰੀਟ, ਨੇੜੇ ਬੱਸ ਸਟੈਂਡ, ਦਾਨੀ ਮੈਡਮ ਵਾਲੀ ਗਲੀ,***
***ਵਾਰਡ ਨੰਬਰ 4, ਮਾਨਸਾ-151505 ਫੋਨ: 98720-92101)***

# ਸ਼ਾਂਤੀ ਬਹਾਲ: ਕਹਾਣੀ: ਮੇਜਰ ਮਾਂਗਟ

"ਵਿੱਚ ਕੰਟਰੀ ਯੂ ਫਰੌਮ?" ਮੈਂ ਨੋਲਾ ਨੂੰ ਪੁੱਛਿਆ।

"ਸਾਊਥ ਕੋਰੀਆ"

ਤੇ ਫੇਰ ਉਹ ਆਪਣਾ ਪਿਛੋਕੜ ਦੱਸਣ ਲੱਗ ਪਿਆ। ਉਸਦਾ ਦਾਦਾ ਕੋਈ ਪੰਜਾਹ ਕੁ ਸਾਲ ਪਹਿਲਾਂ ਅਮਰੀਕਾ ਆਇਆ ਸੀ। ਇਹ ਉਸ ਨਾਲ ਮੇਰੀ ਪਹਿਲੀ ਗੱਲਬਾਤ ਸੀ। ਮਿਲਦੇ ਤਾਂ ਅਸੀਂ ਇਕ ਸਾਲ ਤੋਂ ਆ ਰਹੇ ਸਾਂ, ਪਰ ਕਦੇ ਗੱਲਬਾਤ ਨਹੀਂ ਸੀ ਹੋਈ।

"ਸਕਿਉਰਟੀ ਦੀ ਜੌਬ ਕਿੰਨੀ ਦੇਰ ਕੀਤੀ?" ਮੈਂ ਉਸ ਨੂੰ ਅਗਲਾ ਸਵਾਲ ਪੁੱਛਿਆ।

"ਟੂ ਈਅਰਜ਼"

ਮੈਂ ਜਿੰਨਾ ਕੁ ਸਵਾਲ ਪੁੱਛਦਾ, ਉਹ ਉਨਾਂ ਕੁ ਜਵਾਬ ਦੇ ਦਿੰਦਾ। ਪਿਛਲੇ ਸਾਲ ਉਹ ਕਾਸਟਾ ਅਤੇ ਗਾਰਡਾ ਦੋਨੋਂ ਮਸ਼ਹੂਰ ਸਕਿਉਰਟੀ ਕੰਪਨੀਆਂ ਨਾਲ ਕੰਮ ਕਰਦਾ ਰਿਹਾ ਸੀ। ਜਿਨ੍ਹਾਂ ਕੋਲ਼ ਟੋਰਾਂਟੋ ਦੇ ਪੀਅਰਸਨ ਅੰਤਰਾਸ਼ਟਰੀ ਹਵਾਈ ਅੱਡੇ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਸੀ। ਕੁੱਝ ਸਮਾਂ ਉਸਦੀ ਡਿਊਟੀ ਗੇਟ ਨੰਬਰ 315 'ਤੇ ਸੀ, ਜਿੱਥੋਂ ਅਕਸਰ ਅਸੀਂ ਲੰਘਦੇ ਸੀ। ਮੇਰੀ ਉਸ ਨਾਲ ਜਾਣ ਪਛਾਣ ਹੋ ਗਈ ਸੀ।

ਮੈਂ ਜਾਣਿਆ ਕਿ ਨੋਲਾ ਇਕ ਹੁਕਮ ਵਿਚ ਰਹਿਣ ਵਾਲਾ ਬੰਦਾ ਹੈ, ਕਾਇਦੇ ਕਾਨੂੰਨ ਦੀ ਪਾਲਣਾ ਕਰਨ ਵਾਲਾ। ਜਦੋਂ ਦਾ ਉਹ ਸਾਡੀ ਕੰਪਨੀ ਵਿਚ ਆਇਆ ਸੀ, ਏਥੇ ਵੀ ਉਸਦੇ ਉਹ ਹੀ ਅਸੂਲ ਸਨ। ਨਾ ਤਾਂ ਉਹ ਕੰਮ ਵਤੇ ਕਦੇ ਲੇਟ ਹੁੰਦਾ ਤੇ ਨਾ ਹੀ ਕੰਮ ਤੋਂ ਜੀਅ ਚੁਰਾਉਂਦਾ। ਕੰਮ ਤੇ ਵਾਧੂ ਗੱਲਾਂ ਕਰਨੀਆਂ ਜਾਂ ਫੋਨ ਦੇਖੀ ਜਾਣਾ ਵੀ ਉਸ ਨੂੰ ਚੰਗਾ ਨਹੀਂ ਸੀ ਲੱਗਦਾ।

ਹੁਣ ਏਅਰ ਕਰਾਫਟ ਮੇਨਟੀਨੈਂਸ ਵਿਭਾਗ ਵਿਚ ਉਸਦੀ ਪ੍ਰੋਬੇਸ਼ਨ ਪੂਰੀ ਹੋ ਚੁੱਕੀ ਸੀ। ਮਕੈਨੀਕਲ ਬੈਕਰਾਊਂਡ ਹੋਣ ਕਾਰਨ ਹੀ ਉਹ ਮੇਨਟੀਨੈਂਸ ਵਿਚ ਆਇਆ ਸੀ। ਤੇ ਹੁਣ ਉਸ ਨੂੰ ਆਪ ਵੀ ਉਸੇ ਸਕਿਉਰਟੀ ਵਿਚੋਂ ਲੰਘਣਾ ਪੈਂਦਾ ਸੀ। ਉਸ ਦੀ ਟੀਮ ਮੇਰੇ ਨਾਲ ਬਣੀ ਸੀ। ਹੌਲ਼ੀ ਹੌਲ਼ੀ ਉਹ ਮੇਰੇ ਨਾਲ ਖੁੱਲ੍ਹਣ ਲੱਗ ਪਿਆ।

"ਅਮਰੀਕਾ ਆਉਣਾ ਕਿਵੇਂ ਹੋਇਆ ਸੀ?" ਇਕ ਦਿਨ ਮੈਂ ਉਤਸੁਕਤਾ ਨਾਲ ਪੁੱਛਿਆ।

ਜਦੋਂ ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਲੜ ਰਹੇ ਸਨ, ਤਾਂ ਵੱਡੀਆਂ ਤਾਕਤਾਂ ਵੀ ਧਿਰ ਬਣ ਗਈਆਂ ਸਨ। ਉਦੋਂ ਅਮਰੀਕਾ ਦੱਖਣੀ ਕੋਰੀਆ ਨਾਲ ਖੜ੍ਹ ਗਿਆ। ਮੇਰੇ ਪਿਤਾ ਨੂੰ ਉਦੋਂ ਅਮਰੀਕਨ ਫੌਜਾਂ ਨਾਲ ਮਿਲ ਕੇ ਕੰਮ ਕਰਨਾ ਪਿਆ ਸੀ। ਉਦੋਂ ਹੀ ਇਕ ਅਮਰੀਕਨ ਨੇਵੀ ਕਮਾਂਡਰ ਨੇ ਮੇਰੇ ਪਿਤਾ ਨੂੰ ਅਮਰੀਕਾ ਆ ਕੇ ਵਸਣ ਦੀ ਸਲਾਹ ਦਿੱਤੀ ਸੀ। ਤੇ ਫੇਰ ਉਹ ਜੰਗ ਬੰਦੀ ਤੋਂ ਬਾਅਦ ਪਰਿਵਾਰ ਸਮੇਤ ਅਮਰੀਕਾ ਆ ਗਿਆ ਸੀ।

"ਫੇਰ ਕੈਨੇਡਾ ਕਦੋਂ ਆਇਆ?" ਮੈਂ ਅਗਲਾ ਸਵਾਲ ਕਰ ਦਿੱਤਾ।

"ਮੇਰੀ ਪੜ੍ਹਾਈ ਤਾਂ ਮਕੈਨੀਕਲ ਇੰਜਨੀਅਰਿੰਗ ਦੀ ਹੈ, ਪਰੰਤੂ ਮੈਂ ਕਈ ਸਾਲ ਯੂਨਾਈਟਿਡ ਨੇਸ਼ਨ ਨਾਲ, ਪੀਸ ਕੀਪਰ ਦੀ ਜੌਬ ਕਰਦਾ ਰਿਹਾ ਹਾਂ। ਫੇਰ ਦਿਮਾਗ਼ੀ ਪਰੇਸ਼ਾਨੀ ਕਾਰਨ ਇਹ ਜੌਬ ਮੈਨੂੰ ਛੱਡਣੀ ਪੈ ਗਈ। ਕੈਨੇਡਾ ਆਉਣ ਦਾ ਇਕ ਕਾਰਨ ਇਹ ਵੀ ਸੀ।

ਕੁੱਝ ਦੇਰ ਰੁਕ ਕੇ ਉਹ ਫੇਰ ਬੋਲਿਆ, "ਅਮਰੀਕਾ ਰਹਿੰਦਿਆਂ ਮੈਨੂੰ ਬਹੁਤ ਬੇਚੈਨੀ ਹੋਣ ਲੱਗ ਪਈ ਸੀ, ਮੈਂ ਡੀਪਰੈਸ਼ਨ ਵਿਚ ਚਲਾ ਗਿਆ ਸਾਂ। ਡਾਕਟਰ ਨੇ ਕਿਹਾ ਸੀ ਕਿ ਮੈਂ ਜਗ੍ਹਾ ਬਦਲ ਲਵਾਂ। ਮੇਰੇ ਲਈ ਜਾਂ ਸਾਊਥ ਕੋਰੀਆ ਜਾ ਕੇ ਵਸਣ ਦਾ ਰਾਹ ਸੀ ਤੇ ਜਾਂ ਕੈਨੇਡਾ। ਉਦੋਂ ਹੀ ਮੈਂ

ਕੈਨੇਡਾ ਵਾਸਤੇ ਵਰਕ ਪਰਮਿਟ ਲਈ ਅਪਲਾਈ ਕਰ ਦਿੱਤਾ, ਜੋ ਮੈਨੂ ਉਸੇ ਸਾਲ ਮਿਲ ਗਿਆ। ਤੇ ਬੱਸ ਮੈਂ ਕੈਨੇਡਾ ਆ ਗਿਆ।"

ਮੈਂ ਮਹਿਸੂਸ ਕੀਤਾ ਕਿ ਨੋਲਾ ਗੱਲਾਂ ਕਰਦਾ ਕਰਦਾ, ਅਜੇ ਵੀ ਕਦੇ ਕਦੇ ਤਨਾਅ ਵਿਚ ਆ ਜਾਂਦਾ ਹੈ। ਮੈਨੂੰ ਲੱਗਿਆ ਕਿ ਕੁੱਝ ਗੱਲਾਂ ਉਹ ਮੇਰੇ ਤੋਂ ਲੁਕਾ ਰਿਹਾ ਏ। ਗੱਲਾਂ ਕਰਦਾ ਕਰਦਾ ਉਹ ਚੁੱਪ ਕਰ ਜਾਂਦਾ, ਜਿਵੇਂ ਕੁੱਝ ਕਹਿਣ ਤੋਂ ਡਰਦਾ ਹੋਵੇ। ਇਕ ਦਿਨ ਤਾਂ ਉਹ ਕਹਿ ਹੀ ਬੈਠਿਆ ਕਿ, ਪੀਸ ਕੀਪਰ ਦੀ ਨੌਕਰੀ ਸਮੇਂ ਉਸ ਦੀ ਤਾਇਨਾਤੀ ਇਰਾਕ ਅਤੇ ਅਫ਼ਗਾਨਸਤਾਨ ਵਿਚ ਵੀ ਰਹੀ ਹੈ। ਤਾਂ ਮੇਰੇ ਕੰਨ ਖੜ੍ਹੇ ਹੋ ਗਏ। ਉਸ ਦੇ ਅੰਦਰੋਂ ਬਹੁਤ ਕੁੱਝ ਕਢਵਾਇਆ ਜਾ ਸਕਦਾ ਸੀ। ਉਸ ਦੇ ਅੰਦਰ ਢੇਰਾਂ ਦੇ ਢੇਰ ਘਟਨਾਵਾਂ ਹੋਣਗੀਆਂ, ਜੋ ਉਸ ਨੂੰ ਪਰੇਸ਼ਾਨ ਕਰੀਂ ਰੱਖਦੀਆਂ। ਨੋਲਾ ਦੇ ਬਦਲਦੇ ਵਰਤਾਰਿਆਂ ਨੂੰ ਸਮਝਣ ਲਈ, ਮੈਂ ਉਸਦੇ ਅੰਦਰ ਉੱਤਰਨ ਦਾ ਫੈਸਲਾ ਕੀਤਾ। ਫੇਰ ਹੌਲ਼ੀ ਹੌਲ਼ੀ ਉਸ ਦੇ ਮਨ ਨੂੰ ਸੰਨ੍ਹ ਲਾਉਣ ਵਿਚ ਸਫਲ ਵੀ ਹੋ ਗਿਆ।

"ਮੇਰਾ ਪਿਤਾ ਕੋਰੀਅਨ ਫੌਜ ਵਿਚ ਸਾਰਜੈਂਟ ਸੀ। ਜਦੋਂ ਸਨ 1950 ਵਿਚ ਯੈਲੋ ਸੀਅ ਕਿਨਾਰੇ, ਕੋਰੀਅਨ ਪੈਨਸੂਆਲਾ 'ਤੇ 25 ਜੂਨ ਤੋਂ 27 ਜੁਲਾਈ ਤਕ ਲਗਪਗ ਇਕ ਮਹੀਨਾ ਘਮਸਾਣ ਦੀ ਲੜਾਈ ਹੋਈ ਤਾਂ ਉਹ ਅਮਰੀਕਨ ਫੌਜਾਂ ਨਾਲ ਮਿਲ ਕੇ ਬਾਗ਼ੀਆਂ ਖਿਲਾਫ ਲੜਿਆ। ਉਸ ਨੂੰ ਅਮਰੀਕਾ ਨੇ ਕਈ ਸਨਮਾਨਾਂ ਨਾਲ ਨਿਵਾਜਿਆ ਤੇ ਅਮਰੀਕਾ ਵਸਣ ਦੀ ਪੇਸ਼ਕਸ਼ ਕੀਤੀ। ਜਦੋਂ ਕੋਰੀਆ ਦੋ ਭਾਗਾਂ ਵਿਚ ਵੰਡਿਆ ਗਿਆ, ਤਾਂ ਮੇਰੇ ਪਿਤਾ ਨੇ ਫੌਜ ਛੱਡ ਕੇ ਅਮਰੀਕਾ ਵਸਣ ਦਾ ਮਨ ਬਣਾ ਲਿਆ।"

ਉਹ ਮੈਨੂੰ ਆਪਣੀ ਕਹਾਣੀ ਸੁਣਾਉਂਦਾ ਰਿਹਾ। ਜਦੋਂ ਵੀ ਵਕਤ ਮਿਲਦਾ ਤਾਂ ਉਹ ਅਗਲੀ ਕੜੀ ਜੋੜ ਲੈਂਦਾ।

"ਮੈਂ ਤਿੰਨ ਭਰਾਵਾਂ ਵਿਚ ਸਭ ਤੋਂ ਛੋਟਾ ਹਾਂ। ਮੇਰਾ ਜਨਮ 1975 ਦਾ ਹੈ। ਜਦੋਂ ਮੈਂ ਵੱਡਾ ਹੋਇਆ ਤਾਂ ਮੇਰਾ ਪਿਤਾ ਚਾਹੁੰਦਾ ਸੀ ਕਿ ਮੈਂ ਅਮਰੀਕਨ ਫੌਜ ਵਿਚ ਭਰਤੀ ਹੋ ਜਾਵਾਂ ਤੇ ਮੈਨੂੰ ਵੀ ਠੀਕ ਲੱਗਿਆ। ਸਾਲ 1995 ਵਿਚ ਮੈਂ ਅਮਰੀਕਨ ਫੌਜ ਵਿਚ ਭਰਤੀ ਹੋ ਗਿਆ। ਟ੍ਰੇਨਿੰਗ ਲਈ ਅਤੇ ਹਥਿਆਰ ਚਲਾਉਣੇ ਸਿੱਖੇ। ਫੇਰ ਮੈਂ ਹੁਕਮ ਵਿਚ ਬੱਝਾ ਸੈਨਿਕ ਬਣ ਗਿਆ। ਮੇਰਾ ਪਿਤਾ ਤਾਂ ਬਹੁਤ ਖੁਸ਼ ਸੀ, ਪਰ ਮਾਂ ਨਹੀਂ ਸੀ ਚਾਹੁੰਦੀ ਕਿ ਮੈਂ ਫੌਜ ਵਿਚ ਜਾਵਾਂ। ਮਾਂ ਦਾ ਦਿਹਾਂਤ ਸਨ 2000 ਵਿਚ ਹੋ ਗਿਆ। ਜੋ ਮੇਰੇ ਲਈ ਪਹਿਲੀ ਵੱਡੀ ਸੱਟ ਸੀ।"

ਮੈਂ ਉਸਦੀਆਂ ਗੱਲਾਂ ਦੇ ਹੁੰਘਾਰੇ ਭਰਦਾ ਤੇ ਮਨ 'ਚੋਂ ਉੱਠਦੇ ਸਵਾਲ ਰੱਖਦਾ।

"ਜਦੋਂ ਸਨ 2001 ਵਿਚ ਟਵਿੱਨ ਟਾਵਰਾਂ 'ਤੇ ਹਮਲਾ ਹੋਇਆ ਤੇ ਹਜ਼ਾਰਾਂ ਲੋਕ ਮਾਰੇ ਗਏ। ਉੱਥੇ ਜੋ ਨੈਸ਼ਨਲ ਗਾਰਡ ਮੱਦਦ ਲਈ ਭੇਜੇ ਗਏ ਉਨ੍ਹਾਂ ਵਿਚ ਮੈਂ ਵੀ ਸੀ। ਅਸੀਂ ਮਲਬੇ ਹੇਠ ਦੱਬੀਆਂ ਲਾਸ਼ਾਂ ਕੱਢਦੇ ਰਹੇ। ਲੋਕਾਂ ਦਾ ਦਰਦ ਧੁਰ ਅੰਦਰ ਤਕ ਚੀਰ ਗਿਆ। ਮੇਰਾ ਮਨ ਪਸੀਜਿਆ ਗਿਆ। ਕਈ ਵਾਰ ਮੇਰੀਆਂ ਭੁੱਬਾਂ ਨਿੱਕਲ ਜਾਂਦੀਆਂ। ਆਫੀਸਰ ਕਹਿੰਦੇ ਇਕ ਸੈਨਿਕ ਨੂੰ ਭਾਵੁਕ ਨਹੀਂ ਹੋਣਾ ਚਾਹੀਦਾ, ਇਹ ਉਸਦੀ ਕਮਜ਼ੋਰੀ ਹੁੰਦਾ ਹੈ।" ਇਹ ਦੱਸਦਾ ਨੋਲਾ ਅੱਖਾਂ ਵੀ ਭਰ ਲੈਂਦਾ।

"ਮੈਂ ਸਕੂਲ ਤੋਂ ਹੀ ਵਲੰਟੀਅਰ ਵਰਕ ਕਰਦਾ ਰਿਹਾ ਹਾਂ। ਜਦੋਂ ਯੂਨੈਸਕੋ ਨੇ ਦੁਨੀਆਂ ਭਰ ਤੋਂ ਪੀਸ ਕੀਪਰ ਲੈਣੇ ਸਨ, ਤਾਂ ਆਪਣੀ ਯੂਨਿਟ ਵਿਚੋਂ ਮੈਂ ਵੀ ਅਪਲਾਈ ਕਰ ਦਿੱਤਾ ਤੇ ਸਿਲੈਕਟ ਹੋ ਗਿਆ। ਬੱਸ ਫੇਰ ਮੇਰਾ ਅਗਲਾ ਜੀਵਨ ਯੁਨੈਸਕੋ ਦੇ ਪੀਸ ਕੀਪਰ ਵਜੋਂ ਕਈ ਦੇਸ਼ਾਂ ਵਿਚ ਗੁਜ਼ਰਿਆ। ਮੈਂ ਖੁਸ਼ ਸਾਂ, ਨਵੇਂ ਚੈਲਿੰਜ ਜ਼ਰੂਰ ਸਨ, ਪਰ ਨਵੇਂ ਅਨੁਭਵ ਵੀ ਸਨ। ਕੋਈ ਪੱਕਾ ਠਿਕਾਣਾ ਨਹੀਂ ਸੀ। ਤੇ ਫੇਰ ਸਾਨੂੰ ਨਾਟੋ ਫੋਜਾਂ ਨਾਲ ਜੋੜ ਦਿੱਤਾ ਗਿਆ।"

"ਇਹ ਨਾਟੋ ਸੈਨਾਵਾਂ ਕੀ ਹੁੰਦੀਆਂ ਨੇ?" ਮੈਂ ਅਗਲਾ ਪ੍ਰਸ਼ਨ ਕੀਤਾ।

"ਨੌਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ" ਇਸਦਾ ਪੂਰਾ ਨਾਂ ਹੈ। ਇਸ ਵਿਚ ਉੱਤਰੀ ਅਮਰੀਕਾ ਤੋਂ ਇਲਾਵਾ ਯੂਰਪ ਦੇ ਉਣੱਤੀ ਦੇਸ਼ ਸ਼ਾਮਲ ਨੇ। ਜਦੋਂ ਇਨ੍ਹਾਂ ਦੇਸ਼ਾਂ ਵਿਚੋਂ ਕਿਸੇ 'ਤੇ ਵੀ ਬਿਪਤਾ ਪੈਂਦੀ ਹੈ, ਜਾਂ ਕਿਸੇ 'ਤੇ ਕੋਈ ਹਮਲਾ ਹੋ ਜਾਂਦਾ ਹੈ, ਤਾਂ ਇਹ ਸਾਰੇ ਦੇਸ਼ ਇਕੱਠੇ ਹੋ ਕੇ ਕਾਰਵਾਈ ਕਰਦੇ ਨੇ। ਅਗਰ ਕੋਈ ਦੇਸ਼ ਯੂ ਐੱਨ ਓ ਦੇ ਨਿਯਮਾਂ ਦੀ ਉਲੰਘਣਾ ਕਰੇ ਜਾਂ ਦੂਸਰੇ ਦੇਸ਼ਾਂ ਲਈ ਖਤਰਾ ਬਣੇ, ਤਾਂ ਵੀ ਨਾਟੋ ਸੈਨਾਵਾਂ ਉਸ ਦੇਸ਼ ਦੇ ਖਿਲਾਫ ਕਾਰਵਾਈ ਕਰਦੀਆਂ ਨੇ" ਉਸ ਨੇ ਮੈਨੂੰ ਵਿਸਥਾਰ ਨਾਲ ਦੱਸਿਆ।

ਵਿਸ਼ਾ ਦਿਲਚਸਪ ਸੀ। ਉਸ ਦੀਆਂ ਗੱਲਾਂ ਸੁਣ ਕੇ ਮੇਰੀ ਦਿਲਚਸਪੀ ਹੋਰ ਵੀ ਵਧ ਗਈ। ਉਸ ਦੀਆਂ ਦੋ ਬੇਟੀਆਂ ਤੇ ਪਤਨੀ ਸੀ। ਸਕਿਉਰਟੀ ਕਰਮਚਾਰੀਆਂ ਵਿਚ ਉਹ ਸਭ ਤੋਂ ਵੱਖਰਾ ਸੀ, ਹੱਸਮੁੱਖ ਅਤੇ ਸਲੀਕੇ ਨਾਲ ਪੇਸ਼ ਆਉਣ ਵਾਲਾ। ਉਹ ਹੱਸਦਿਆਂ ਹੱਸਦਿਆਂ ਹੱਥ ਸਕੈਨ ਕਰਦਾ, ਮੈਟਲ ਡੀਟੈਕਟਰ ਘੁੰਮਾਉਂਦਾ। ਦੇਖਣ ਨੂੰ ਉਹ ਸਾਧਾਰਨ ਲੱਗਦਾ ਪਰ ਨਜ਼ਰਾਂ ਬਾਜ਼ ਦੀ ਅੱਖ ਵਰਗੀਆਂ। ਉਸ ਕੋਲ਼ ਏਅਰਪੋਰਟ ਨਾਲ ਸੰਬੰਧਤ ਬਹੁਤ ਸਾਰੇ ਪਛਾਣ ਪੱਤਰ ਅਤੇ ਅਨੁਭਵ ਹੋਣ ਕਾਰਨ ਉਹ ਸਹਿਜੇ ਹੀ ਮੇਰੀ ਕੰਪਨੀ ਵਿਚ ਰੱਖਿਆ ਗਿਆ।

ਮੈਂ ਉਸ ਨੂੰ ਆਪਣੇ ਵਿਭਾਗ ਵਿਚ ਵੇਖ ਕੇ ਹੈਰਾਨ ਹੋਇਆ। ਉਹ ਤਾਂ ਮੇਰੀ ਹੀ ਟੀਮ ਵਿਚ ਆ ਗਿਆ ਸੀ। ਅਸੀਂ ਏਅਰਕਰਾਫਟ ਵਿਚ ਮੇਨਟੀਨੈਂਸ ਨਾਲ ਸੰਬੰਧਤ ਕੰਮ ਕਰਦੇ। ਜਦੋਂ ਕੋਈ ਅਸਾਈਨਮੈਂਟ ਨਾ ਹੁੰਦੀ ਜਾਂ ਬਰੇਕ ਮਿਲਦੀ ਤਾਂ ਅਸੀ ਗੱਲਾਂ ਛੇੜ ਕੇ ਬਹਿ ਜਾਂਦੇ। ਅਸੀਂ ਇਕ ਦੂਜੇ ਨਾਲ ਆਪਣਾ ਪਿਛੋਕੜ ਸਾਂਝਾ ਕਰਦੇ। ਸਾਡੇ ਵਿਸ਼ੇ ਅੰਤਰ ਰਾਸ਼ਟਰੀ ਸਮੱਸਿਆਵਾਂ ਦੁਆਲ਼ੇ ਘੁੰਮਦੇ ਰਹਿੰਦੇ। ਕਈ ਵਾਰ ਅਸੀਂ ਦੂਸਰੇ ਮੁਲਕਾਂ ਦੀਆਂ ਗੱਲਾਂ ਕਰਦੇ। ਕਈ ਹੋਰ ਲੋਕ ਵੀ ਸਾਡੇ ਨਾਲ ਸ਼ਾਮਲ ਹੋ ਜਾਂਦੇ।

"ਫੇਰ ਮੇਰੀ ਪੋਸਟਿੰਗ ਬਗ਼ਦਾਦ ਦੀ ਹੋ ਗਈ। ਇਹ ਸਾਲ 2007 ਦੀ ਗੱਲ ਹੈ। ਸੱਦਾਮ ਹੁਸੈਨ ਨੂੰ ਫਾਂਸੀ ਚੜ੍ਹਾਇਆ ਜਾ ਚੁੱਕਾ ਸੀ। ਅਮਰੀਕਾ ਨੇ ਇਰਾਕ 'ਤੇ ਜ਼ਬਰਦਸਤ ਹਮਲੇ ਕੀਤੇ ਸਨ। ਮਿਜ਼ਾਈਲਾਂ ਡਿੱਗਦੀਆਂ ਤਾਂ ਤੁਸੀਂ ਵੀ ਵੇਖੀਆਂ ਹੋਣਗੀਆਂ। ਇਰਾਕ ਨੂੰ ਢਾਹ ਢੇਰੀ ਕਰ ਦਿੱਤਾ ਗਿਆ ਸੀ। ਬਰਬਾਦੀ ਤੋਂ ਬਾਅਦ ਉੱਥੇ ਮੁੜ ਉਸਾਰੀ ਅਮਰੀਕਾ ਦੀ ਨਿਗਰਾਨੀ ਹੇਠ ਹੋ ਰਹੀ ਸੀ। ਯੂਨੈਸਕੋ ਨੇ ਉੱਥੇ ਪੀਸ ਕੀਪਰ ਭੇਜਣ ਦਾ ਐਲਾਨ ਕੀਤਾ। ਜਿਨ੍ਹਾਂ ਵਿਚ ਮੇਰੀ ਵੀ ਚੋਣ ਹੋ ਗਈ।"

ਉਸ ਨੇ ਕੋਈ ਅਣਲਿਖਿਆ ਇਤਿਹਾਸ ਫਰੋਲ ਲਿਆ। ਅਜਿਹੀਆਂ ਕਹਾਣੀਆਂ ਕਿਤਾਬਾਂ ਜਾਂ ਟੀ ਵੀ ਚੈਨਲਾਂ ਤੋਂ ਨਹੀਂ ਮਿਲਦੀਆਂ।

"ਜਿਸ ਬੰਦੇ ਨੂੰ ਮੁੜ ਸੱਤਾ ਸੰਭਾਲ਼ੀ, ਉਹ ਅਮਰੀਕਾ ਦੀ ਕਠਪੁਤਲੀ ਸੀ। ਇਹ ਬੰਦਾ ਇਕ ਸ਼ੀਆ ਮੁਸਲਮਾਨ ਸੀ, ਜਿਸ ਨੇ ਸੁੰਨੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸ਼ੀਆ, ਸੁੰਨੀ ਅਤੇ ਕੁਰਦਾਂ ਦੀ ਤਿਕੋਨੀ ਟੱਕਰ ਜਾਰੀ ਹੋ ਚੁੱਕੀ ਸੀ। ਪਹਿਲਾਂ ਬੰਬਾਂ ਕਾਰਨ ਤੇ ਫੇਰ ਆਤਮਘਾਤੀ ਹਮਲਿਆਂ ਕਾਰਨ ਲੋਕ ਮਰਨੇ ਸ਼ੁਰੂ ਹੋ ਗਏ। ਜਦੋਂ ਅਸੀਂ ਬਗਦਾਦ ਜਾ ਕੇ ਉੱਤਰੇ ਤਾਂ ਹਰ ਪਾਸੇ ਹੀ ਅਫਰਾ-ਤਫਰੀ ਸੀ।"

ਮੈਂ ਨੋਲਾ ਨਾਲ ਇਕ ਦਿਨ ਗੱਲ ਕਰ ਰਿਹਾ ਸੀ, ਤਾਂ ਦੋ ਤਿੰਨ ਬੰਦੇ ਹੋਰ ਸਾਡੀ ਗੱਲਬਾਤ ਵਿਚ ਸ਼ਾਮਲ ਹੋ ਗਏ। ਇਕ ਔਰਤ ਪੁੱਛ ਰਹੀ ਸੀ ਕਿ

"ਅਮਰੀਕਨ ਸੈਨਿਕਾਂ ਦਾ ਇਰਾਕ ਦੇ ਸਾਧਾਰਨ ਲੋਕਾਂ ਨਾਲ ਕਿਹੋ ਜਿਹਾ ਵਿਵਹਾਰ ਸੀ?"

ਇਸ ਪ੍ਰਸ਼ਨ ਨੂੰ ਸੁਣਦਿਆਂ ਹੀ ਨੋਲਾ ਨੂੰ ਕੰਬਣੀ ਛਿੜ ਗਈ।

"ਇਹੋ ਤਾਂ ਵਜ੍ਹਾ ਸੀ ਕਿ ਮੈਨੂੰ ਪੀਸ ਕੀਪਰ ਦੀ ਨੌਕਰੀ ਛੱਡਣੀ ਪਈ।"

ਉਹਨੇ ਜ਼ੋਰਦਾਰ ਮੁੱਕਾ ਸਾਹਮਣੇ ਪਏ ਟੇਬਲ 'ਤੇ ਮਾਰਿਆ ਅਤੇ ਕਚੀਚੀ ਵੱਟੀ।

"ਜੋ ਕੁੱਝ ਤੁਹਾਨੂੰ ਦਿਖਾਇਆ ਜਾਂਦਾ ਏ, ਇਹ ਜ਼ਰਾ ਜਿੰਨਾ ਵੀ ਸੱਚ ਨਹੀਂ। ਸ਼ਾਂਤੀ ਬਹਾਲ ਕਰਨ ਗਏ ਮੇਰੇ ਵਰਗੇ ਪਤਾ ਨਹੀ ਕਿੰਨੇ ਹੀ ਅਸ਼ਾਂਤੀ ਭਰ ਕੇ ਮੁੜਦੇ ਨੇ," ਉਹ ਨਮੋਸ਼ੀ ਨਾਲ ਭਰ ਗਿਆ।

"ਤੁਸੀਂ ਇਰਾਕ ਦੇ ਕਿਹੜੇ ਹਿੱਸੇ ਵਿਚ ਸੀ?" ਮੈਂ ਸਵਾਲ ਪੁੱਛਿਆ।

"ਪਹਿਲਾਂ ਕੁੱਝ ਦੇਰ ਅਸੀਂ ਬਗਦਾਦ ਰਹੇ, ਫੇਰ ਟਿਰਕਤ, ਮੌਸੂਲ ਤੇ ਸਿੰਜਰ ਵਰਗੀਆਂ ਥਾਵਾਂ 'ਤੇ, ਜਾਂ ਤੇਲ ਭੰਡਾਰਾਂ ਦੇ ਨੇੜੇ ਸਾਡੀ ਡਿਊਟੀ ਲੱਗਦੀ ਰਹੀ।"

"ਮੁਆਫ ਕਰਨਾ ਗੱਲ ਤਾਂ ਨਿੱਜੀ ਏ...ਪਰ ਕਿਉਂ ਛੱਡ ਦਿੱਤੀ ਨੌਕਰੀ?" ਮੈਂ ਪੁੱਛਿਆ।

"ਮੈਂ ਕੁੱਝ ਸਮਾਂ ਅਫਗਾਨਸਤਾਨ ਵਿਚ ਵੀ ਰਿਹਾਂ ਤੇ ਦੋ ਸਾਲ ਇਰਾਕ ਵਿਚ ਰਿਹਾ ਹਾਂ, ਜੋ ਕੁੱਝ ਮੈਂ ਵਾਪਰਦਾ ਵੇਖਿਆ, ਉਹ ਅਣਮਨੁੱਖੀ ਸੀ। ਮੇਰੇ ਨਾਲ ਕੰਮ ਕਰਨ ਵਾਲਿਆਂ ਨੇ ਵੀ ਕਈ ਅਜਿਹੀਆਂ ਕਹਾਣੀਆਂ ਦੱਸੀਆਂ ਕਿ ਮੇਰਾ ਦਿਲ ਟੁੱਟ ਗਿਆ। ਮੇਰੇ 'ਤੇ ਉਦਾਸੀ ਭਾਰੂ ਰਹਿਣ ਲੱਗੀ।" ਲੱਗਦਾ ਸੀ ਕਿ ਉਹ ਰੋ ਪਵੇਗਾ।

"ਮੈਂ ਅਮਰੀਕਨ ਸੈਨਿਕਾਂ ਨੂੰ ਨਾਬਾਲਿਗ ਲੜਕੀਆਂ ਨਾਲ ਹਵਸ ਪੂਰੀ ਕਰਦਿਆਂ ਵੇਖਿਆ। ਉਹ ਕਿਸੇ ਵੀ ਬਾਲਿਗ਼ ਜਾਂ ਨਾਬਾਲਿਗ ਨੂੰ ਆਪਣੀ ਜਿਸਮਾਨੀ ਭੁੱਖ ਦਾ ਸ਼ਿਕਾਰ ਬਣਾ ਸਕਦੇ ਸਨ। ਰੌਲ਼ਾ ਪਾਉਣ ਵਾਲੀਆਂ ਨੂੰ ਬਿਲੇ ਲਗਾ ਜੰਗ ਦੇ ਖਾਤੇ ਪਾ ਦਿੱਤਾ ਜਾਂਦਾ ਸੀ। ਨਿਰਦੋਸ਼ਾਂ ਨੂੰ ਅੱਤਵਾਦੀ ਕਹਿ ਕੇ ਮਾਰਦੇ ਰਹੇ।"

ਉਹ ਰੁਕ ਕੇ ਫੇਰ ਬੋਲਿਆ।

"ਹਰ ਤਰ੍ਹਾਂ ਦੇ ਅੱਤਵਾਦੀਆਂ ਨੂੰ ਹਥਿਆਰ ਵੀ ਸਾਡੀਆਂ ਹੀ ਏਜੰਸੀਆਂ ਜਾਂ ਸਾਡੇ ਹੀ ਏਜੰਟ ਵੇਚਦੇ ਸਨ। ਪਹਿਲਾਂ ਹਿੰਸਾ ਕਰਵਾਈ ਜਾਂਦੀ, ਫੇਰ ਤੇਲ ਭੰਡਾਰਾਂ 'ਤੇ ਕਬਜ਼ੇ ਕੀਤੇ ਜਾਂਦੇ। ਜਾਣ ਬੁੱਝ ਕੇ ਅੱਗਾਂ ਲਗਾਈਆਂ ਜਾਂਦੀਆਂ। ਰਾਕਟ ਮਿਜ਼ਾਈਲ ਛੱਡੇ ਜਾਂਦੇ। ਮੇਰੇ ਅੰਦਰਲਾ ਮਨੁੱਖ ਮੈਨੂੰ ਲਾਹਣਤਾਂ ਪਾਉਂਦਾ।"

ਗੱਲ ਕਰਦਿਆਂ ਕਰਦਿਆਂ ਉਹ ਰੁਕ ਜਾਂਦਾ। ਟਿਸ਼ੂ ਨਾਲ ਅੱਖਾਂ ਪੂੰਝਦਾ ਤੇ ਫੇਰ ਸ਼ੁਰੂ ਹੋ ਜਾਂਦਾ।

"ਮੈਂ ਅੱਖੀਂ ਮਨੁੱਖੀ ਬੰਬ ਫਟਦੇ ਦੇਖੇ, ਗੋਲੀਆਂ ਨਾਲ ਛਲਣੀ ਹੁੰਦੇ ਸੀਨੇ ਦੇਖੇ, ਜ਼ਮੀਨ ਦੋਜ਼ ਵਿਸਫੋਟਿਕ ਸਮੱਗਰੀ ਦੇ ਫਟਣ ਨਾਲ ਹਵਾ ਵਿਚ ਉੱਡਦੇ ਮਨੁੱਖੀ ਚੀਥੜੇ ਦੇਖੇ। ਮੇਰਾ ਕਾਲਜਾ ਮੂੰਹ ਨੂੰ ਆਉਂਦਾ। ਆਤਮਾ ਲਾਹਣਤਾਂ ਪਾਉਂਦੀ। ਮੈਂ ਆਪਣੇ ਆਪ ਨੂੰ ਪੁੱਛਦਾ ਕਿ 'ਤੂੰ ਕਿਹੜੀ ਸ਼ਾਂਤੀ ਬਹਾਲ ਕਰਨ ਆਇਆ ਏਂ?'

ਐਡਮੀਰਾ ਵਿਚੋਂ ਹੀ ਬੋਲੀ "ਸਰਬੀਆ ਵਿਚ ਵੀ ਤਾਂ ਏਹੋ ਕੁੱਝ ਹੋਇਆ ਸੀ। ਹੁਣ ਸੀਰੀਆ ਵਿਚ ਵੀ ਏਹੋ ਕੁੱਝ ਹੋ ਰਿਹਾ ਏ।"

ਮਨਰਾਜ ਦੱਸ ਰਿਹਾ ਸੀ ਕਿ ਉਸਦੇ ਦੋ ਚਾਚੇ ਸਨ, ਇਕ ਇਰਾਕ ਵਿਚ ਤੇ ਦੂਸਰਾ ਲਿਬੀਆ ਵਿਚ।

"ਦੋਨੋਂ ਚੰਗੀਆਂ ਨੌਕਰੀਆਂ ਕਰਦੇ ਸਨ ਤੇ ਚੋਖੇ ਪੈਸੇ ਪਿੱਛੇ ਭੇਜਦੇ ਸਨ। ਉਹ ਉੱਥੋਂ ਦੀ ਖੁਸ਼ਹਾਲੀ ਦੀਆਂ ਗੱਲਾਂ ਸੁਣਾਉਂਦੇ। ਜੇ ਮੁਲਕ ਖੁਸ਼ਹਾਲ ਸਨ, ਤਾਂ ਹੀ ਤਾਂ ਏਸ਼ੀਆ ਦੇ ਬਾਕੀ ਦੇਸ਼ਾਂ ਤੋਂ ਲੋਕ ਨੌਕਰੀਆਂ ਕਰਨ ਉੱਥੇ ਜਾਂਦੇ ਸਨ...। ਉਹੀ ਸੱਦਾਮ ਹੁਸੈਨ ਨੂੰ ਹਥਿਆਰ ਦੇ ਕੇ ਅਮਰੀਕਾ ਇਰਾਨ ਦੇ ਖਿਲਾਫ ਲੜਾਉਂਦਾ ਰਿਹਾ। ਉਦੋਂ ਤਾਂ ਉਹ ਚੰਗਾ ਸੀ। ਫੇਰ ਅਜਿਹਾ ਕੀ ਹੋ ਗਿਆ ਕਿ ਉਹ ਅਮਰੀਕਾ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ?"

"ਦੇਖੋ ਜੀ ਮੁੱਖ ਸਮੱਸਿਆ ਤਾਂ ਤੇਲ ਦੀ ਆ। ਅਮਰੀਕਾ ਆਪਣੀਆਂ ਫੋਜਾਂ ਲੈ ਕੇ ਉੱਥੇ ਹੀ ਜਾਂਦੈ ਜਿੱਥੇ ਉਹਦੇ ਹਿੱਤ ਹੋਣ। ਉਹ ਹਥਿਆਰ ਵੇਚਦਾ ਹੈ ਤੇ ਕੁਦਰਤੀ ਸਾਧਨਾਂ ਨੂੰ ਦਬੋਚਦਾ ਹੈ।

ਬਹਾਨੇ ਨਾਲ ਆਪਣਾ ਪੁਰਾਣਾ ਅਸਲ੍ਹਾ ਚਲਾ ਆਉਂਦਾ ਤੇ ਖਰਚਾ ਉਸ ਦੇਸ਼ ਸਿਰ ਮੜ੍ਹਦਾ ਹੈ, ਜਿਸ ਦੀ ਮੱਦਦ ਕਰਨ ਗਿਆ ਹੋਵੇ। ਫੇਰ ਆਪਣੀਆਂ ਸ਼ਰਤਾਂ 'ਤੇ ਪੁੱਠੇ ਸਿੱਧੇ ਇਕਰਾਰਨਾਮੇਂ ਲਿਖਵਾਉਂਦਾ ਹੈ। ਇਹ ਵੀ ਇਕ ਨਵੀ ਕਿਸਮ ਦਾ ਸਾਮਰਾਜ ਹੈ।" ਰੌਬ ਕਹਿ ਰਿਹਾ ਸੀ।

"ਅਮਰੀਕਾ ਵਿਚ ਗੰਨ ਲਾਬੀ ਤੇ ਕਨਸਟਰੱਕਸ਼ਨ ਲਾਬੀ ਦੋਨੋਂ ਭਾਰੂ ਨੇ। ਇਹ ਧਨਾਡ ਲੋਕ ਹੀ ਸਰਕਾਰਾਂ ਚੁਣਦੇ ਨੇ ਤੇ ਇਨ੍ਹਾਂ ਦਾ ਹੀ ਤੇਲ ਭੰਡਾਰਾਂ ਤੇ ਊਰਜਾ ਉੱਤੇ ਕਬਜ਼ੇ ਨੇ। ਰਾਜ ਕਰਨ ਵਾਲੇ ਤਾਂ ਇਨ੍ਹਾਂ ਦੀਆਂ ਕਠਪੁਤਲੀਆਂ ਨੇ। ਹੁਣ ਅਮਰੀਕਾ ਦੁਨੀਆਂ ਦਾ ਬੌਸ ਬਣਿਆ ਫਿਰਦੈ।" ਕਮਲ ਨੇ ਵੀ ਚੱਲਦੀ ਗੱਲ ਵਿਚ ਹਿੱਸਾ ਪਾ ਦਿੱਤਾ।

ਨੋਲਾ ਇਹ ਗੱਲਾਂ ਸੁਣਦਾ ਰਿਹਾ। ਮੈਂ ਉਸ ਨੂੰ ਫੇਰ ਪੁੱਛ ਲਿਆ।

"ਤੁਸੀਂ ਉੱਥੇ ਖਾਂਦੇ ਪੀਂਦੇ ਕੀ ਸੀ?"

"ਬੀਫ, ਚਿਕਨ, ਫਿਸ਼, ਗੋਟ, ਲੈਮ ਸਭ ਮਿਲਦਾ ਸੀ। ਅਸੀਂ ਲੋਕਲ ਖਾਣੇ ਵੀ ਟਰਾਈ ਕਰਦੇ ਸੀ। ਸੀਖ ਕਬਾਬ ਤੇ ਚਪਲੀ ਕਬਾਬ ਮੈਨੂੰ ਬਹੁਤ ਚੰਗੇ ਲੱਗਦੇ ਸੀ। ਚਿਕਨ ਜਾਂ ਗੋਟ ਬਰਿਆਨੀ ਵੀ ਬਣਾ ਲੈਂਦੇ ਸੀ। ਉੱਥੇ ਤਾਂ ਮੈਂ ਕੈਮਲ ਮਿਲਕ ਵੀ ਪੀਤਾ ਏ, ਤੇ ਅਰਬ ਦੀ ਸਵੀਟ ਬੁਕਲਾਵਾ ਵੀ ਖਾਧਾ ਏ।" ਹੁਣ ਉਹ ਮੁਸਕਰਾ ਰਿਹਾ ਸੀ।

"ਵੈਸੇ ਸਾਧਾਰਨ ਲੋਕ ਬੜੇ ਸਲੀਕੇ ਵਾਲੇ ਨੇ ਅਤੇ ਉਨ੍ਹਾਂ ਦਾ ਭੋਜਨ ਵੀ ਬੜਾ ਹੈਲਥੀ ਆ। ਮੈਂ ਤਾਂ ਸੁਣਿਆ ਸੀ ਕਿ ਦੁਨੀਆਂ ਨੂੰ ਰਹਿਣ ਦੇ ਤੌਰ ਤਰੀਕੇ ਸਿਖਾਉਣ ਵਾਲੇ ਇਹ ਹੀ ਲੋਕ ਸਨ। ਬੇਬੀਲੋਨ ਸੱਭਿਅਤਾ ਦਾ ਵਿਕਾਸ ਏਥੇ ਹੀ ਹੋਇਆ ਸੀ। ਮੈਸੋਪਟੇਮੀਆਂ ਦਾ ਮਤਲਬ ਵੀ ਦੋ ਦਰਿਆਵਾਂ ਵਿਚਕਾਰ ਹੈ। ਭਾਵ ਦਜ਼ਲਾ ਤੇ ਫਿਰਾਤ ਦਰਿਆਵਾਂ ਦੇ ਵਿਚਕਾਰ ਪਨਪਣ ਵਾਲੀ ਸੱਭਿਅਤਾ। ਮੇਰੀ ਤਾਂ ਡਿਊਟੀ ਵੀ ਬੇਬੀਲੋਨ ਸ਼ਹਿਰ ਵਿਚ ਰਹੀ ਹੈ। ਕਦੇ ਕਦੇ ਮੈਨੂੰ ਲੱਗਦਾ ਹੈ ਕਿ ਸਾਰਾ ਕੁੱਝ ਜਾਣ ਬੁੱਝ ਕੇ ਤਬਾਹ ਕਰ ਦਿੱਤਾ ਗਿਆ। ਇਹ ਲੜਾਈਆਂ ਕਿਸੇ ਗਹਿਰੀ ਸਾਜ਼ਿਸ਼ ਦਾ ਹੀ ਨਤੀਜਾ ਨੇ।" ਉਹ ਫਿਕਰਮੰਦੀ ਜ਼ਾਹਰ ਕਰ ਰਿਹਾ ਸੀ।

ਮੈਂ ਨੋਲਾ ਨੂੰ ਧਿਆਨ ਨਾਲ ਵੇਖਦਾ ਰਿਹਾ। ਉਹ ਲੰਬਾ ਸਮਾਂ ਉਦਾਸੀ ਰੋਗ ਦਾ ਸ਼ਿਕਾਰ ਰਿਹਾ ਸੀ। ਉਸ ਅੰਦਰਲੀਆਂ ਕੋਮਲ ਭਾਵਨਾਵਾਂ ਅਜੇ ਵੀ ਵਲੂੰਧਰੀਆਂ ਪਈਆਂ ਸਨ। ਉਸ ਦਾ ਸਭ ਕਾਸੇ ਤੋਂ ਵਿਸਵਾਸ਼ ਉੱਠ ਚੁੱਕਾ ਸੀ। ਉਸ ਵੱਲੋਂ ਜੌਬ 'ਤੇ ਸੁਣੀਆਂ ਹੌਲਨਾਕ ਕਹਾਣੀਆਂ ਵੀ ਉਸਦੇ ਮਨ ਵਿਚ ਘੁੰਮਦੀਆਂ ਰਹਿੰਦੀਆਂ।

ਕੰਬੋਡੀਆ, ਯਮਨ ਤੇ ਕਈ ਹੋਰ ਦੇਸ਼ਾਂ ਦੀਆਂ ਕਹਾਣੀਆਂ ਵੀ ਉਸੇ ਤਰ੍ਹਾਂ ਦੀਆਂ ਸਨ। ਔਰਤਾਂ ਨੂੰ ਪਸ਼ੂਆਂ ਵਾਂਗ ਅਗਵਾ ਕਰਕੇ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ। ਬੱਚਿਆਂ ਨੂੰ ਮਾਵਾਂ ਦੇ ਸਾਹਮਣੇ ਹੀ ਬੰਬਾਂ ਨਾਲ ਉਡਾ ਦਿੱਤਾ ਜਾਂਦਾ ਰਿਹਾ। ਘਰ ਬਾਰ ਢਹਿ ਢੇਰੀ ਕਰ ਦਿੱਤੇ ਜਾਂਦੇ ਰਹੇ। ਹੋਰ ਤਾਂ ਹੋਰ ਮਰਿਆਂ ਦੇ ਅੰਗ ਵੇਚਣ ਵਾਲੇ ਵੀ ਪੂਰੀ ਤਰ੍ਹਾਂ ਸਰਗਰਮ ਰਹੇ। ਸਭ ਮਿਲੀ ਭੁਗਤ ਸੀ। ਪੈਸਾ ਪ੍ਰਧਾਨ ਸੀ। ਇਹ ਸੀ ਇੱਕੀਵੀਂ ਸਦੀ ਦਾ ਚਿਹਰਾ ਮੋਹਰਾ। ਜੋ ਨੋਲਾ ਨੂੰ ਪਰੇਸ਼ਾਨ ਕਰੀਂ ਰੱਖਦਾ।

ਮੈਂ ਕੋਈ ਮਨੋਵਿਗਿਆਨਕ ਨਹੀਂ ਸੀ, ਜੋ ਨੋਲਾ ਨੂੰ ਪੂਰੀ ਤਰ੍ਹਾਂ ਸਮਝ ਸਕਦਾ। ਟੋਰਾਂਟੋ ਦਾ ਪੀਅਰਸਨ ਏਅਰਪੋਰਟ ਵੀ ਇਕ ਗਲੋਬਲ ਹੱਬ ਸੀ। ਇਕ ਨਿੱਕਾ ਜਿਹਾ ਸੰਸਾਰ, ਜਿੱਥੇ ਦੁਨੀਆਂ ਭਰ ਨਾਲ ਸੰਬੰਧਤ ਕਾਮੇ ਕੰਮ ਕਰਦੇ ਸਨ। ਜਦੋਂ ਉਹ ਕਿਸੇ ਮੁਸਾਫਰ ਨੂੰ ਸੀਰੀਆ, ਅਫਗਾਨਸਤਾਨ ਜਾਂ ਇਰਾਕ ਤੋਂ ਆਉਂਦਾ ਵੇਖਦਾ ਤਾਂ ਇਕਦਮ ਭਾਵੁਕ ਹੋ ਜਾਂਦਾ। ਫੇਰ ਮੁਸਕਰਾਉਂਦਾ ਕਿ ਸ਼ੁਕਰ ਆ ਇਹ ਮੌਤ ਦੇ ਮੂੰਹ ਚੋਂ ਨਿਕਲ ਆਇਆ ਏ।

ਫੇਰ ਇਕ ਦਿਨ ਦੀ ਖਬਰ ਸੀ ਕਿ ਅਮਰੀਕਾ ਦੇ ਸ਼ਹਿਰ ਪੈਂਟਾਗਨ ਵਿਚ ਇਕ ਸਾਬਕਾ ਫੋਜੀ ਨੇ ਨਿਜੀ ਗੰਨ ਨਾਲ ਕੁੱਝ ਲੋਕ ਮਾਰ ਦਿੱਤੇ ਨੇ। ਅਮਰੀਕਾ ਵਿਚ ਅਜਿਹੀਆਂ ਘਟਨਾਵਾਂ

ਪਹਿਲਾਂ ਵੀ ਵਾਪਰ ਚੁੱਕੀਆਂ ਸਨ, ਜਦੋਂ ਜੰਗਾਂ ਯੁੱਧਾਂ ਤੋਂ ਪਰਤੇ ਮਨੋਰੋਗੀ ਸੈਨਿਕਾਂ ਵੱਲੋਂ ਸਮੂਹਕ ਕਤਲੇਆਮ ਕੀਤਾ ਗਿਆ ਸੀ। ਨੋਲਾ ਕਹਿੰਦਾ ਸੀ ਕਿ ਉਹ ਵੀ ਅਜਿਹੀ ਸਥਿਤੀ ਦੇ ਨੇੜਿਉਂ ਹੀ ਪਰਤਿਆ ਹੈ। ਲੰਬਾ ਸਮਾਂ ਉਸ ਦੀ ਕੌਂਸਲਿੰਗ ਹੋਈ ਸੀ ਤੇ ਨਵਾਂ ਜੀਵਨ ਸ਼ੁਰੂ ਕਰਨ ਦੀ ਪ੍ਰੇਰਨਾ ਮਿਲੀ, ਜਿਸ ਕਰਕੇ ਉਹ ਹੁਣ ਟੋਰਾਂਟੋ ਸੀ।

ਉਹ ਹੋਰ ਗੱਲਾਂ ਦੱਸਦਾ ਰਿਹਾ,

"ਮੈਂ ਵੀ ਆਪਣੀ ਗੰਨ ਨਾਲ ਖੁਦਕਸ਼ੀ ਕਰਨ ਦੀ ਸੋਚੀ ਸੀ। ਇਹ ਇਰਾਕ ਦੀ ਗੱਲ ਆ। ਮੇਰੇ ਕਮਾਂਡਰ ਨੂੰ ਪਤਾ ਲੱਗ ਗਿਆ। ਉਸ ਨੂੰ ਇਹ ਵੀ ਡਰ ਸੀ ਕਿ ਕਿਤੇ ਮੈਂ ਆਪਣੇ ਸੈਨਿਕਾਂ 'ਤੇ ਹੀ ਨਾ ਹਮਲਾ ਕਰ ਦੇਵਾਂ। ਮੈਨੂੰ ਤੁਰੰਤ ਰੀਹੈਵ ਵਿਚ ਭੇਜ ਦਿੱਤਾ ਤੇ ਫੇਰ ਵਾਪਸ ਅਮਰੀਕਾ ਭੇਜ ਦਿੱਤਾ। ਏਥੇ ਮੇਰੀ ਇਕ ਸਾਲ ਕੌਸਲਿੰਗ ਚੱਲਦੀ ਰਹੀ। ਅੰਤ ਨੂੰ ਮੈਨੂੰ ਪੈਕਿਜ ਦੇ ਕੇ ਸਮੇਂ ਤੋਂ ਪਹਿਲਾਂ ਹੀ ਰਿਟਾਇਰ ਕਰ ਦਿੱਤਾ। ਤੇ ਮੈਂ ਬਹੁਤ ਸ਼ੁਕਰ ਕੀਤਾ।"

ਉਸ ਦੇ ਕੋਲ਼ ਅਜੇ ਵੀ ਕੁੱਝ ਤਸਵੀਰਾਂ ਸੰਭਾਲੀਆਂ ਹੋਈਆਂ ਸਨ। ਕਿਤੇ ਉਹ ਖੰਜੂਰ ਦੇ ਰੁੱਖ ਹੇਠ ਖੜ੍ਹਾ ਸੀ ਤੇ ਕਿਤੇ ਕਿਸੇ ਊਠ ਕੋਲ਼। ਕੁੱਝ ਤਸਵੀਰਾਂ ਵਿਚ ਬੁਰਕੇ ਹਿਜਾਬ ਵਾਲੀਆਂ ਔਰਤਾਂ, ਤੇ ਕਿਤੇ ਨਿੱਕੀਆਂ ਟੋਪੀਆਂ ਤੇ ਲੰਬੀਆਂ ਦਾੜ੍ਹੀਆਂ ਵਾਲੇ ਮਰਦ ਸਨ। ਇਕ ਥਾਂ ਉਹ ਆਪ ਵੀ ਨਿੱਕੀ ਟੋਪੀ ਤੇ ਸਲਵਾਰ ਕਮੀਜ਼ ਪਹਿਨੀ ਊਠਾਂ ਦੇ ਕਾਫਲੇ ਨਾਲ ਤੁਰਿਆ ਜਾ ਰਿਹਾ ਸੀ।

ਮੈਂ ਇਕ ਦਿਨ ਫੇਰ ਉਸ ਨੂੰ ਸਵਾਲ ਕਰ ਦਿੱਤਾ।

"ਕੀ ਯੂਨੈਸਕੋ ਨੂੰ ਇਹ ਜ਼ੁਲਮ ਨਹੀਂ ਦਿਸਦੇ? ਜਦੋਂ ਇਰਾਕ ਕੋਲ਼ੋਂ ਕੈਮੀਕਲ ਹਥਿਆਰ ਮਿਲੇ ਹੀ ਨਹੀਂ, ਫੇਰ ਉਸ 'ਤੇ ਹਮਲਾ ਕਿਉਂ ਕੀਤਾ ਗਿਆ? ਯੂ ਐਨ ਓ, ਅਮਰੀਕਾ ਨੂੰ ਇਹ ਸਵਾਲ ਕਿਉਂ ਨਹੀਂ ਪੁੱਛਦਾ?"

"ਯੂ ਐਨ ਓ ਅਮਰੀਕਾ ਦਾ ਹੀ ਤਾਂ ਹੈ, ਜੋ ਅਮਰੀਕਾ ਕਹੇਗਾ ਉਹ ਓਹੀ ਕਰੇਗਾ, ਉਸੇ ਦੀ ਬੋਲੀ ਬੋਲੇਗਾ ਤੇ ਅੰਤ ਨੂੰ ਉਸੇ ਦੇ ਹੱਕ ਵਿਚ ਭੁਗਤੇਗਾ। ਰੈੱਡ ਕਰਾਸ, ਪੀਸ ਕੀਪਰ ਇਹ ਸਭ ਦਿਖਾਵੇ ਦੀਆਂ ਸੰਸਥਾਵਾਂ ਨੇ ਤੇ ਅੰਦਰੂਨੀ ਮਕਸਦ ਤਾਂ ਕੁੱਝ ਹੋਰ ਨੇ।"

"ਅੱਛਾ" ਮੈਂ ਹੈਰਾਨ ਹੋਇਆ।

"ਜਦੋਂ ਹਥਿਆਰ ਲਾਬੀ ਆਪਣਾ ਕੰਮ ਮੁਕਾ ਲੈਂਦੀ ਏ, ਫੇਰ ਕੰਨਸਟਰਕਸ਼ਨ ਲਾਬੀ ਅੱਗੇ ਆਉਂਦੀ ਹੈ। ਲੋਕਾਂ ਲਈ ਹਸਪਤਾਲ, ਸੜਕਾਂ, ਸਕੂਲ ਪਾਰਕ ਉਸਾਰਨ ਦੇ ਠੇਕੇ ਲਏ ਜਾਂਦੇ ਨੇ। ਕਠਪੁਤਲੀ ਸਰਕਾਰਾਂ ਬਣਾਉਣ ਕਰਕੇ ਇਹ ਕੰਮ ਸਹਿਜੇ ਹੀ ਹੋ ਜਾਂਦਾ ਹੈ। ਫੇਰ ਉਸ ਦੇਸ਼ ਦਾ ਧਨ ਦੌਲਤ ਤੇ ਕੁਦਰਤੀ ਭੰਡਾਰ ਲੁੱਟੇ ਜਾਂਦੇ ਨੇ। ਵਿਕਾਸ ਦੇ ਨਾਂ 'ਤੇ ਵਸਤਾਂ ਵੇਚ ਕੇ ਕੌਮਾਂ ਦੇ ਸਿਰ ਕਰਜ਼ੇ ਚੜ੍ਹਾਏ ਜਾਂਦੇ ਨੇ। ਰਾਜਨੀਤਕ ਲੋਕਾਂ ਨੂੰ ਕਮਿਸ਼ਨ ਦਿੱਤੇ ਜਾਂਦੇ ਨੇ। ਫੇਰ ਏਸੇ ਕਰਜ਼ੇ ਦੀ ਆੜ ਵਿਚ ਨਵੇਂ ਸਮਝੌਤੇ ਕਰ ਕੇ, ਅਗਲੇ ਦਹਾਕਿਆਂ ਲਈ ਕਿਸੇ ਦੇਸ਼ ਨੂੰ ਆਪਣੀ ਬਸਤੀ ਬਣਾ ਕੇ ਲੁੱਟਿਆ ਜਾਂਦਾ ਏ।" ਨੋਲਾ ਮਨ ਅੰਦਰਲੇ ਭੇਤ ਖੋਹਲਦਾ ਰਿਹਾ।

ਮੈਨੂੰ ਭਾਰਤ ਦੇ ਇਤਿਹਾਸ ਦੀ ਯਾਦ ਆਈ, ਕਿਵੇਂ ਈਸਟ ਇੰਡੀਆ ਕੰਪਨੀ ਨੇ ਆਪਣੇ ਵਪਾਰ ਦੇ ਬਹਾਨੇ ਦੇਸ਼ ਨੂੰ ਦੱਬ ਲਿਆ ਸੀ। ਫੇਰ ਕਿਵੇਂ ਸੌ ਸਾਲ, ਭਾਰਤ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ। ਧਨ ਦੌਲਤ ਤੇ ਕੁਦਰਤੀ ਸਰੋਤਾਂ ਨੂੰ ਲੁੱਟਿਆ ਗਿਆ। ਹੁਣ ਲੁੱਟਣ ਦਾ ਤਰੀਕਾ ਬਦਲ ਗਿਆ ਸੀ। ਇਰਾਦੇ ਉਹ ਹੀ ਸਨ। ਹੁਣ ਅਗਲੇ ਖੁਦ ਰਾਜ ਨਹੀਂ ਸੀ ਕਰਦੇ ਪਰ ਆਪਣੇ ਹੱਥ ਠੋਕਿਆਂ ਨੂੰ ਰਾਜ ਗੱਦੀ 'ਤੇ ਬਿਠਾ ਕੇ ਪੂਰੇ ਦੇਸ਼ ਨੂੰ ਮੰਡੀ ਬਣਾ ਲੈਂਦੇ ਤੇ ਆਪਣਾ ਸਮਾਨ ਵੇਚਦੇ। ਟੈਲੀਵੀਯਨ, ਸੋਸ਼ਲ ਮੀਡੀਆ ਤੇ ਇੰਟਰਨੈੱਟ ਅੱਜ ਦੇ ਨਵੇਂ ਹਥਿਆਰ ਸਨ, ਜੋ ਸਰੀਰਾਂ ਨੂੰ ਨਹੀਂ ਬਲਕਿ ਮਨ ਦੀ ਸੋਚ ਨੂੰ ਮਾਰਦੇ ਸਨ ਅਤੇ ਬੰਦਾ ਮੰਡੀ ਦਾ ਗ਼ੁਲਾਮ ਹੋ ਜਾਂਦਾ ਸੀ।

"ਅਫ਼ਗਾਨਸਤਾਨ ਵੀ ਤਾਂ ਅਫੀਮ, ਚਰਸ, ਹਿਰੋਇਨ, ਮੌਰਫੀਨ ਦੀ ਮੰਡੀ ਸੀ। ਦੁਨੀਆਂ

ਦਾ ਸਭ ਤੋਂ ਵੱਡਾ ਵਪਾਰ ਡਰੱਗ ਸਮਗਲਿੰਗ ਹੈ, ਜਿਹਦੇ ਵਿਚ ਬਹੁਤ ਪੈਸਾ ਹੈ ਤੇ ਇਹ ਧੰਦਾ, ਨੇਤਾ ਲੋਕਾਂ ਦੀ ਪੁਸ਼ਤ ਪਨਾਹੀ ਤੋਂ ਬਗ਼ੈਰ ਨੀ ਚੱਲਦਾ। ਦੂਸਰਾ ਦੁਨੀਆਂ ਦੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਜੋ ਰੈੱਡ ਕਰਾਸ ਨਾਲ ਵੀ ਜੁੜੀਆਂ ਹੋਈਆਂ ਨੇ, ਦੁਨੀਆਂ ਨੂੰ ਚਲਾਉਣ ਦਾ ਬਹੁਤ ਵੱਡਾ ਪਹੀਆ ਹਨ। ਫਰਮਾਸੂਟੀਕਲ ਕੰਪਨੀਆਂ, ਡਰੱਗ ਮਾਫੀਆ ਸਭ ਰਲੇ ਮਿਲੇ ਨੇ। ਕੁਦਰਤੀ ਸਾਧਨਾਂ ਦੀ ਵੀ ਖਿੱਚ ਸੀ, ਏਵੇਂ ਨਹੀਂ ਅਮਰੀਕਾ ਸੜੇ ਸੁੱਕੇ ਪਹਾੜਾਂ ਵਿਚ ਧੱਕੇ ਖਾਣ ਗਿਆ।" ਮੈਂ ਆਪਣੀ ਦਲੀਲ ਰੱਖੀ, ਜਿਸ ਨਾਲ ਨੋਲਾ ਪੂਰੀ ਤਰ੍ਹਾਂ ਸਹਿਮਤ ਸੀ। ਤੇ ਬੋਲਿਆ,

"ਇਹ ਸਿਰਫ ਤਾਕਤ ਹਥਿਆਉਣ ਦੀ ਲੜਾਈ ਆ। ਪਹਿਲਾਂ ਕੋਈ ਬਹਾਨਾ ਬਣਾ ਕੇ ਜੰਗ ਛੇੜੀ ਜਾਂਦੀ ਆ, ਫੇਰ ਮੱਦਦ ਬਹਾਨੇ ਜਾ ਕੇ ਮਿਲਟਰੀ ਬੇਸ ਬਣਾਏ ਜਾਂਦੇ ਨੇ, ਕਮਿਊਨੀਕੇਸ਼ਨ ਸੈੱਟ ਕੀਤੀ ਜਾਂਦੀ ਆ। ਤੇ ਫੇਰ ਪੂਰਾ ਜ਼ਾਲ ਵਿਛਾ ਦਿੱਤਾ ਜਾਂਦਾ ਏ ਤਾਂ ਕਿ ਭੋਲਾ ਪੰਛੀ ਪਰ ਵੀ ਨਾ ਮਾਰ ਸਕੇ।"

ਸਾਡੀਆਂ ਗੱਲਾਂ ਕਦੇ ਕਿਸੇ ਪਾਸੇ ਨਿੱਕਲ ਜਾਂਦੀਆਂ ਤੇ ਕਦੇ ਕਿਸੇ ਪਾਸੇ। ਨੋਲਾ ਕਦੇ ਹੁੰਗਾਰੇ ਭਰਦਾ ਤੇ ਕਦੇ ਪੂਰੀ ਬਹਿਸ ਦਾ ਕੇਂਦਰ ਬਣ ਜਾਂਦਾ।

ਅਸੀਂ ਉਸ ਦਿਨ ਜੌਬ 'ਤੇ ਸੀ, ਤੇ ਸਾਹਮਣੇ ਕਸਟਮ ਐਂਡ ਇਮੀਗਰੇਸ਼ਨ ਅਧਿਕਾਰੀਆਂ ਦੀ ਗੱਡੀ ਖੜ੍ਹੀ ਸੀ। ਕੁੱਝ ਦੇਸ਼ਾਂ ਤੋਂ ਆਈਆਂ ਫਲਾਈਟਾਂ ਦਾ ਕਸਟਮ ਤੇ ਪਾਸਪੋਰਟ ਗੇਟਾਂ 'ਤੇ ਹੀ ਚੈੱਕ ਕੀਤੇ ਜਾਂਦਾ ਸੀ। ਬਿਦੇਸ਼ਾਂ ਤੋਂ ਆਉਣ ਵਾਲੀ ਡਰੱਗ ਜਾਂ ਨਸ਼ੀਲੇ ਪਦਾਰਥਾਂ ਦੀ ਤਲਾਸ਼ ਵੀ ਏਥੇ ਹੀ ਕੀਤੀ ਜਾਂਦੀ ਸੀ।

ਇਹ ਉਡਾਣ ਕਿੰਗਸਟਨ ਯਮੀਕਾ ਤੋਂ ਆਈ ਸੀ। ਜਿਸ ਨੂੰ ਚੈੱਕ ਕਰਨ ਲਈ ਕਸਟਮ ਵਾਲਿਆਂ ਦੀ ਗੱਡੀਆਂ ਨੇ ਦੋਵਾਂ ਪਾਸਿਆਂ ਤੋਂ ਜਹਾਜ਼ ਨੂੰ ਘੇਰਿਆ ਹੋਇਆ ਸੀ। ਅਸੀਂ ਇਸ ਏਅਰ ਕਰਾਫਟ ਵਿਚ ਕੁੱਝ ਟੀ ਵੀ ਸਕਰੀਨ, ਕੇਬਲਾਂ, ਆਰਮ ਰੈਸਟਾਂ, ਹੈੱਡ ਰੈਸਟਾਂ ਤੇ ਫੂਡ ਟਰੇਅ ਟੇਬਲ ਠੀਕ ਕਰਨੇ ਸਨ। ਜੋ ਟਰਬੂਲੈਂਸ ਸਮੇਂ ਅਕਸਰ ਢਿੱਲੇ ਹੋ ਜਾਂਦੇ। ਪਾਇਲਟ ਨੇ ਅਜਿਹਾ ਏਅਰ ਵਿਚੋਂ ਹੀ ਮੇਨਟੀਨੈਂਸ ਨੂੰ ਦੱਸ ਦਿੱਤਾ ਸੀ ਤਾਂ ਕਿ ਅਗਲੀ ਉਡਾਣ ਤੋਂ ਪਹਿਲਾਂ ਸਭ ਕੁੱਝ ਠੀਕ ਹੋ ਸਕੇ। ਪਰੰਤੂ ਤਲਾਸ਼ੀ ਲੈਣ ਚੜ੍ਹੇ ਆਫੀਸਰ ਥੱਲੇ ਹੀ ਨਹੀਂ ਸੀ ਆ ਰਹੇ। ਤੇ ਸਾਡੀ ਗੱਲਬਾਤ ਹੁਣ ਇਨ੍ਹਾਂ 'ਤੇ ਹੀ ਚੱਲ ਰਹੀ ਸੀ।

"ਨੋਲਾ ਤੂੰ ਸਕਿਉਰਟੀ ਤੇ ਸਰਚ ਕਰਦਿਆਂ ਕਿਸੇ ਪੈਸੰਜਰ ਕੋਲੋਂ ਡਰੱਗ ਫੜੀ ਆ," ਡੈਨੀ ਨੇ ਪੁੱਛਿਆ।

"ਅਗਲੇ ਏਨੇ ਪਾਗ਼ਲ ਨੀ ਹੁੰਦੇ ਬਈ ਸਕਿਉਰਟੀ ਲਾਂਘੇ ਰਾਹੀ ਡਰੱਗ ਲੈ ਕੇ ਆਉਣ। ਹਾਂ ਕਦੇ ਕਦੇ ਸਾਧਾਰਨ ਮੁਸਾਫਰ ਭੁੱਲ ਭੁਲੇਖੇ ਨਾ ਮਾਤਰ ਨਸ਼ਾ ਲੈ ਵੀ ਆਉਂਦੇ ਨੇ। ਵੱਡੀਆਂ ਖੇਪਾਂ ਤਾਂ ਮਿਲੀ ਭੁਗਤ ਨਾਲ ਹੀ ਆਉਂਦੀਆਂ ਨੇ। ਜਿਨ੍ਹਾਂ ਵਿਚ ਪਾਇਲਟ, ਕਰੂਅ ਮੈਂਬਰ, ਬੈਗ ਹੈਂਡਲਰ, ਮਕੈਨਿਕ, ਪਲਾਨਰ ਵੀ ਰਲ਼ੇ ਹੋ ਸਕਦੇ ਨੇ ਤੇ ਰਾਜਨੀਤਕ ਲੋਕ ਵੀ। ਕਈ ਵਾਰ ਤਾਂ ਕਸਟਮ ਅਧਿਕਾਰੀ ਵੀ ਵਿਕੇ ਹੋਏ ਹੁੰਦੇ ਨੇ।" ਉਹ ਅੰਦਰਲੀਆਂ ਗੱਲਾਂ ਦੱਸ ਰਿਹਾ ਸੀ।

"ਵੱਡੇ ਮਗਰਮੱਛਾਂ ਨੂੰ ਕੋਈ ਹੱਥ ਨੀ ਪਾਉਂਦਾ। ਫੜੇ ਸਿਰਫ ਛੋਟੇ ਜਾਂਦੇ ਨੇ, ਜਿਨ੍ਹਾਂ ਦੀ ਵੱਡਿਆਂ ਨਾਲ ਸੁਰ ਨਹੀਂ ਮਿਲਦੀ। ਕਈ ਦੇਸ਼ ਵੀ ਬਹੁਤ ਵੱਡੇ ਮਗਰਮੱਛ ਨੇ।" ਡੈਨੀ ਹੱਸਿਆ।

"ਸਾਡੇ ਵਰਗੇ ਲੋਕ ਤਾਂ ਵਰਤੇ ਜਾਣ ਲਈ ਹੁੰਦੇ ਨੇ, ਜੋ ਇਨ੍ਹਾਂ ਮਗਰਮੱਛਾਂ ਲਈ ਰਸਤਾ ਤਿਆਰ ਕਰਦੇ ਨੇ। ਸਾਡਾ ਪੀਸ ਕੀਪਿੰਗ ਦਾ ਕੰਮ ਵੀ ਸ਼ਾਂਤ ਮੰਡੀ ਲਈ ਵਿਵਸਥਾ ਪੈਦਾ ਕਰਨ ਤੋਂ ਇਲਾਵਾ ਕੁੱਝ ਨਹੀਂ ਸੀ।" ਨੋਲਾ ਫੇਰ ਗੰਭੀਰ ਹੋ ਗਿਆ।

ਸਾਡੇ ਵਿਚ ਚੁੱਪ ਪਸਰ ਗਈ।

ਕੈਨੇਡਾ ਦੀ ਟਰੂਡੋ ਸਰਕਾਰ ਨੇ ਅਸ਼ਾਂਤ ਮੁਲਖਾਂ ਵਿਚੋਂ ਪਨਾਹਗੀਰ ਲੈਣ ਦਾ ਵੱਡਾ ਫੈਸਲਾ ਕਰ ਲਿਆ ਸੀ। ਸੀਰੀਅਨ ਰਿਫਿਊਜ਼ੀ ਧੜਾ ਧੜ ਆ ਰਹੇ ਸਨ। ਉੱਥੇ ਬੰਬ ਵਰ੍ਹਾਏ ਜਾ ਰਹੇ ਸਨ। ਸ਼ੀਆ ਸੁੰਨੀ ਟੱਕਰ ਕਰਵਾਈ ਜਾ ਰਹੀ ਸੀ, ਜਿਵੇਂ ਕੋਈ ਤਮਾਸ਼ਬੀਨ ਮੁਰਗਿਆਂ ਦੀ ਲੜਾਈ ਜਾਂ ਸ੍ਹਾਨਾਂ ਦਾ ਭੇੜ ਆਪਣੇ ਮਨੋਰੰਜਨ ਲਈ ਕਰਵਾਉਂਦਾ ਹੈ। ਲੋਕ ਇਹ ਭੇੜ ਦੇਖਣ ਲੱਗ ਜਾਂਦੇ ਨੇ ਤੇ ਚੋਰ ਉਨ੍ਹਾਂ ਦਾ ਘਰ ਲੁੱਟ ਲੈਂਦੇ ਨੇ। ਕਿਤੇ ਕੁਰਦਾਂ ਦਾ ਕਤਲ ਕਿਤੇ ਆਈਸਿਸ ਦਾ ਅੱਤਿਆਚਾਰ। ਉਸ ਅਨੁਸਾਰ ਬਹੁਤਾ ਮੀਡੀਆ ਤਾਂ ਸਰਕਾਰਾਂ ਦਾ ਧੂਤਰੂ ਸੀ। ਨੋਲਾ ਦੇ ਖਦਸ਼ੇ ਹੁਣ ਸਾਨੂੰ ਵੀ ਸਮਝ ਆਉਣ ਲੱਗ ਪਏ ਸਨ।

"ਇਹ ਲੜਾਈਆਂ ਤਾਂ ਲੁੱਟਣ ਦੀਆਂ ਨੇ ਜੋ ਕਦੇ ਨਹੀਂ ਰੁਕਣੀਆਂ। ਲੋਕਾਂ ਦਾ ਏਕਾਂ ਇਨ੍ਹਾਂ ਕਦੇ ਨਹੀਂ ਹੋਣ ਦੇਣਾ। ਸੀਰੀਆ ਵਿਚ ਪੰਜ ਲੱਖ ਲੋਕਾਂ ਦੇ ਕਤਲ ਹੋ ਚੁੱਕੇ ਨੇ। ਮੁੜ ਉਸਾਰੀ ਲਈ ਤੇ ਮੰਡੀ ਦੀ ਬਹਾਲੀ ਲਈ ਸਾਡੇ ਵਰਗੇ ਫੇਰ ਝੋਕ ਦਿੱਤੇ ਜਾਣਗੇ।" ਨੋਲਾ ਸਿਰ ਮਾਰਦਾ ਬੋਲ ਰਿਹਾ ਸੀ।

"ਸ਼ਾਂਤੀ, ਕਬਰਾਂ .. ਵਰਗੀ ਸ਼ਾਂਤੀ। ਜਿੱਥੇ ਕੋਈ ਵਿਰੋਧ ਨਾ ਕਰੇ। ਕੋਈ ਰੌਲ਼ਾ ਨਾ ਪਾਵੇ। ਕਿਸੇ ਗੱਲ 'ਤੇ ਏਕਾ ਨਾ ਹੋਵੇ।"

ਘਬਰਾਹਟ ਘਟਾਉਣ ਦੀਆਂ ਗੋਲੀਆਂ ਵਾਲੀ ਸ਼ੀਸ਼ੀ ਨੋਲਾ ਦੇ ਹੱਥ ਵਿਚ ਕੰਬ ਰਹੀ ਸੀ।

ਕੋਈ ਬੋਲਿਆ, "ਯਾਰ ਪੁਰਾਣੀਆਂ ਗੱਲਾਂ ਨਾ ਛੇੜੋ, ਇਸ ਨੂੰ ਪੈਨਿਕ ਅਟੈਕ ਹੋ ਜਾਂਦੈ।"

ਉਸਦੀ ਘਬਰਾਹਟ ਤਾਂ ਵਧਦੀ ਹੀ ਜਾ ਰਹੀ ਸੀ। ਲੀਡ ਨੇ ਮਨੇਜਰ ਨੂੰ ਫੋਨ ਕਰ ਦਿੱਤਾ।

ਗੱਡੀ ਆਈ ਤੇ ਨੋਲਾ ਨੂੰ ਚੁੱਕ ਕੇ ਲੈ ਗਈ।

ਸਾਡੀ ਗੱਡੀ ਵਿਚ ਚੁੱਪ ਪਸਰ ਗਈ।

ਜੰਗ ਤੋਂ ਬਾਅਦ, ਸ਼ਮਸ਼ਾਨ ਵਰਗੀ ਚੁੱਪ।

ਨੋਲਾ ਜਾ ਚੁੱਕਾ ਸੀ।

ਪਿੱਛੇ ਰਹਿ ਗਈ ਸੀ ਮੁਰਦਾ ਸ਼ਾਂਤੀ।

ਫੇਰ ਕੋਈ ਨਾ ਬੋਲਿਆ।

ਨੋਲਾ ਦੇ ਹੱਥ ਵਿਚ ਫੜੀ ਦਵਾਈਆਂ ਵਾਲੀ ਸ਼ੀਸ਼ੀ ਵਾਂਗ।

ਮੇਰਾ ਦਿਮਾਗ ਹਿੱਲਦਾ ਜਾਪਿਆ। 000

***(57 Morton Way, Brampton, Ont. CANADA L6Y 2R6***
***Email: major.mangat@gmail.com***
***Phone: +19057969797, +14167272071)***

# ...ਤੇ ਮੈਂ: ਕਹਾਣੀ: ਜਸਬੀਰ ਮਾਨ

ਘਰ ਦਾ ਲਿਵਿੰਗ ਰੂਮ ਕਈ ਦਿਨਾਂ ਤੋਂ ਬੰਦ ਪਿਆ ਸੀ। ਪਹਿਲਾਂ-ਪਹਿਲਾਂ ਜਦੋਂ ਕੋਈ ਵੀ ਪ੍ਰਾਹੁਣਾ ਆਉਂਦਾ ਲਿਵਿੰਗ ਰੂਮ ਵਿਚ ਹੀ ਬਿਠਾਇਆ ਜਾਂਦਾ। ਪ੍ਰਾਹੁਣਿਆਂ ਲਈ ਵਧੀਆ ਫਰਨੀਚਰ ਲੈ ਕੇ ਲਿਵਿੰਗ ਰੂਮ ਵਿਚ ਟਿਕਾਇਆ ਗਿਆ ਸੀ। ਜਿਹੜਾ ਵੀ ਕੋਈ ਪ੍ਰਾਹੁਣਾ ਆਉਂਦਾ ਉਸਤੋਂ ਮੇਰੇ ਫਰਨੀਚਰ ਦੀ ਤਾਰੀਫ ਕੀਤੇ ਬਿਨਾਂ ਨਹੀਂ ਸੀ ਰਿਹਾ ਜਾਂਦਾ। ਹੁਣ ਸਮਾਂ ਬਦਲ ਚੁੱਕਾ ਸੀ। ਕੋਈ ਵੀ ਲਿਵਿੰਗ ਰੂਮ ਵਿਚ ਨਹੀਂ ਸੀ ਬੈਠਦਾ। ਸਭ ਮੇਰੇ ਕੋਲ਼ ਫੈਮਲੀ ਰੂਮ ਵਿਚ ਜਾਂ ਫਿਰ ਕਿਚਨ ਵਿਚ ਪਈਆਂ ਡਾਇਨਿੰਗ ਟੇਬਲ ਦੀਆਂ ਕੁਰਸੀਆਂ ਉੱਪਰ ਬੈਠ ਕੇ ਹੀ ਗੱਲਾਂ-ਬਾਤਾਂ ਕਰਕੇ ਚਲੇ ਜਾਂਦੇ ਹਨ। ਮੈਂ ਵੀ ਕਈ ਦਿਨਾਂ ਤੋਂ ਲਿਵਿੰਗ ਰੂਮ ਵਿਚ ਜਾ ਕੇ ਨਹੀਂ ਸੀ ਵੇਖਿਆ।

ਅੱਜ ਕੁਝ ਲੱਭਦੀ-ਲੱਭਦੀ ਲਿਵਿੰਗ ਰੂਮ ਵਿਚ ਜਾਂਦੀ ਹਾਂ। ਅਚਾਨਕ ਨਜ਼ਰ ਲੈਦਰ ਦੇ ਸੋਫੇ ਉੱਪਰ ਪੈਂਦੀ ਹੈ ਜੋ ਮਿੱਟੀ-ਘੱਟੇ ਨਾਲ਼ ਭਰਿਆ ਪਿਆ ਸੀ। ਘੱਟੇ ਨਾਲ਼ ਭਰੇ ਸੋਫੇ ਨੂੰ ਵੇਖ ਕੇ ਮੇਰੇ ਮੂੰਹੋਂ ਝੱਟ ਦੇਣੇ ਨਿਕਲ਼ਦਾ ਹੈ।

"ਹਾਏ, ਸੋਫੇ ਉੱਪਰ ਕਿੰਨਾ ਘੱਟਾ ਜੰਮਿਆਂ ਪਿਆ ਹੈ।"

ਮੈਂ ਲਾਂਡਰੀ ਰੂਮ ਵਿਚ ਜਾਂਦੀ ਹਾਂ। ਉੱਥੋਂ ਇਕ ਪੁਰਾਣਾ ਕੱਪੜਾ ਚੁੱਕ ਲਿਆਉਂਦੀ ਹਾਂ। ਲੈਦਰ ਦੇ ਸੋਫੇ ਨੂੰ ਸਾਫ ਕਰਨ ਲੱਗਦੀ ਹਾਂ। ਸੋਫਾ ਸਾਫ ਕਰਦੀ ਨੂੰ ਮੈਨੂੰ ਆਪਣੇ ਨਿਆਣੇ ਯਾਦ ਆਉਂਦੇ ਹਨ ਜੋ ਅਕਸਰ ਹੀ ਇਹ ਕਹਿੰਦੇ ਰਹਿੰਦੇ ਹਨ, "ਮਾਂ, ਇਹ ਘਰ ਹੁਣ ਤੂੰ ਵੇਚ ਦੇ। ਤੈਨੂੰ ਹੁਣ ਏਨੇ ਵੱਡੇ ਘਰ ਦੀ ਜ਼ਰੂਰਤ ਨਹੀਂ ਹੈ। ਤੇਰੇ ਲਈ ਇਸਨੂੰ ਸਾਂਭਣਾ ਬੜਾ ਹੀ ਔਖਾ ਹੈ।"

ਮੈਂ ਉਹਨਾਂ ਦੀ ਇਹ ਗੱਲ ਸੁਣ ਕੇ ਅਕਸਰ ਹੀ ਉਹਨਾਂ ਦੇ ਮਗਰ ਪੈ ਜਾਇਆ ਕਰਦੀ ਸਾਂ ਤੇ ਗ਼ੁੱਸੇ ਹੋ ਕੇ ਆਖਦੀ ਸਾਂ, "ਚੁੱਪ ਕਰ ਜਾਓ ਵੇ। ਤੁਸੀਂ ਕੌਣ ਹੁੰਦੇ ਹੋ ਜੋ ਮੈਨੂੰ ਮੇਰਾ ਘਰ ਵੇਚਣ ਦੀ ਸਲਾਹ ਦਿੰਦੇ ਹੋ। ਇਹ ਘਰ ਮੇਰਾ ਹੈ ਤੇ ਮੈਂ ਇਸਨੂੰ ਕਦੇ ਵੀ ਨਹੀਂ ਵੇਚਾਂਗੀ। ਮੇਰੇ ਮਰਨ ਤੋਂ ਬਾਅਦ ਜੋ ਮਰਜ਼ੀ ਹੈ ਕਰੀ ਜਾਇਓ ਤੇ ਮੇਰੇ ਜਿਉਂਦੇ ਜੀ ਕਦੇ ਵੀ ਇਹ ਗੱਲ ਨਹੀਂ ਕਰਨੀ। ਇਹ ਤੁਹਾਡੇ ਪਿਓ ਦੀ ਨਿਸ਼ਾਨੀ ਹੈ।"

ਨਿਆਣੇ ਮੇਰੀ ਗੱਲ ਸੁਣ ਕੇ ਚੁੱਪ ਕਰ ਜਾਂਦੇ। ਉਹ ਜਾਣਦੇ ਸਨ ਕਿ ਭਾਵੇਂ ਕੁਝ ਵੀ ਹੋ ਜਾਵੇ ਮਾਂ ਇਹ ਘਰ ਕਦੇ ਵੀ ਨਹੀਂ ਵੇਚੇਗੀ।

ਅੱਜ ਘੱਟੇ ਨਾਲ਼ ਭਰੇ ਹੋਏ ਸੋਫਿਆਂ ਨੂੰ ਵੇਖ ਕੇ ਮੇਰਾ ਮਨ ਉਦਾਸ ਹੋ ਜਾਂਦਾ ਹੈ। ਮੈਨੂੰ ਜਾਪਦਾ ਹੈ ਕਿ ਸੱਚਮੁੱਚ ਹੀ ਮੈਨੂੰ ਏਨੇ ਵੱਡੇ ਘਰ ਦੀ ਜ਼ਰੂਰਤ ਨਹੀਂ ਹੈ। ਕਿਉਂਕਿ ਘਰ ਤਾਂ ਸਾਂਭ-ਸੰਭਾਲ ਨਾਲ਼ ਹੀ ਬਚਦੇ ਹਨ।

ਉਮਰ ਦੇ ਲਿਹਾਜ਼ ਨਾਲ਼ ਹੁਣ ਮੇਰੇ ਵਿਚ ਵੀ ਪਹਿਲਾਂ ਜਿੰਨੀ ਤਾਕਤ ਨਹੀਂ ਰਹੀ ਕਿ ਮੈਂ ਪੂਰਾ ਘਰ ਸਾਫ ਕਰ ਸਕਾਂ, ਜਿਵੇਂ ਪਹਿਲਾਂ ਜਵਾਨੀ ਵੇਲੇ ਕਰਿਆ ਕਰਦੀ ਸੀ। ਜਵਾਨੀ ਵੇਲ਼ੇ ਤਾਂ ਮੈਂ ਘਰ ਨੂੰ ਪੰਗ ਵੀ ਨਹੀਂ ਸੀ ਲੱਗਣ ਦਿੰਦੀ। ਘਰ ਵੀ ਬੰਦਿਆਂ ਨਾਲ਼ ਹੀ ਹੁੰਦੇ ਹਨ।

ਇਕੱਲੀ ਹੋਣ ਕਰਕੇ ਛੋਟੇ ਜਿਹੇ ਘਰ ਦਾ ਖਿਆਲ ਆਉਂਦਾ ਹੈ। ਇਹ ਸੋਚ, ਮੇਰਾ ਧਿਆਨ ਅੰਗੀਠੀ ਉੱਪਰ ਪਈ ਪੂਰੇ ਪਰਿਵਾਰ ਦੀ ਫੋਟੋ ਵੱਲ ਨੂੰ ਜਾਂਦਾ ਹੈ। ਮੈਂ ਸੋਫਾ ਸਾਫ ਕਰਦੀ-ਕਰਦੀ ਉਸ ਫੋਟੋ ਅੱਗੇ ਜਾ ਖੜ੍ਹਦੀ ਹਾਂ। ਉਹ ਵੀ ਘੱਟੇ ਨਾਲ਼ ਭਰੀ ਪਈ ਹੁੰਦੀ ਹੈ। ਮੇਰੇ ਅੰਦਰੋਂ ਇਕ ਚੀਸ ਜਿਹੀ ਨਿਕਲ਼ਦੀ ਹੈ। ਮੈਂ ਆਪਣੇ ਹੱਥ ਨਾਲ਼ ਹੀ ਉਸਨੂੰ ਸਾਫ ਕਰਨ ਲੱਗਦੀ ਹਾਂ। ਫਿਰ ਉਸ

ਫੋਟੋ ਨੂੰ ਚੁੱਕ ਕੇ ਉਸੇ ਸੋਫੇ ਉੱਪਰ ਆ ਬਹਿੰਦੀ ਹਾਂ,ਜਿਸ ਨੂੰ ਹੁਣੇ-ਹੁਣੇ ਸਾਫ ਕਰਕੇ ਹਟੀ ਸਾਂ।

ਫੋਟੋ ਨੂੰ ਪੂਰੇ ਧਿਆਨ ਨਾਲ਼ ਤੱਕਦੀ ਹਾਂ। ਮੇਰੇ ਪਰਿਵਾਰ ਦੀ ਕਿੰਨੀ ਪਿਆਰੀ ਤਸਵੀਰ। ਮੇਰੀ ਮਨਪਸੰਦ ਪਰਿਵਾਰਕ ਫੋਟੋ। ਇਹ ਕਿੰਨੇ ਚਾਅ ਨਾਲ਼ ਸ਼ਹਿਰ ਦੇ ਇਕ ਮਸ਼ਹੂਰ ਦੀਪਕ ਸਟੂਡੀਓ ਵਿਚ ਜਾ ਕਿ ਖਿਚਵਾਈ ਸੀ। ਪਹਿਲਾਂ-ਪਹਿਲਾਂ ਇਸ ਫੋਟੋ ਨੂੰ ਮੈਂ ਵੇਖਦੀ-ਵੇਖਦੀ ਨਹੀਂ ਸਾਂ ਥੱਕਦੀ। ਇਸ ਦੀ ਜਗ੍ਹਾ ਵਾਰ-ਵਾਰ ਬਦਲਦੀ ਰਹਿੰਦੀ ਸੀ। ਹੁਣ ਤਾਂ ਇਹ ਵਿਚਾਰੀ ਵੀ ਕਈ ਸਾਲਾਂ ਤੋਂ ਇਸੇ ਅੰਗੀਠੀ ਉੱਪਰ ਹੀ ਪਈ ਹੈ।

ਇਹ ਫੋਟੋ ਮੈਨੂੰ ਬਹੁਤ ਹੀ ਵਧੀਆ ਲੱਗਦੀ ਹੈ। ਇਸ ਵਿਚ ਬੇਬੇ ਜੀ, ਬਾਪੂ ਜੀ, ਸਰਦਾਰ ਜੀ, ਮੈਂ ਤੇ ਤਿੰਨੇ ਬੱਚੇ ਹਨ। ਉਹ ਕਿੰਨੇ ਵਧੀਆ ਦਿਨ ਸਨ ਜਦ ਇਹ ਫੋਟੋ ਕਰਵਾਈ ਸੀ। ਹੱਸਦਾ-ਖੇਡਦਾ, ਭਰਿਆ-ਭਰਿਆ ਖ਼ੁਸ਼ਹਾਲ ਪਰਿਵਾਰ। ਨਾ ਕੋਈ ਫਿਕਰ ਨਾ ਕੋਈ ਫਾਕਾ। ਬੱਸ ਪਿਆਰ ਹੀ ਪਿਆਰ। ਹਰ ਦਿਨ ਵਿਆਹ ਵਾਂਗ ਗੁਜ਼ਰਦਾ।

ਉਫ,ਪਤਾ ਨਹੀਂ ਕਿੱਥੇ ਗਏ ਉਹ ਦਿਨ। ਇਹ ਸੋਚ ਮੇਰੇ ਅੰਦਰੋਂ ਇਕ ਲੰਮਾ ਹਉਕਾ ਨਿਕਲ਼ਦਾ ਹੈ।

ਮੈਂ ਫੋਟੋ ਉੱਪਰ ਆਪਣਾ ਸੱਜਾ ਹੱਥ ਫੇਰਨ ਲੱਗਦੀ ਹਾਂ। ਫੋਟੋ ਨੂੰ ਬੜੇ ਗਹੁ ਨਾਲ਼ ਵੇਖਦੀ ਹਾਂ। ਬੇਬੇ ਜੀ, ਬਾਪੂ ਜੀ ਮੈਨੂੰ ਇਕ ਸ਼ਾਂਤ ਸਮੁੰਦਰ ਵਾਂਗ ਜਾਪਦੇ ਹਨ ਜਿੰਨ੍ਹਾਂ ਦੀ ਗਹਿਰੀ ਸੋਚ ਨੂੰ ਕਦੇ ਵੀ ਮਾਪਿਆ ਨਹੀਂ ਸੀ ਜਾ ਸਕਦਾ। ਤਿੰਨੇ ਮੁੰਡਿਆ ਦੇ ਭੋਲ਼ੇ-ਭਾਲ਼ੇ ਚਿਹਰਿਆਂ ਪਿੱਛੇ ਛੁਪੀਆਂ ਸ਼ਰਾਰਤਾਂ ਯਾਦ ਆਉਂਦੀਆਂ ਹਨ। ਨਿਆਣਿਆਂ ਦੇ ਡੈਡੀ ਜਿੰਨ੍ਹਾਂ ਨੂੰ ਮੈਂ ਹਮੇਸ਼ਾਂ ਹੀ ਸਰਦਾਰ ਜੀ ਕਿਹਾ ਕਰਦੀ ਸੀ ਉਹ ਮੈਨੂੰ ਕੁਝ ਪੁੱਛ ਅਤੇ ਦੱਸ ਰਹੇ ਜਾਪਦੇ ਹਨ।

ਮੈਂ ਉਹਨਾਂ ਨਾਲ਼ ਗੱਲਾਂ ਕਰਨ ਲੱਗਦੀ ਹਾਂ। ਪੋਤੇ-ਪੋਤੀਆਂ ਅਤੇ ਨੋਂਹਾਂ -ਪੁੱਤਾਂ ਬਾਰੇ ਦੱਸਦੀ ਹਾਂ। ਫਿਰ ਆਪਣੇ ਵਾਰੇ ਵੀ ਦੱਸਦੀ ਹਾਂ। ਆਪਣੀ ਵਿਗੜ ਰਹੀ ਸਿਹਤ ਬਾਰੇ ਦੱਸਦੀ ਹਾਂ। ਆਪ ਮੁਹਾਰੇ ਹੀ ਗੱਲਾਂ ਕਰਦੀ ਦਾ ਮੇਰਾ ਮਨ ਭਰ ਆਉਂਦਾ ਹੈ। ਅੱਖਾਂ ਪੂੰਝ ਫੋਟੋ ਵਾਪਸ ਅੰਗੀਠੀ ਉੱਪਰ ਰੱਖਣ ਲਈ ਖੜ੍ਹੀ ਹੁੰਦੀ ਹਾਂ। ਫਿਰ ਕੁਝ ਹੋਰ ਯਾਦ ਆਉਂਦਾ ਹੈ। ਮੁੜ ਫਿਰ ਸੋਫੇ ਉੱਤੇ ਉਸੇ ਫੋਟੋ ਨੂੰ ਲੈ ਕੇ ਬੈਠ ਜਾਂਦੀ ਹਾਂ। ਸਰਦਾਰ ਜੀ ਨੂੰ ਪੁੱਛਣ ਲੱਗਦੀ ਹਾਂ,"ਸਰਦਾਰ ਜੀ, ਬੱਚੇ ਆਖਦੇ ਹਨ ਮਾਂ ਇਹ ਘਰ ਵੇਚਦੇ। ਹੁਣ ਤੈਨੂੰ ਏਡੇ ਵੱਡੇ ਘਰ ਦੀ ਜ਼ਰੂਰਤ ਨਹੀਂ ਹੈ। ਮੈਨੂੰ ਦੱਸੋ ਕਿ ਹੁਣ ਮੈਂ ਕੀ ਕਰਾਂ?"

"ਲੈ ਇਹਦੇ ਵਿਚ ਪੁੱਛਣ ਵਾਲ਼ੀ ਕੀ ਗੱਲ ਹੈ। ਵੇਚਦੇ-ਵੇਚਦੇ। ਆਪਣੇ ਪੁੱਤ ਸੁੱਖ ਨਾਲ਼ ਗੱਭਰੂ ਹੋ ਗਏ ਹਨ। ਉਹਨਾਂ ਦਾ ਹੀ ਤਾਂ ਹੈ ਸਭ ਕੁਝ। ਜਿਵੇਂ ਨਿਆਣੇ ਆਖਦੇ ਹਨ ਉਂਝ ਹੀ ਕਰ। ਉਹਨਾਂ ਲਈ ਹੀ ਤਾਂ ਆਪਾਂ ਸਭ-ਕੁਝ ਬਣਾਇਆ ਹੈ। ਤੂੰ ਕਿਹੜਾ ਨਾਲ਼ ਲੈ ਕੇ ਜਾਣਾ ਹੈ ਤੇ ਮੈਂ ਕਿਹੜਾ ਨਾਲ਼ ਲੈ ਗਿਆ।" ਸਰਦਾਰ ਜੀ ਮੈਨੂੰ ਇਹ ਸ਼ਬਦ ਮੁਸਕਰਾਉਂਦੇ ਹੋਏ ਚਿਹਰੇ ਰਾਹੀਂ ਕਹਿੰਦੇ ਹੋਏ ਜਾਪਦੇ ਹਨ।

"ਤੇ ਮੈਂ....?" ਮੇਰੇ ਮੂੰਹੋਂ ਝੱਟ ਦੇਣੇ ਨਿਕਲ਼ਦਾ ਹੈ।

... ... ... ...

ਟਰਨ-ਟਰਨ ਕਰਕੇ ਫੋਨ ਦੀ ਘੰਟੀ ਵੱਜਦੀ ਹੈ। ਫੋਟੋ ਨੂੰ ਅੰਗੀਠੀ ਉੱਪਰ ਰੱਖ ਕੇ ਫੋਨ ਉਠਾਉਂਦੀ ਹਾਂ। ਵੱਡੇ ਬੇਟੇ ਦੀਪ ਦਾ ਫੋਨ ਆਉਂਦਾ ਹੈ। ਮਹੀਨੇ ਕੁ ਬਾਅਦ ਅਕਸਰ ਦੀਪ ਫੋਨ ਕਰ ਲੈਂਦਾ ਹੈ। ਦੂਜੇ ਦੋਹੇਂ ਰਾਜ ਤੇ ਸਨੀ ਤਾਂ ਕਈ-ਕਈ ਵਾਰੀ ਛੇ-ਛੇ ਮਹੀਨੇ ਵੀ ਕੱਢ ਦਿੰਦੇ ਹਨ। ਬੜੇ ਲਾਪ੍ਰਵਾਹ ਮੁੰਡੇ ਹਨ। ਉਹਨਾਂ ਨਾਲ਼ ਗੱਲਾਂ-ਬਾਤਾਂ ਕਰਨ ਲਈ ਤਰਸਦੀ ਰਹਿੰਦੀ ਹਾਂ। ਉਹਨਾਂ ਨੂੰ ਮਿਲਣ ਲਈ ਤਾਂਘਦੀ ਰਹਿੰਦੀ ਹਾਂ। ਉਹ ਹਰ ਵਾਰ ਇਹ ਆਖ ਕੇ ਖਹਿੜਾ ਛਡਾ ਲੈਂਦੇ ਹਨ ਕਿ ਮਾਂ ਬੀਜ਼ੀ ਬਹੁਤ ਹਾਂ।

"ਹਾਏ ਮਾਂ, ਕੀ ਹਾਲ ਹੈ? ਕੀ ਕਰਦੀ ਸੀ?"

ਦੀਪ ਮੈਨੂੰ ਹਮੇਸ਼ਾਂ ਫੋਨ ਉੱਪਰ ਇਹੋ ਸੁਆਲ ਹੀ ਪੁੱਛਿਆ ਕਰਦਾ ਹੈ।

ਅੱਜ ਵੀ ਮੈਨੂੰ ਉਸਨੇ ਇੰਝ ਹੀ ਪੁੱਛਿਆ।

"ਕਰਨਾ ਕੀ ਸੀ। ਤੇਰੇ ਡੈਡੀ ਨਾਲ਼ ਗੱਲਾਂ ਕਰ ਰਹੀ ਸੀ।"

ਮੇਰੇ ਮੂੰਹੋਂ ਸੁਭਾਵਕ ਹੀ ਨਿਕਲ਼ਦਾ ਹੈ।

"ਕੀ.....!" ਉਹ ਹੈਰਾਨ ਹੋ ਆਖਦਾ ਹੈ।

"ਹਾਂ, ਮੈਂ ਤੇਰੇ ਡੈਡੀ ਨੂੰ ਘਰ ਵੇਚਣ ਬਾਰੇ ਪੁੱਛ ਰਹੀ ਸੀ।"

ਉਹ ਮੇਰੀ ਗੱਲ ਸੁਣ ਕੇ ਉੱਚੀ-ਉੱਚੀ ਹੱਸਦਾ ਹੈ ਤੇ ਮੈਨੂੰ ਪੁੱਛਦਾ ਹੈ,"ਫਿਰ ਮਾਂ ਡੈਡੀ ਨੇ ਤੈਨੂੰ ਕੀ ਕਿਹਾ।"

"ਉਸਨੇ ਵੇਚਣ ਦੀ ਆਗਿਆ ਦੇ ਦਿੱਤੀ ਹੈ।" ਮੈਂ ਦੀਪ ਨੂੰ ਦੱਸਦੀ ਹਾਂ।

ਮੇਰੀ ਗੱਲ ਸੁਣ ਕੇ ਦੀਪ ਖੁਸ਼ ਹੋ ਜਾਂਦਾ ਹੈ। ਉਹ ਖੁਸ਼ ਹੋ ਕੇ ਮੈਨੂੰ ਆਖਦਾ ਹੈ,"ਮੈਂ ਤਾਂ ਮਾਂ ਤੈਨੂੰ ਕਦੋਂ ਦਾ ਆਖ ਰਿਹਾ ਹਾਂ ਕਿ ਤੈਨੂੰ ਏਡੇ ਵੱਡੇ ਘਰ ਦੀ ਜ਼ਰੂਰਤ ਨਹੀਂ ਹੈ। ਸਾਰਾ ਦਿਨ ਸਫਾਈਆਂ ਕਰ ਕੇ ਆਪਣੇ ਹੱਡ ਘਸਾਉਂਦੀ ਰਹਿੰਨੀ ਹੈਂ। ਆਰਾਮ ਨਾਲ਼ ਆਪਣੀ ਰਹਿੰਦੀ ਜ਼ਿੰਦਗੀ ਕੱਢ। ਤੈਨੂੰ ਕਾਹਦਾ ਹੁਣ ਕੋਈ ਫਿਕਰ ਹੈ। ਤੈਂ ਕਿਹੜਾ ਇੱਥੇ ਕੁੜੀਆਂ ਵਿਆਹੁਣੀਆਂ। ਸਾਰਾ ਦਿਨ ਐਂਮੇਂ ਝੁਰਦੀ ਰਹਿੰਦੀ ਹੈਂ।"

ਦੀਪ ਦੀ ਕੁੜੀਆਂ ਵਿਆਹੁਣ ਵਾਲ਼ੀ ਗੱਲ ਸੁਣ ਕੇ ਮੈਨੂੰ ਹਾਸਾ ਆਉਂਦਾ ਹੈ। ਕਿੰਨੇ ਸਾਲ ਹੋ ਗਏ ਸਾਨੂੰ ਇੰਡੀਆ ਤੋਂ ਕਨੇਡਾ ਆਇਆਂ ਨੂੰ । ਦੀਪ ਅਜੇ ਵੀ ਬਹੁਤ ਸੁਹਣੀ ਪੰਜਾਬੀ ਬੋਲ ਲੈਂਦਾ ਹੈ। ਦੀਪ ਦੀਆਂ ਗੱਲਾਂ ਮੈਨੂੰ ਆਤਮ-ਸਕੂਨ ਦਿੰਦੀਆਂ ਹਨ। ਮੈਂ ਖੁਸ਼ ਹੋ ਜਾਂਦੀ ਹਾਂ ਕਿ ਮੇਰਾ ਪੁੱਤ ਕਿੰਨਾ ਲਾਇਕ ਹੈ ਤੇ ਮੇਰਾ ਕਿੰਨਾ ਖਿਆਲ ਰੱਖਦਾ ਹੈ।

ਦੀਪ ਨਾਲ਼ ਗੱਲ ਕਰ ਕੇ ਰਾਜ ਤੇ ਸਨੀ ਨੂੰ ਫੋਨ ਲਗਾਉਂਦੀ ਹਾਂ। ਦੋਹੇਂ ਫੋਨ ਨਹੀਂ ਉਠਾਉਂਦੇ। ਮੈਸੇਜ ਛੱਡਦੀ ਹਾਂ। ਉਹਨਾਂ ਦੋਹਾਂ ਦਾ ਵਾਪਸ ਫੋਨ ਆਉਂਦਾ ਹੈ। ਘਰ ਵੇਚਣ ਬਾਰੇ ਦੋਹਾਂ ਨੂੰ ਦੱਸਦੀ ਹਾਂ। ਦੋਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਤਿੰਨਾਂ ਮੁੰਡਿਆਂ ਨਾਲ਼ ਸਲਾਹ-ਮਸ਼ਵਰਾ ਕਰ ਕੇ ਘਰ ਨੂੰ ਵੇਚਣ ਦਾ ਪੂਰਾ ਮਨ ਬਣਾ ਲੈਂਦੀ ਹਾਂ।

ਆਪਣੀ ਸਹੇਲੀ ਰਣਜੀਤ ਨੂੰ ਯਾਦ ਕਰਦੀ ਹਾਂ। ਰਣਜੀਤ ਦਾ ਮੁੰਡਾ ਅਮਨ ਰੀਅਲ-ਅਸਟੇਟ ਦਾ ਕੰਮ ਕਰਦਾ ਹੈ। ਰਣਜੀਤ ਤੋਂ ਅਮਨ ਦਾ ਫੋਨ ਨੰਬਰ ਲੈ ਕੇ ਅਮਨ ਨੂੰ ਫੋਨ ਕਰ ਘਰ ਸੱਦਦੀ ਹਾਂ। ਅਮਨ ਸ਼ਾਮ ਨੂੰ ਘਰ ਆਉਂਦਾ ਹੈ। ਉਸ ਨੂੰ ਆਪਣਾ ਇਹ ਘਰ ਵੇਚਣ ਅਤੇ ਆਪਣੇ ਲਈ ਇਕ ਛੋਟਾ ਜਿਹਾ ਅਪਾਰਟਮੈਂਟ ਲੱਭਣ ਲਈ ਆਖਦੀ ਹਾਂ।

ਅਮਨ ਅਗਲੇ ਦਿਨ ਘਰ ਦੀ ਮਾਰਕਿਟ ਵੈਲਯੂ ਕੱਢ ਕੇ ਅਤੇ ਹੋਰ ਪੇਪਰ ਦਸਤਖਤ ਕਰਨ ਲਈ ਲਿਆਉਂਦਾ ਹੈ। ਘਰ ਦੀ ਏਨੀ ਵਧੀ ਹੋਈ ਕੀਮਤ ਨੂੰ ਵੇਖ ਕੇ ਮੇਰੀਆਂ ਅੱਖਾਂ ਵਿਚ ਚਮਕ ਆਉਂਦੀ ਹੈ। ਸਰਦਾਰ ਜੀ ਅਤੇ ਆਪਣੇ ਦੁਆਰਾ ਕੀਤੀ ਹੋਈ ਮਿਹਨਤ 'ਤੇ ਮਾਣ ਮਹਿਸੂਸ ਹੁੰਦਾ ਹੈ। ਅਮਨ ਮੇਰੇ ਕੋਲੋਂ ਪੇਪਰਾਂ 'ਤੇ ਦਸਤਖਤ ਕਰਵਾ ਕੇ ਘਰ ਨੂੰ ਸੇਲ ਉੱਤੇ ਲਗਾ ਦਿੰਦਾ ਹੈ ਤੇ ਦੂਜੇ ਦਿਨ ਅਮਨ ਦਾ ਕੋਈ ਬੰਦਾ ਘਰ ਦੇ ਬਾਹਰ 'ਫਾਰ ਸੇਲ' ਦਾ ਫੱਟਾ ਲਗਾ ਜਾਂਦਾ ਹੈ।

ਘਰ ਨੂੰ ਸੇਲ 'ਤੇ ਲਗਾ ਕੇ ਮੇਰੇ ਅੰਦਰ ਅਜੀਬ ਕਿਸਮ ਦੇ ਖਿਆਲ ਆਉਂਦੇ ਹਨ। ਮੇਰਾ ਦਿਲ ਘਊਂ-ਮਊਂ ਕਰਦਾ ਹੈ। ਘਰ ਦੀ ਹਰ ਇਕ ਚੀਜ਼ ਨੂੰ ਮੈਂ ਬੜੇ ਹੀ ਗਹੁ ਨਾਲ਼ ਤੱਕਦੀ ਹਾਂ। ਏਨੇ ਭਾਂਡੇ ਏਨਾ ਫਰਨੀਚਰ ਜੋ ਪਿਛਲੇ ਤੀਹਾਂ ਸਾਲਾਂ ਵਿਚ ਰੀਝਾਂ ਨਾਲ਼ ਬਣਾਉਂਦੀ ਰਹੀ ਉਸਨੂੰ ਕੀ ਕਰਾਂਗੀ, ਕਿੱਥੇ ਰੱਖਾਂਗੀ ਤੇ ਨਿਆਣਿਆਂ ਨੂੰ ਕਿੰਝ ਵੰਡ ਕੇ ਦੇਵਾਂਗੀ। ਇਹ ਸੋਚ- ਸੋਚ ਕੇ ਮਨ ਉੱਪਰ ਜ਼ੋਰ ਜਿਹਾ ਪੈਂਦਾ ਹੈ। ਘਬਰਾਹਟ ਮਹਿਸੂਸ ਕਰਦੀ ਹਾਂ। ਭੱਜ ਕੇ ਬਾਹਰ ਬੈਕਯਾਰਡ ਵਿਚ

ਜਾਂਦੀ ਹਾਂ।

ਚੈਰੀ, ਐਪਲ ਤੇ ਪਲੰਮਾਂ ਦੇ ਬੂਟਿਆਂ ਕੋਲ਼ ਖੜ੍ਹ-ਖੜ੍ਹ ਕੇ ਉਹਨਾਂ ਦੇ ਨਾਲ਼ ਗੱਲਾਂ ਕਰਦੀ ਹਾਂ। ਉਹਨਾਂ ਨਾਲ਼ ਮੇਰੀ ਉਨੀ ਹੀ ਸਾਂਝ ਹੈ ਜਿੰਨੀ ਇਸ ਘਰ ਨਾਲ਼। ਉਹ ਮੈਨੂੰ ਆਪਣੇ ਬੱਚਿਆਂ ਵਾਂਗ ਜਾਪਦੇ ਹਨ। ਉਹਨਾਂ ਤਿੰਨਾਂ ਬੂਟਿਆਂ ਨੂੰ ਮੈਂ ਅਤੇ ਮੇਰੇ ਪਤੀ ਨੇ ਆਪਣੇ ਹੱਥੀਂ ਲਾਇਆ ਸੀ। ਇਸ ਕਰਕੇ ਮੇਰਾ ਉਹਨਾਂ ਨਾਲ਼ ਉੱਨਾ ਹੀ ਮੋਹ ਹੈ ਜਿੰਨਾ ਮੈਨੂੰ ਮੇਰੇ ਤਿੰਨਾਂ ਮੁੰਡਿਆਂ ਨਾਲ਼। ਉਹਨਾਂ ਵਿਚੋਂ ਮੈਨੂੰ ਬੜੀ ਮਿੱਠੀ-ਮਿੱਠੀ ਖੁਸ਼ਬੂ ਆਉਂਦੀ ਹੈ। ਜੋ ਮੈਨੂੰ ਆਪਣੇ ਵੱਲ ਨੂੰ ਖਿੱਚਦੀ ਹੈ। ਮੈਂ ਉਹਨਾਂ ਨੂੰ ਇਹ ਦੱਸ ਕੇ ਉਦਾਸ ਨਹੀਂ ਕਰਨਾ ਚਾਹੁੰਦੀ ਕਿ ਮੈਂ ਜਾ ਰਹੀ ਹਾਂ।

ਦਸ ਪੰਦਰਾਂ ਦਿਨ ਘਰ ਨੂੰ ਵੇਖਣ ਆਉਣ ਵਾਲ਼ਿਆਂ ਨੇ ਕਾਫੀ ਰੌਣਕ ਲਾਈ ਰੱਖੀ। ਦੋ ਹਫਤਿਆਂ ਦੇ ਵਿਚ-ਵਿਚ ਕਈ ਆਫਰਾਂ ਆਈਆਂ। ਅਖੀਰ ਸਭ ਤੋਂ ਵੱਧ ਵਾਲ਼ੀ ਆਫਰ ਨੂੰ ਸਵੀਕਾਰ ਕਰ ਲਿਆ ਗਿਆ। ਮੇਰਾ ਰਿਐਲਟਰ ਅਮਨ ਵੀ ਬਹੁਤ ਖੁਸ਼ ਸੀ। ਤਿੰਨੇ ਮੁੰਡੇ ਤੇ ਵਹੁਟੀਆਂ ਵੀ ਖੁਸ਼ ਸਨ। ਪਰ ਮੇਰਾ ਦਿਲ ਡੁੱਬ-ਡੁੱਬ ਜਾਂਦਾ ਸੀ। ਜਿਸ ਘਰ ਨਾਲ਼ ਜਿਉਂਦੇ ਜੀਅ ਨਾ ਛੱਡਣ ਦਾ ਵਾਅਦਾ ਕੀਤਾ ਸੀ ਅੱਜ ਉਸ ਵਾਅਦੇ ਨੂੰ ਤੋੜ ਰਹੀ ਸਾਂ। ਪੂਰੇ ਦੋ ਮਹੀਨਿਆਂ ਬਾਅਦ ਘਰ ਦੀ ਚਾਬੀ ਨਵੇਂ ਮਾਲਕਾਂ ਨੂੰ ਦੇ ਦੇਣੀ ਸੀ।

ਮੈਂ ਅਮਨ ਨੂੰ ਆਪਣੇ ਰਹਿਣ ਵਾਸਤੇ ਕੋਈ ਅਪਾਰਟਮੈਂਟ ਲੱਭਣ ਲਈ ਉਸ ਦਿਨ ਹੀ ਆਖ ਦਿੱਤਾ ਸੀ ਜਦ ਮੈਂ ਆਪਣਾ ਇਹ ਘਰ ਸੇਲ 'ਤੇ ਲਗਾਇਆ ਸੀ। ਅਮਨ ਨੇ ਮੈਨੂੰ ਕਿੰਨੇ ਹੀ ਅਪਾਰਟਮੈਂਟ ਵਿਖਾਏ ਸਨ ਪਰ ਉਹਨਾਂ ਵਿਚੋਂ ਮੈਨੂੰ ਅਜੇ ਤਕ ਕੋਈ ਵੀ ਪਸੰਦ ਨਹੀਂ ਸੀ ਆਇਆ। ਹਰ ਇਕ ਅਪਾਰਟਮੈਂਟ ਨੂੰ ਵੇਖ ਕੇ ਮੈਨੂੰ ਜਾਪਦਾ ਕਿ ਮੈਨੂੰ ਇੱਥੇ ਕੁਝ ਜ਼ਰੂਰ ਹੋ ਜਾਵੇਗਾ। ਸਭਨਾਂ ਵਿਚ ਹੀ ਜਗ੍ਹਾ ਤੰਗ-ਤੰਗ ਜਾਪਦੀ। ਮੇਰਾ ਸਾਹ ਘੁੱਟਦਾ। ਮੈਂ ਅੰਦਰ ਵੜਨ ਸਾਰ ਹੀ ਨਾਂਹ ਕਰ ਦਿੰਦੀ। ਹਾਲੇ ਤਕ ਕੋਈ ਵੀ ਜਗ੍ਹਾ ਮੈਨੂੰ ਪਸੰਦ ਨਹੀਂ ਸੀ ਆ ਰਹੀ। ਮੇਰਾ ਦਿਲ ਡੁੱਬਦਾ ਕਿਉਂਕਿ ਮੇਰੇ ਘਰ ਨੂੰ ਖਾਲੀ ਕਰਨ ਦੀ ਤਾਰੀਖ ਨੇੜੇ ਆ ਰਹੀ ਸੀ।

ਨਿਆਣੇ ਪੂਰੇ ਖੁਸ਼ ਸਨ। ਉਹ ਮੈਨੂੰ ਹੁਣ ਅਕਸਰ ਹੀ ਫੋਨ ਕਰਦੇ। ਮੇਰਾ ਹਾਲ-ਚਾਲ ਪੁੱਛਦੇ। ਪਰ ਅੱਗੇ ਕੀ ਕਰਨਾ ਮੈਂ ਕਿੱਥੇ ਰਹਿਣਾ ਮੈਨੂੰ ਕੁਝ ਵੀ ਨਹੀਂ ਸੀ ਪਤਾ। ਨਾ ਹੀ ਉਹ ਮੈਨੂੰ ਕੁਝ ਦੱਸਦੇ ਸਨ। ਕਿੰਨੀ ਵਾਰੀ ਵੱਡੇ ਮੁੰਡੇ ਦੀਪ ਨੂੰ ਪੁੱਛ ਚੁੱਕੀ ਸਾਂ ਉਹ ਹਰ ਵਾਰ ਇਹ ਹੀ ਆਖਦਾ,"ਮਾਂ ਤੂੰ ਫਿਕਰ ਨਾ ਕਰ ਅਸੀਂ ਤੇਰੇ ਲਈ ਸਾਰੇ ਹੈਗੇ ਹਾਂ। ਆਪੇ ਤੇਰਾ ਸਭ ਇੰਤਜ਼ਾਮ ਹੋ ਜਾਵੇਗਾ।"

ਕਦੇ-ਕਦੇ ਉਹ ਮੈਨੂੰ ਮਜ਼ਾਕ ਕਰਦਾ ਹੋਇਆ ਇਹ ਵੀ ਆਖਦਾ, "ਮਾਂ, ਹੁਣ ਅਸੀਂ ਤੈਨੂੰ ਸੀਨੀਅਰ ਹੋਮ ਵਿਚ ਛੱਡ ਦੇਣਾ ਹੈ। ਮੇਰਾ ਦੋਸਤ ਉੱਥੇ ਮੈਨੇਜ਼ਰ ਹੈ। ਤੇਰਾ ਨੰਬਰ ਛੇਤੀ ਹੀ ਲੱਗ ਜਾਵੇਗਾ।"

"ਉੱਥੇ ਤਾਂ ਬੁੱਢੇ ਰਹਿੰਦੇ ਹਨ। ਮੈਂ ਕਿਹੜਾ ਬੁੱਢੀ ਹਾਂ। ਦੇਖ ਚੰਗੀ ਭਲੀ ਅੱਛੀ ਖਾਸੀ ਹਾਂ।" ਮੈਂ ਵੀ ਉਸਦੀ ਗੱਲ ਨੂੰ ਮਜ਼ਾਕ ਵਿਚ ਲੈਂਦੀ ਹੋਈ ਆਖਦੀ।

ਮੈਂ ਦੀਪ ਦੀ ਗੱਲ ਸੁਣ ਕੇ ਬੇਫਿਕਰ ਹੋ ਗਈ। ਮੈਨੂੰ ਜਾਪਦਾ ਸੀ ਕਿ ਹੁਣ ਮੈਂ ਨਿਆਣਿਆਂ ਦੇ ਨਾਲ਼ ਹੀ ਰਹਾਂਗੀ। ਮੈਂ ਬਹੁਤ ਖੁਸ਼ ਸਾਂ। ਹੁਣ ਮੈਨੂੰ ਤਿੰਨੇ ਮੁੰਡੇ ਤੇ ਉਹਨਾਂ ਦੇ ਪਰਿਵਾਰ ਨੇੜੇ ਆਉਂਦੇ ਜਾਪਦੇ ਸਨ।

ਘਰ ਖਾਲੀ ਕਰਨ ਦੀ ਤਾਰੀਖ ਵਿਚ ਅਜੇ ਦੋ ਹਫਤੇ ਬਾਕੀ ਸਨ। ਤਿੰਨੇ ਮੁੰਡੇ ਆਪਣੇ-ਆਪਣੇ ਪਰਿਵਾਰਾਂ ਸਮੇਤ ਮੇਰੇ ਕੋਲ਼ ਪਹੁੰਚ ਚੁੱਕੇ ਸਨ। ਹੁਣ ਮੈਂ ਬੇਫਿਕਰ ਹੋ ਗਈ ਸਾਂ। ਸਮਾਨ ਦਾ ਜੋ ਮੈਨੂੰ ਫਿਕਰ ਸੀ ਕਿ ਕਿਸ ਤਰ੍ਹਾਂ ਵੰਡਣਾ ਹੈ ਉਹ ਮੈਨੂੰ ਹੁਣ ਘਟ ਗਿਆ ਸੀ। ਮੈਨੂੰ ਜਾਪਦਾ ਸੀ ਕਿ ਨਿਆਣੇ ਜੋ ਜੋ ਚੀਜ਼ ਜਿਹਨੂੰ-ਜਿਹਨੂੰ ਚਾਹੀਦੀ ਹੈ ਆਪੇ ਹੀ ਲੈ ਲੈਣਗੇ। ਮੈਨੂੰ ਆਪਣੇ ਲਈ

ਹੁਣ ਜ਼ਿਆਦਾ ਸਮਾਨ ਦੀ ਜ਼ਰੂਰਤ ਨਹੀਂ ਸੀ।

ਮੈਂ ਬਹੁਤ ਹੀ ਖੁਸ਼ ਸਾਂ। ਮੈਨੂੰ ਮੇਰਾ ਘਰ ਭਰਿਆ-ਭਰਿਆ ਜਾਪਦਾ ਸੀ। ਛੋਟੇ ਪੋਤੀਆਂ-ਪੋਤੇ ਮੈਨੂੰ ਗਰੈਂਡਮਾਂ-ਗਰੈਂਡਮਾਂ ਕਰਦੇ ਮੇਰੇ ਅੱਗੇ-ਪਿੱਛੇ ਫਿਰ ਰਹੇ ਸਨ। ਨੂੰਹਾਂ ਮੈਨੂੰ ਕਿਸੇ ਵੀ ਕੰਮ ਨੂੰ ਹੱਥ ਨਹੀਂ ਸੀ ਲਾਉਣ ਦਿੰਦੀਆਂ। ਮੰਮੀ-ਮੰਮੀ ਕਰਦੇ ਨਿਆਣਿਆਂ ਦਾ ਮੂੰਹ ਸੁੱਕਦਾ ਸੀ। ਮੈਨੂੰ ਉਸ ਸਮੇਂ ਆਪਣੇ ਸਰਦਾਰ ਜੀ ਦੀ ਪੂਰੀ ਯਾਦ ਆ ਰਹੀ ਸੀ। ਮੈਂ ਸੋਚਦੀ ਸਾਂ ਕਿ ਜੇਕਰ ਅੱਜ ਉਹ ਜਿਉਂਦੇ ਹੁੰਦੇ ਤਾਂ ਉਹ ਵੇਖਦੇ ਕਿ ਘਰ ਨੂੰ ਕਿਸ ਤਰ੍ਹਾਂ ਰੰਗ-ਭਾਗ ਲੱਗੇ ਹੋਏ ਹਨ।

ਹਫਤਾ ਦਸ ਦਿਨ ਪੂਰੇ ਵਿਆਹ ਵਾਂਗ ਗੁਜ਼ਰੇ ਸਨ। ਪੂਰਾ ਪਰਿਵਾਰ ਜਦ ਇਕੱਠਾ ਹੋ ਕੇ ਬਹਿੰਦਾ ਤਾਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ। ਮੈਂ ਵਾਹਿਗੁਰੂ ਅੱਗੇ ਮਨ ਵਿਚ ਸੌ ਵਾਰ ਹੱਥ ਜੋੜਦੀ। ਮੁੰਡੇ ਉੱਚੀ-ਉੱਚੀ ਹੱਸਦੇ ਤਾਂ ਮੈਨੂੰ ਬਹੁਤ ਹੀ ਚੰਗੇ ਲੱਗਦੇ। ਮੈਨੂੰ ਆਪਣੀ ਜੁਆਨੀ ਵਾਲ਼ੇ ਦਿਨ ਯਾਦ ਆਉਂਦੇ ਜਦੋਂ ਇਹ ਨਿੱਕੇ ਹੁੰਦੇ ਹੱਸਦੇ ਹੁੰਦੇ ਸਨ। ਇਹੋ ਜਿਹਾ ਘਰ ਦਾ ਖੁਸ਼ਗਵਾਰ ਮਾਹੌਲ ਮੈਨੂੰ ਕਿੰਨੇ ਹੀ ਸਾਲਾਂ ਬਾਅਦ ਵੇਖਣ ਨੂੰ ਮਿਲ਼ਿਆ ਸੀ। ਬਹੁਤ ਸਾਰੇ ਸਾਲਾਂ ਤੋਂ ਮੈਂ ਇਸ ਘਰ ਵਿਚ ਇਕੱਲੀ ਹੀ ਰਹਿ ਰਹੀ ਸਾਂ।

ਮੈਂ ਇਕੱਠੇ ਬੈਠੇ ਤੇਹਾਂ ਮੁੰਡਿਆਂ ਨੂੰ ਚੋਰੀ-ਚੋਰੀ ਵੇਖਦੀ ਤਾਂ ਕਿ ਮੇਰੀ ਕਿਧਰੇ ਨਜ਼ਰ ਹੀ ਨਾਂ ਲੱਗ ਜਾਵੇ।

ਘਰ ਦੀ ਚਾਬੀ ਦੇਣ ਵਿਚ ਅਜੇ ਸੱਤ ਦਿਨ ਬਾਕੀ ਸਨ। ਲਿਖ-ਲਿਖਾਈ ਦਾ ਕੰਮ ਕੱਲ ਨੂੰ ਹੋ ਜਾਣਾ ਸੀ। ਪੈਸੇ ਵੀ ਸਾਰੇ ਕੱਲ ਨੂੰ ਮਿਲ਼ ਜਾਣੇ ਸਨ। ਤਿੰਨੇ ਮੁੰਡੇ ਤੇ ਬਹੂਆਂ ਪੂਰੇ ਖੁਸ਼ ਸਨ। ਉਹ ਸਾਰੇ ਇਕੱਠੇ ਲਿਵਿੰਗ ਰੂਮ ਵਿਚ ਬੈਠੇ ਸਨ। ਮੈਂ ਬਾਹਰ ਬੱਚਿਆਂ ਨਾਲ਼ ਖੇਡ ਰਹੀ ਸਾਂ। ਲਿਵਿੰਗ ਰੂਮ ਅੰਦਰੋਂ ਪੂਰੇ ਹਾਸੇ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮੈਂ ਸਾਰੇ ਜਾਣਿਆਂ ਨੂੰ ਹੱਸਦੇ ਵੇਖ ਉਹਨਾਂ ਵਿਚ ਸ਼ਾਮਲ ਹੋਣ ਲੱਗਦੀ ਹਾਂ ਤਾਂ ਅੰਦਰੋਂ ਇਕ ਆਵਾਜ਼ ਆਉਂਦੀ ਮੇਰੇ ਕੰਨਾਂ ਵਿਚ ਪੈਂਦੀ ਹੈ, "ਕੱਲ ਨੂੰ ਬਾਰਾਂ ਲੱਖ ਡਾਲਰ ਮਿਲ਼ੇਗਾ। ਤਿੰਨੇ ਜਾਣਿਆਂ ਦੇ ਹਿੱਸੇ ਪੂਰਾ ਚਾਰ-ਚਾਰ ਲੱਖ ਆਵੇਗਾ।"

ਇਹ ਸੁਣ ਮੇਰੇ ਕਦਮ ਅੱਗੇ ਵਧਦੇ-ਵਧਦੇ ਥਾਏਂ ਰੁਕ ਜਾਂਦੇ ਹਨ। 000

***(14516 - 74A Ave, Surrey, BC, V3S 8Z8 Canada***
***Phone +17788925122***
***Email: jasbirmann21@icloud.com)***

# ਸ਼ਿਕੰਜਾ: ਕਹਾਣੀ: ਰਵਿੰਦਰ ਰੁਪਾਲ ਕੌਲਗੜ੍ਹ

ਲੰਚ ਬਰੇਕ ਵਿਚ, ਮਿਸਟਰ ਰਾਠੌਰ ਨੇ ਮੈਨੂੰ ਮੇਰੀ ਖੁਸ਼ੀ ਦਾ ਕਾਰਨ ਪੁੱਛਿਆ, "ਕਿਵੇਂ ਐੈਂ ਇੰਜਨੀਅਰ ਸਾਬ੍ਹ, ਅੱਜ ਤਾਂ ਤੁਸੀਂ ਬੜੇ ਖੁਸ਼ ਖੁਸ਼ ਦਿਖਾਈ ਦੇ ਰਹੇ ਹੋ...?"

"ਖੁਸ਼...? ਖੁਸ਼ ਤਾਂ ਭਰਾਵਾ ਮੈਂ ਆਪੇ ਨਜ਼ਰ ਆਉਣੈ, ਮੈਨੂੰ ਪਿਛਲੇ ਤਿੰਨ ਸਾਲਾਂ ਤੋਂ ਚੜ੍ਹਿਆ ਹੋਇਆ "ਠੰਡਾ ਬੁਖਾਰ" ਜੋ ਅੱਜ ਉੱਤਰ ਗਿਆ।

ਠੰਡਾ ਬੁਖਾਰ...? ਉਹ ਕਿਵੇਂ ਭਲਾ? ਦੋਸਤ ਨੇ ਹੈਰਾਨੀ ਵਾਲੇ ਲਹਿਜੇ 'ਚ ਪੁੱਛਿਆ

"ਉਹੀਓ...ਝੂਠ ਬੋਲ ਕੇ ਲਵ ਮੈਰਿਜ ਕਰਾਉਣ ਵਾਲਾ, ਜਿਹਦੇ ਕਰਕੇ ਮੈਨੂੰ ਹਮੇਸ਼ਾ ਤੇਈਆ ਤਾਪ ਚੜ੍ਹਿਆ ਰਹਿੰਦਾ ਸੀ ਕਿ ਮੇਰੀ ਜਾਤ ਵਾਲਾ ਬੋਲਿਆ ਹੋਇਆ ਝੂਠ, ਕਿਤੇ ਫੜਿਆ ਹੀ ਨਾ ਜਾਵੇ, ਜਿਸ ਨੇ ਮੈਨੂੰ ਅੱਜ ਇਕ ਸਬਕ ਵੀ ਨਾਲੇ ਦੇ ਦਿੱਤੈ, ਕਿ ਜ਼ਿੰਦਗੀ ਵਿਚ ਸਾਲ਼ਾ ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ ਬੰਦੇ ਨੂੰ। ਝੂਠ ਤਾਂ ਝੂਠ ਹੀ ਹੁੰਦੈ, ਜਿਹੜਾ ਕਦੇ ਵੀ ਫੜਿਆ ਜਾ ਸਕਦੈ, ਉੱਪਰੋਂ ਇਸ ਬੱਜਰ ਗ਼ਲਤੀ ਦੀ ਸ਼ਰਮਿੰਦਗੀ ਅਲੱਗ, ਇਵੇਂ ਹੀ ਰਾਤੀਂ ਸੁਪਨੇ ਵਿਚ ਮੇਰਾ ਮਾਨਸਿਕ ਤਣਾਉ ਵਧਣ ਕਰਕੇ, ਨਿਸ਼ਾ ਸਾਹਮਣੇ ਮੇਰੀ ਅਸਲੀ ਜਾਤ ਵਾਲਾ ਭੇਤ ਖੁੱਲ੍ਹ ਗਿਆ, ਪਰ ਫੇਰ ਪੱਤ ਵੀ 'ਓਸ' ਨੇ ਆਪੇ ਰੱਖ ਲਈ...ਸਭ ਕੁਝ ਠੀਕ ਹੋ ਗਿਆ। ਮੈਂ ਸ਼ੁਕਰਾਨੇ ਵਜੋਂ ਦੋਵੇਂ ਹੱਥ ਉੱਪਰ ਨੂੰ ਚੁੱਕੇ।

"ਮੈਂ ਕੁਝ ਸਮਝਿਆ ਨਹੀਂ, ਭੇਤ ਵੀ ਖੁੱਲ੍ਹ ਗਿਆ ਤੇ ਫਿਰ ਆਪੇ ਸਭ ਕੁਝ ਠੀਕ ਕਿਵੇਂ ਹੋ ਗਿਆ, ਕੀ ਉਸ ਨੂੰ ਤੇਰੀ ਜਾਤ ਉੱਤੇ ਕੋਈ ਸ਼ੱਕ ਪੈ ਗਿਆ ਸੀ? ਸਗੋਂ ਤੂੰ ਤਾਂ ਸਾਰੀ ਉਮਰ ਲਈ ਪੱਕੀ ਠਾਣੀ ਹੋਈ ਸੀ ਕਿ ਮਰਨੀ ਮਰ ਜਾਊਂ, ਪਰ ਨਿਸ਼ਾ ਨੂੰ ਜਾਤ ਵਾਲਾ ਭੇਤ ਨਹੀਂ ਖੁੱਲ੍ਹਣ ਦਿੰਦਾ ਕਦੀ," ਮਿਸਟਰ ਰਾਠੌਰ ਨੇ ਮੈਨੂੰ ਚੇਤਾ ਕਰਵਾਉਂਦੇ, ਪੁੱਛਿਆ।

"ਇਹ ਜਾਤ ਵਾਲਾ ਸੱਚ ਤਾਂ ਖੂਨ 'ਚ ਛੁਪਿਆ ਹੁੰਦੈ ਬੰਦੇ ਦੇ, ਤੇ ਉਹ ਸੱਚ ਆਪਦਾ ਪਹਿਰਾ, ਹਮੇਸ਼ਾ ਜੀਭ ਉੱਤੇ ਹੀ ਰੱਖਦੈ, ਏਸ ਕਰਕੇ ਮੈਂ ਹੌਲ਼ੀ ਹੌਲ਼ੀ ਫਸਦਾ ਚਲਾ ਗਿਆ"।

"ਅੱਛਾ... ਉਹ ਕਿਵੇਂ ਭਲਾ?"

ਮੇਰੀ ਜਾਤ ਵਾਲੀ ਗੱਲ ਤਾਂ ਉਹ ਪਹਿਲੇ ਦਿਨ ਤੋਂ ਹੀ, ਹਰੇਕ ਨਿੱਕੀ-ਨਿੱਕੀ ਗੱਲ ਉੱਤੇ ਨੋਟ ਕਰਦੀ ਰਹਿੰਦੀ ਸੀ, ਜਿਸ ਵੱਲ ਮੈਂ ਬਹੁਤਾ ਧਿਆਨ ਨਹੀਂ ਸੀ ਦਿੰਦਾ, ਹੋਇਆ ਇੰਝ, ਅਸੀਂ ਆਪਣੇ ਵਿਆਹ ਦੇ ਮਹੀਨੇ ਕੁ ਮਗਰੋਂ ਪਹਿਲੇ ਦਿਨ ਬਾਹਰ ਕਿਸੇ ਹੋਟਲ 'ਚ ਖਾਣਾ ਖਾਣ ਗਿਆਂ ਨੇ, ਉੱਥੇ ਕੰਮ ਕਰ ਰਹੇ ਇਕ ਵੇਟਰ ਨੂੰ ਹਾਕ ਮਾਰ ਕੇ ਦੁਬਾਰਾ ਆਪਣੇ ਕੋਲ਼ ਬੁਲਾਇਆ, ਤਾਂ ਮੈਂ ਉਸ ਨੂੰ ਅੱਧ-ਗੁੱਸੇ ਜਿਹੇ 'ਚ ਉਸ ਦੇ ਹੁਣੇ ਹੁਣੇ ਸਾਫ ਕੀਤੇ ਹੋਏ ਟੇਬਲ ਵੱਲ ਉਂਗਲ ਕਰਕੇ ਕਿਹਾ, 'ਉਏ ਇਉਂ ਕੱਪੜਾ ਫੇਰੀਦੈ ਟੇਬਲ ਉੱਤੇ, ਜਿਵੇਂ ਦਰਵਾਜ਼ੇ 'ਚ ਬਿਰਲਾਂ ਪਈਆਂ ਹੋਣ', ਏਨੀ ਪੁਰਾਣੀ ਗੱਲ ਮੈਨੂੰ ਅੱਜ ਵੀ ਕੱਲ੍ਹ ਵਾਂਗ ਯਾਦ ਐ, ਵੇਟਰ ਸਾਡੇ ਟੇਬਲ ਨੂੰ ਕਾਹਲ਼ ਜਿਹੀ 'ਚ ਸਾਫ਼ ਕਰ ਕੇ, ਉਸ ਉੱਪਰ ਲੀਕਾਂ ਜਿਹੀਆਂ ਵਾਹ ਗਿਆ ਸੀ।

ਸਾਹਮਣੇ ਵਾਲੀ ਕੁਰਸੀ ਉੱਤੇ ਬੈਠੀ ਹੋਈ ਨਿਸ਼ਾ ਵੀ ਉਸ ਨੂੰ ਬੋਲਣ ਲੱਗ ਪਈ 'ਚੰਗੀ ਤਰ੍ਹਾਂ ਸਾਫ਼ ਕਰ ਇਹ੍ਨੂੰ, ਤੂੰ ਤਾਂ ਇਉਂ ਫਾਹਾ ਵੱਢ ਗਿਐਂ, ਜਿਵੇਂ ਖੇਤ ਵਿਚ 'ਹਲ਼' ਵਾਹਿਆ ਪਿਆ ਹੋਵੇ, ਆਖਰ ਨੂੰ ਅਸੀਂ ਖਾਣਾ-ਖਾਣੈ ਏਥੇ ਬੈਠ ਕੇ, ਸਫ਼ਾਈ ਦਾ ਭੋਰਾ ਤਾਂ ਖ਼ਿਆਲ ਰੱਖਿਆ ਕਰੋ।'

ਸਾਡੇ ਦੋਹਾਂ ਜਣਿਆਂ ਦੇ ਮੂੰਹੋਂ ਵੱਖੋ-ਵੱਖਰੀ ਤਰ੍ਹਾਂ ਦੇ ਬੋਲ ਸੁਣ ਕੇ, ਉਹ ਸਾਡੇ ਮੂੰਹ ਵੱਲ ਝਾਕਣ ਲੱਗਿਆ, ਸ਼ਾਇਦ ਵਿਚਾਰਾ ਸੋਚਦਾ ਹੋਵੇ, ਕਿ ਇਨ੍ਹਾਂ ਦੋਵਾਂ ਦਾ ਆਪਸ ਵਿਚ ਸੁਰ ਤਾਲ ਤਾਂ ਮਿਲਦਾ ਹੈ ਨਹੀਂ, ਪਤਾ ਨਹੀਂ ਹੋਰ ਕੀ ਸੋਚਦਾ ਸੋਚਦਾ, ਉਹ ਫਿਰ ਸਹਿਜ ਨਾਲ ਟੇਬਲ ਉੱਤੇ

ਕੱਪੜਾ ਫੇਰ ਕੇ ਖਿਸਕ ਗਿਆ ਸੀ, 'ਹਾਂ ਹੁਣ ਠੀਕ ਐ, ਜਿਵੇਂ ਲੱਕੜ ਉਤੇ ਰੰਦਾ ਫੇਰਿਆ ਹੋਵੇ', ਮੈਂ ਟੇਬਲ ਉੱਤੇ ਉਂਗਲ ਫੇਰਦਿਆਂ ਕਿਹਾ।

ਅੱਗੋਂ ਮੇਰੀ ਪਤਨੀ ਨੇ ਵੀ ਮੇਰੇ ਬੋਲਾਂ ਦੀ ਪ੍ਰੋੜਤਾ ਕਰ ਦਿੱਤੀ, 'ਹੁਣ ਬਿਲਕੁਲ ਠੀਕ ਐ ਜਿਵੇਂ ਖੇਤ 'ਚ ਸੁਹਾਗਾ ਫੇਰਿਆ ਹੋਵੇ'। ਅਸੀਂ ਇਕ ਦੂਜੇ ਦੇ ਮੂੰਹੋਂ ਇਹ ਬੋਲ ਸੁਣ ਕੇ, ਆਪਸ ਵਿਚ ਅੱਖਾਂ ਮਿਲਾਉਣੋਂ ਵੀ ਝਿਜਕਣ ਲੱਗੇ।

ਐਨੀ ਦੇਰ 'ਚ ਕੋਈ ਦੂਸਰਾ ਵੇਟਰ ਪਤਨੀ ਕੋਲੋਂ ਆਡਰ ਲੈਣ ਵਾਸਤੇ ਆ ਗਿਆ, ਉਹ ਮੀਨੂ ਕਾਰਡ ਦੇਖ ਕੇ ਉਸ ਨੂੰ ਆਡਰ ਦੇਣ ਲੱਗੀ, ਏਧਰ ਮੇਰੇ ਕੋਲ਼ ਟੇਬਲ ਸਾਫ਼ ਕਰਨ ਵਾਲਾ ਉਹੀਓ ਵੇਟਰ, ਤੀਜੀ ਵਾਰ ਫਿਰ ਆ ਧਮਕਿਆ, ਜਿਵੇਂ ਉਸ ਨੂੰ ਕੋਈ ਗ਼ੁੱਸਾ ਚੜ੍ਹਿਆ ਹੋਵੇ, ਅਪਦੇ ਹੱਥਾਂ ਵਿਚ ਫੜੇ ਹੋਏ ਮੈਲ਼ੇ ਕੁਚੈਲੇ ਜਿਹੇ ਕੱਪੜੇ ਨੂੰ ਘੁੱਟ ਕੇ ਨਿਚੋੜਦਾ ਹੋਇਆ ਮੈਨੂੰ ਬੋਲਿਆ, 'ਭਲਾ ਤੂੰ ਸੰਤੂ ਤਖਾਣ ਦਾ ਮੁੰਡਾ ਨੀਂ?'

ਉਸ ਦੇ ਮੂੰਹੋਂ ਇਹ ਸਚਾਈ ਸੁਣ ਕੇ ਮੇਰੇ ਤਾਂ ਹੋਸ਼ ਉੜ ਗਏ, ਪਰ ਮੇਰੀ ਪਤਨੀ ਨੂੰ ਬਹੁਤਾ ਪਤਾ ਨਹੀਂ ਚੱਲਿਆ, ਕਿਉਂਕਿ ਉਹ ਉਸ ਵਕਤ ਦੂਜੇ ਵੇਟਰ ਨੂੰ ਆਡਰ ਦੇਣ 'ਚ ਉਲਝੀ ਹੋਈ ਸੀ।

ਮੈਂ ਉਸ ਵੇਟਰ ਵੱਲ ਬਗ਼ੈਰ ਦੇਖੇ ਹੀ ਨਾਂਹ ਵਿਚ ਸਿਰ ਮਾਰ ਦਿੱਤਾ ਤਾਂ ਉਹ ਤੁਰੰਤ ਤੁਰਦਾ ਬਣਿਆ, ਮੈਨੂੰ ਤਾਂ ਸੁੱਖ ਦਾ ਸਾਹ ਆ ਗਿਆ ਜਣੀ, ਬੁਰੇ ਫਸੇ ਸੀ, ਅੱਜ ਤੋਂ ਬਾਅਦ ਇਸ ਹੋਟਲ 'ਚ, ਸਾਲ਼ਾ ਖਾਣਾ ਹੀ ਖਾਣ ਨਹੀਂ ਆਉਣਾ, ਐਵੇਂ ਸਾਲ਼ੀ ਬਣੀ ਬਣਾਈ ਪੋਲ੍ਹ ਖੁੱਲ੍ਹਜੂ, ਸਚਾਈ ਸਾਹਮਣੇ ਆਉਣ ਕਰਕੇ ਫੇਰ ਮੈਂ ਨਿਸ਼ਾ ਨਾਲ ਅੱਖਾਂ ਮਿਲਾਉਣ ਜੋਗਾ ਵੀ ਨਹੀਂ ਰਹਿਣਾ, ਸਾਰਾ ਕੁਝ ਝੂਠ ਬੋਲ ਕੇ ਤਾਂ ਮੈਂ ਇਸ ਨਾਲ ਮੈਰਿਜ਼ ਕਰਵਾਈ ਐ, ਸਭ ਭੈਣ ਭਰਾਵਾਂ ਅਤੇ ਮਾਂ ਪਿਉ ਨੂੰ ਇਸ ਦੇ ਪਿੱਛੇ ਜਿਊਂਦੇ ਜੀਅ ਮਾਰ ਮੁਕਾਇਐ, ਕੋਈ ਕਜੀਆ ਹੀ ਨਾ ਛਿੜਜੇ, ਮੈਂ ਅਪਦੇ ਮਨੋਂ ਮਨੀ ਹੀ ਉਲਝਿਆ ਪਿਆ ਸਾਂ।

ਕੀ ਸੋਚਦੇ ਹੋ...? ਮੈਂ ਆਡਰ ਦੇ ਦਿੱਤਾ ਹੈ, ਉਸ ਦੇ ਇਹ ਬੋਲ ਸੁਣ ਕੇ ਮੈਨੂੰ ਲੱਗਿਆ ਜਿਵੇਂ ਮੈਂ ਆਪਣੇ ਪਿੰਡੋਂ ਵਾਪਸ ਮੁੜਿਆ ਹੋਵਾਂ, ਮੈਂ ਮਸਾਂ ਹੀ ਉਸ ਨੂੰ ਕਿਹਾ, ਠੀਕ ਕੀਤਾ।

ਮੈਂ ਨਿਸ਼ਾ ਨੂੰ ਇਉਂ ਕਹਿ ਕੇ ਆਪ ਫੇਰ ਉਸ ਵੇਟਰ ਬਾਰੇ ਸੋਚਣ ਲੱਗਿਆ, 'ਇਹ ਵੇਟਰ ਸਾਲ਼ਾ ਕੀਹਦੀ ਔਲਾਦ ਐ ਸਾਡੇ ਪਿੰਡ 'ਚੋਂ?' ਮੈਂ ਆਪਣੇ ਆਪ ਨੂੰ ਸੁਆਲ ਕੀਤਾ, ਕਿਉਂਕਿ ਉਸ ਵਕਤ ਸਾਰਾ ਪਿੰਡ ਮੇਰੇ ਦਿਮਾਗ਼ ਵਿਚ ਘੁੰਮ ਰਿਹਾ ਸੀ। ਅੱਧ ਤੋਂ ਵੱਧ ਪਿੰਡ ਨਾਲ ਮੈਂ ਉਸ ਵੇਟਰ ਦਾ ਮੜ੍ਹੰਗਾ ਮਿਲਾਉਂਦਾ ਰਿਹਾ, ਪਰ ਉਸ ਦੀ ਸ਼ਕਲ ਕਿਸੇ ਨਾਲ ਵੀ ਮੇਲ ਨਹੀਂ ਖਾ ਰਹੀ ਸੀ, ਮੈਨੂੰ ਕੋਈ ਸਮਝ ਨਹੀਂ ਸੀ ਆ ਰਹੀ। ਹੁਣ ਮੈਂ ਚੋਰ ਨਜ਼ਰਾਂ ਨਾਲ ਉਸ ਵੇਟਰ ਵੱਲ ਵੇਖ ਰਿਹਾ ਸਾਂ, ਕਿਤੇ ਫਿਰ ਨਾ ਆ ਧਮਕੇ, ਉਹ ਕਿਹੜਾ ਮੇਰੇ ਅਤੇ ਨਿਸ਼ਾ ਦੇ ਬਾਰੇ 'ਚ ਕੁੱਝ ਜਾਣਦੈ, ਹੋਰ ਨਾ ਕਿਤੇ ਸਾਡੀ ਵਿਆਹੁਤਾ ਜ਼ਿੰਦਗੀ 'ਚ ਤਰੇੜ ਪਾ ਦੇਵੇ।

ਪਹਿਲੋਂ ਮੇਰੀ ਪਤਨੀ ਨੇ ਗੋਲ਼ ਗੱਪੇ ਮੰਗਵਾਏ ਸਨ, ਕੋਈ ਹੋਰ ਵੇਟਰ ਆ ਕੇ ਸਾਡੇ ਟੇਬਲ ਉੱਤੇ ਗੋਲ਼ ਗੱਪਿਆਂ ਦੀ ਪਲੇਟ ਰੱਖ ਗਿਆ ਸੀ, ਹੁਣ ਮੈਂ ਗੋਲ਼ ਗੱਪਾ ਚੁੱਕ ਕੇ ਆਪਣੇ ਮੂੰਹ 'ਚ ਪਾ ਰਿਹਾ ਸਾਂ, ਉਹ ਤਾਂ ਮੇਰੇ ਮੂੰਹ 'ਚ ਇਸ ਤਰ੍ਹਾਂ ਅੜ ਗਿਆ, ਜਿਵੇਂ ਉਹ ਮੂੰਹ ਵਿਚ ਜਾ ਕੇ ਚੌਰਸ ਹੋ ਗਿਆ ਹੋਵੇ। ਮੈਂ ਉਸ ਨੂੰ ਖਾਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਉਹ ਤਾਂ ਮੇਰੇ ਮੂੰਹ 'ਚ ਇਸ ਤਰ੍ਹਾਂ ਫਿੱਟ ਹੋਈ ਜਾਂਦਾ ਸੀ, ਜਿਵੇਂ ਪਾਵੇ ਵਿਚ ਬਾਹੀ ਦੀ ਚੂਲ, ਅਚਾਨਕ ਮੈਨੂੰ ਹੱਥੂ ਜਿਹਾ ਆ ਗਿਆ।

ਕੀ ਕਰਦੇ ਹੋ...? ਪਤਨੀ, ਨੈਪਕਿਨ ਚੁੱਕ ਕੇ ਆਪਣੀ ਬਾਂਹ ਉੱਤੇ ਫੇਰਦੀ ਹੋਈ, ਹਲਕੇ ਜਿਹੇ ਗ਼ੁੱਸੇ 'ਚ ਮੈਨੂੰ ਪੁੱਛ ਰਹੀ ਸੀ।

ਮੈਂ ਮਸੀਂ ਗੋਲ ਗੱਪੇ ਨੂੰ ਅੰਦਰ ਧੱਕਦੇ ਹੋਇਆ ਪੁੱਛਿਆ, ਕੀ ਹੋਇਆ...?

ਕੁਝ ਨਹੀਂ...ਉਹ ਕੋਲ਼ ਡਸਟਬਿਨ 'ਚ ਨੈਪਕਿਨ ਨੂੰ ਤੁੱਥ ਮੁੱਥ ਕਰਕੇ ਸੁੱਟਦੀ ਹੋਈ ਬੋਲੀ।

ਪਰ ਉਹ ਤਾਂ ਫਟਾਫਟ ਗੋਲ਼ ਗੱਪੇ ਚੁੱਕ ਕੇ ਆਪਣੇ ਮੂੰਹ ਵਿਚ ਪਾਈ ਜਾਂਦੀ ਐ, ਉਸ ਨੂੰ ਇਉਂ ਖਾਂਦੀ ਨੂੰ ਦੇਖ ਕੇ ਮੈਂ ਸੋਚਿਆ, ਇਸ ਦੇ ਮੂੰਹ ਵਿਚ ਗੋਲ਼ ਗੱਪਾ ਚੌਰਸ ਕਿਉਂ ਨਹੀਂ ਹੁੰਦਾ ਯਾਰ...?

'ਖਾਉ--ਖਾਉ, ਮੇਰੇ ਮੂੰਹ ਵੱਲ ਕੀ ਝਾਕਦੇ ਹੋ', ਹੁਣ ਉਹ ਆਪਣੇ ਰੁਮਾਲ ਨਾਲ ਮੂੰਹ ਸਾਫ਼ ਕਰਦੀ ਹੋਈ ਮੈਨੂੰ ਕਹਿ ਰਹੀ ਸੀ।

ਪਰ ਉਸ ਵਕਤ ਮੇਰੇ ਦਿਮਾਗ਼ ਵਿਚ 'ਸੰਤੂ ਤਖਾਣ ਦਾ ਮੁੰਡਾ' ਸ਼ਬਦ ਘੁੰਮ ਰਿਹਾ ਸੀ, ਜੀਅ ਕਰਦਾ ਸੀ ਕਿ ਉਸ ਵੇਟਰ ਨੂੰ ਕੋਲ਼ ਬੁਲਾ ਕੇ ਉਸ ਦੇ ਇਕ ਥੱਪੜ ਜੜ ਦਿਆਂ ਜ਼ੋਰ ਦੀ, ਪਰ ਉਹ ਕਿਹੜਾ ਕੋਈ ਝੂਠ ਬੋਲਿਆ ਸੀ, ਸੱਚ ਹੀ ਤਾਂ ਉਸ ਨੇ ਕਿਹਾ ਸੀ, ਮੈਂ ਸੱਚ ਮੁੱਚ ਸੰਤੂ ਤਖਾਣ ਦਾ ਹੀ ਤਾਂ ਮੁੰਡਾ ਹਾਂ, ਪਰ ਇਸ ਵੇਟਰ ਨੂੰ ਮੇਰੇ ਬਾਰੇ ਕਿਵੇਂ ਪਤੈ,,? ਮੇਰੀ ਹੈਰਾਨੀ ਵੀ ਵਧੀ ਜਾ ਰਹੀ ਸੀ ਅਤੇ ਡਰ ਵੀ। ਉਸ ਵੇਟਰ ਦੀ ਸ਼ਕਲ ਮੈਂ ਚੰਗੀ ਤਰ੍ਹਾਂ ਆਪਣੇ ਦਿਮਾਗ਼ ਵਿਚ ਡਾਈ ਵਾਂਗ ਫਿੱਟ ਕਰ ਲਈ,ਇਹ ਸ਼ਹਿਰ 'ਚ ਕਿਧਰੇ ਵੀ ਟੱਕਰੇ, ਮੈਂ ਝੱਟ ਆਪਣਾ ਰਸਤਾ ਬਦਲ ਲਵਾਂਗਾ। ਗੋਲ਼ ਗੱਪਿਆਂ ਤੋਂ ਇਲਾਵਾ ਹੋਰ ਪਤਾ ਨਹੀਂ ਕਿੰਨਾ ਸਾਰਾ ਹੀ ਨਿੱਕ-ਸੁੱਕ ਜਿਹਾ ਖਾ ਕੇ ਬਿੱਲ ਉਤਾਰਦੇ ਸਮੇਂ ਤਕ, ਮੈਨੂੰ ਉਹ ਵੇਟਰ ਦੁਬਾਰਾ ਨਜ਼ਰ ਨਹੀਂ ਸੀ ਆਇਆ। ਜਿਵੇਂ ਕਿਵੇਂ ਕਰਕੇ ਅਸੀਂ ਹੋਟਲ ਦਾ ਬਿੱਲ ਉਤਾਰਦੇ ਚੋਰਾਂ ਵਾਂਗ ਉਸ ਤੋਂ ਅੱਖ ਬਚਾ ਕੇ ਬਾਹਰ ਨਿਕਲ ਆਏ ਸਾਂ, ਉਸ ਦਿਨ ਉੱਥੋਂ ਬਾਹਰ ਆ ਕੇ ਹੀ ਮੈਨੂੰ ਰਾਹਤ ਮਹਿਸੂਸ ਹੋਈ ਸੀ।

ਭਾਵੇਂ ਇਸ ਗੱਲ ਨੂੰ ਬੀਤਿਆ ਉਦੋਂ ਕਈ ਹਫਤੇ ਲੰਘ ਗਏ ਸਨ, ਪਰ ਆਪਣਾ ਸਕੂਟਰ ਉਸ ਹੋਟਲ ਅੱਗੋਂ ਅਜੇ ਵੀ ਨਹੀਂ ਕੱਢਦਾ ਸਾਂ, ਦੂਜੇ ਪਾਸੇ ਦੀ ਭਾਵੇਂ ਮੈਨੂੰ 'ਫੇਰ' ਪੈਂਦਾ ਸੀ, ਪਰ ਮਾਨਸਿਕ ਸੰਤੁਸ਼ਟੀ ਵੀ ਤਾਂ ਮਿਲਦੀ ਸੀ।, ਮੈਂ ਉਸ ਵੇਟਰ ਕਰਕੇ ਆਪਣਾ ਰਸਤਾ ਬਦਲਦਾ ਰਿਹਾ , ਸਾਲ਼ਾ ਚੁੰਨ੍ਹੀਆਂ ਤੇ ਤੇਜ਼ ਅੱਖਾਂ ਵਾਲਾ ਉੱਲੂ, ਕਿਵੇਂ ਆਪਣੀ ਸੜੀ ਜ਼ੁਬਾਨ ਨਾਲ ਮੇਰੇ ਸ਼ਾਂਤ ਮਨ ਅੰਦਰ ਖਲਬਲੀ ਜਿਹੀ ਮਚਾ ਗਿਆ ਸੀ। ਹੁਣ ਬਦਲਿਆ ਹੋਇਆ ਨਵਾਂ ਰਸਤਾ, ਰਾਹਤ ਦੇਣ ਦੇ ਨਾਲ-ਨਾਲ, ਨਵੇਂ ਜੀਵਨ ਵਰਗਾ ਵੀ ਲੱਗਦਾ। ਇਹ ਨਵਾਂ ਰਸਤਾ ਮਹਾਂਵੀਰ ਨਗਰ ਦੂਰਦਰਸ਼ਨ ਵੱਲੋਂ ਦੀ ਘੁੰਮ ਕੇ ਮੇਰੇ ਦਫਤਰ ਵੱਲ ਨੂੰ ਆਉਂਦਾ ਸੀ। ਇਸ ਦੇ ਨਾਲ ਹੀ ਸ਼ੁਕਰ ਐ ਉੱਪਰ ਵਾਲੇ ਦਾ, ਉਸ ਦਿਨ ਨਿਸ਼ਾ ਨੇ ਬਹੁਤਾ ਗੌਲ਼ਿਆ ਨਹੀਂ ਸੀ। ਪਰ ਉਸ ਦਿਨ ਤੋਂ ਮੈਂ ਆਪਣੇ ਚਿਹਰੇ ਉੱਤੇ ਬਨਾਵਟੀ ਮੁਸਕਾਨ ਲਿਆ ਕੇ, ਨਿਸ਼ਾ ਸਾਹਮਣੇ ਪੇਸ਼ ਹੁੰਦਾ ਰਿਹਾ ਸਾਂ।

ਮਹੀਨੇ ਕੁ ਮਗਰੋਂ ਅਚਾਨਕ ਸਾਡੇ ਕਮਰੇ ਦੀ ਘੰਟੀ ਵੱਜੀ ਸੀ, ਜਦੋਂ ਮੈਂ ਦਰਵਾਜ਼ਾ ਖੋਲ੍ਹਣ ਗਿਆ ਸਾਂ, ਤਾਂ ਯਕਦਮ ਮੇਰੇ ਖਿਆਲ 'ਚ ਆਇਆ, ਕਿਤੇ ਉਸ ਹੋਟਲ ਵਾਲਾ ਉਹੀਓ ਵੇਟਰ ਸਾਡੇ ਘਰ ਦਾ ਪਤਾ-ਟਿਕਾਣਾ ਪੁੱਛਦਾ-ਪਛਾਉਂਦਾ ਤਾਂ ਨਹੀਂ ਆ ਬਹੁੜਿਆ! ਜਦੋਂ ਮੈਂ ਕੁੰਡਾ ਖੋਲ੍ਹਿਆ ਤਾਂ ਅੱਗੇ ਬਿਜਲੀ ਦੇ ਬਿੱਲ ਵੰਡਣ ਵਾਲਾ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਦੇਖਿਆ ਤਾਂ ਕਿਤੇ ਜਾ ਕੇ ਮੈਨੂੰ ਸੁੱਖ ਦਾ ਸਾਹ ਆਇਆ। ਪਰ ਮੇਰੇ ਬਿਲਕੁਲ ਪਿੱਛੇ ਨਿਸ਼ਾ ਵੀ ਆ ਕੇ ਖੜ੍ਹ ਗਈ ਸੀ। ਖੈਰ ਉਹ ਬਿੱਲ ਵੰਡਣ ਵਾਲੇ ਭਾਈ ਨੂੰ ਦੇਖਣ ਮਗਰੋਂ ਪਿਛਾਂਹ ਮੁੜ ਗਈ, ਉੱਚੀ ਆਵਾਜ਼ ਵਿਚ ਚਲਦੇ ਹੋਏ ਟੈਲੀਵਿਜ਼ਨ ਨੂੰ ਹੌਲ਼ੀ ਕਰਨ। ਪਰ ਇਹ ਕੀ! ਬਿੱਲ ਵੰਡਣ ਵਾਲਾ ਭਾਈ ਤਾਂ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕੌੜ ਮੱਝ ਵਾਂਗ ਮੇਰੇ ਵੱਲ ਝਾਕ ਰਿਹਾ ਸੀ, ਜਿਵੇਂ ਮੇਰੇ ਨਾਲ ਕੋਈ ਬਹੁਤ ਪੁਰਾਣੀ ਸਿਆਣ ਕੱਢ ਰਿਹਾ ਹੋਵੇ। ਹੁਣ ਜੋ ਡਰ ਮੇਰੇ ਮਨ ਵਿਚ ਉਪਜ ਰਿਹਾ ਸੀ, ਉਹੀਓ ਭਾਣਾ ਵਰਤ ਗਿਆ, ਬਿਲਕੁਲ ਉਸੇ ਵੇਟਰ ਵਾਲੇ ਹੀ ਇਸ ਦੇ ਲਫ਼ਜ਼ ਸਨ, ਅਖੇ 'ਤੂੰ ਯਾਰ ਸੰਤੂ ਤਖਾਣ ਦਾ ਮੁੰਡਾ ਨਹੀਂ...?' ਹਾਏ ਉਏ ਮੇਰਿਆ ਰੱਬਾ, ਮੈਂ ਝੱਟ ਪਿੱਛੇ ਨੂੰ ਝਾਕਿਆ। ਸ਼ੁਕਰ ਐ ਰੱਬ ਦਾ, ਨਿਸ਼ਾ ਕਮਰੇ ਅੰਦਰ ਮੁੜ ਗਈ ਸੀ, ਨਹੀਂ ਤਾਂ ਹੁਣ ਫਸ ਹੀ ਜਾਣਾ ਸੀ।

ਉਸ ਦੇ ਮੂੰਹੋਂ ਇਹ ਬੋਲ ਸੁਣ ਕੇ ਮੇਰਾ ਦਿਲ ਕੀਤਾ ਇਹਨੂੰ ਸਾਲੇ ਨੂੰ ਗਲ਼ਾਮੇ ਤੋਂ ਫੜ ਕੇ ਅੰਦਰ ਖਿੱਚਾਂ ਤੇ ਇਕ ਕਰਾਰਾ ਜਿਹਾ ਥੱਪੜ ਇਸ ਦੇ ਮੂੰਹ 'ਤੇ ਜੜ ਕੇ ਸੁਰਤ ਟਿਕਾਣੇ ਲਿਆ ਦਿਆਂ। ਪਰ ਫੇਰ ਇਕ ਡਰ ਜਿਹੇ ਨਾਲ ਸੋਚਣ ਲੱਗਿਆ ਕਿ ਨਿਸ਼ਾ ਇਸ ਦਾ ਕਾਰਨ ਪੁੱਛੇਗੀ, ਫੇਰ

ਮੈਂ ਭਲਾ ਕੀ ਜੁਆਬ ਦੇਵਾਂਗਾ...? ਫਿਰ ਤਾਂ ਆਪਣੇ ਆਪ ਪੋਲ-ਖੁੱਲਣ ਦਾ ਖਤਰਾ ਐ, ਇਸ ਪਾਗ਼ਲ ਦਾ ਕੀ ਇਤਬਾਰ ਐ, ਨਿਸ਼ਾ ਦੇ ਸਾਹਮਣੇ ਹੀ ਬਕਵਾਸ ਕਰ ਦੇਵੇ ਕੁੱਝ? ਫਿਰ ਮੈਂ ਨੀਵੀਂ ਜਿਹੀ ਪਾ ਕੇ ਉਸ ਤੋਂ ਬਿੱਲ ਫੜ ਲਿਆ, ਬਿੱਲ ਫੜ ਕੇ ਦਰਵਾਜ਼ੇ ਦੀ ਕੁੰਡੀ ਨੂੰ ਚੰਗੀ ਤਰ੍ਹਾਂ ਨਾਲ ਬੰਦ ਕਰਕੇ ਮੁੜਦਿਆਂ, ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੀਆਂ ਦੋਵੇਂ ਲੱਤਾਂ ਦਰਵਾਜ਼ੇ ਮੂਹਰੇ ਅੜੀਆਂ ਪਈਆਂ ਹੋਣ ਕਿ ਕਿਤੇ ਕੋਈ ਬੰਦਾ ਬਾਹਰੋਂ ਦਰਵਾਜ਼ਾ ਖੋਲ੍ਹ ਕੇ ਅੰਦਰ ਹੀ ਨਾ ਆ ਵੜੇ। ਮੈਂ ਉਸ ਵਕਤ ਜਿਵੇਂ ਕਿਵੇਂ ਕਰਕੇ ਅੰਦਰ ਪਹੁੰਚ ਗਿਆ ਸਾਂ, ਨਿਸ਼ਾ ਰੀਮੋਟ ਨੂੰ ਟੇਬਲ ਉੱਤੇ ਰੱਖਦੀ ਹੋਈ ਮੈਨੂੰ ਕਹਿਣ ਲੱਗੀ, "ਤੁਸੀਂ ਵੀ ਨਾ ਬਸ, ਕਦੇ ਕਦੇ ਟੀ.ਵੀ.ਦੀ ਆਵਾਜ਼ ਐਨੀ ਚੁੱਕ ਦਿੰਦੇ ਹੋ, ਜਿਵੇਂ 'ਬੋਲ਼ੇ' ਹੁੰਨੇ ਹੋ, ਬਿੱਲ ਵੰਡਣ ਵਾਲੇ ਭਾਈ ਦਾ ਬੋਲਿਆ ਹੋਇਆ ਕੁੱਝ ਵੀ ਨਹੀਂ ਸੀ ਸੁਣ ਰਿਹਾ, ਵਿਚਾਰਾ ਕੀ ਸੋਚਦਾ ਹੋਵੇਗਾ ਕਿ ਪੜ੍ਹੇ-ਲਿਖੇ ਪਰਿਵਾਰ ਇਹੋ ਜਿਹੇ ਹੁੰਦੇ ਨੇ?

'ਹਾਂ ਹਾਂ ਮੈਂ ਤਾਂ ਸੱਚੀਓਂ 'ਬੋਲ਼ਾ' ਹੋ ਜਾਵਾਂ, ਤਾਂ ਚੰਗਾ ਹੋਵੇਗਾ, ਇਹ ਪੰਗਾ ਖੜ੍ਹਾ ਕਰਨ ਵਾਲੀਆਂ ਪ੍ਰਦੂਸ਼ਤ ਆਵਾਜ਼ਾਂ ਤੋਂ ਤਾਂ ਬਚਾਂਗਾ ਹੀ', ਇਉਂ ਮੈਂ ਕਾਫੀ ਉੱਚੀ ਆਵਾਜ਼ 'ਚ ਕਿਹਾ ਸੀ, ਪਰ ਨਿਸ਼ਾ ਦੇ ਕੰਨਾਂ ਤਕ ਮੇਰੀ ਆਵਾਜ਼ ਨਹੀਂ ਸੀ ਅੱਪੜ ਸਕੀ। ਪਰ... ਪਤਾ ਨਹੀਂ ਕਿਉਂ ਜਾਪਦਾ ਸੀ, ਨਿਸ਼ਾ ਦਾ ਹਰ ਬੋਲ ਜਿਵੇਂ ਮੈਨੂੰ ਕਹਿ ਰਿਹਾ ਹੋਵੇ, ' ਕੀ ਤੂੰ ਸੱਚ ਮੁੱਚ ਸੰਤੂ ਤਖਾਣ ਦਾ ਮੁੰਡਾ ਨਹੀਂ?' ਮੈਨੂੰ ਲੱਗਦਾ ਉਹ ਕਿਵੇਂ ਨਾ ਕਿਵੇਂ ਘੁੰਮਾ ਫਿਰਾ ਕੇ, ਮੈਨੂੰ ਆਪਣੀ ਗੱਲ ਦੇ ਸਿਰੇ ਉੱਤੇ ਲਿਆਉਣਾ ਚਾਹੁੰਦੀ ਹੈ। ਜਿੰਨਾ ਨਿਸ਼ਾ ਮੈਨੂੰ ਟਿਕਾਣੇ 'ਤੇ ਲਿਆਉਣ ਦਾ ਯਤਨ ਕਰ ਰਹੀ ਸੀ, ਓਨਾ ਹੀ ਮੈਂ ਵੀ ਪੱਕਾ ਤੇ ਢੀਠ ਹੁੰਦਾ ਜਾ ਰਿਹਾ ਸੀ।

ਉਦੋਂ ਦਾ ਜਦੋਂ ਮੈਂ 'ਕੱਲਾ ਬੈਠ ਕੇ ਸੋਚਦਾ ਸਾਂ, ਤਾਂ ਮੈਨੂੰ ਕਦੇ ਕਦੇ ਆਪਣੇ ਬਾਪੂ ਜੀ ਦੀ ਪ੍ਰਸਿੱਧੀ ਉੱਤੇ ਮਾਣ ਵੀ ਹੁੰਦਾ ਅਤੇ ਅਫਸੋਸ ਵੀ। ਉਹ ਆਪਣੇ ਇਲਾਕੇ ਦੇ ਮੰਨੇ-ਪ੍ਰਮੰਨੇ ਲੱਕੜ ਦੇ ਕੰਮ ਦੇ ਕਾਰੀਗਰ ਸਨ, ਪੰਦਰਾਂ ਵੀਹਾਂ ਪਿੰਡਾਂ ਵਿਚ ਉਨ੍ਹਾਂ ਦੇ ਕੰਮ ਦਾ ਸਿੱਕਾ ਚੱਲਦਾ ਸੀ, ਜਦੋਂ ਅਸੀਂ ਛੋਟੇ ਛੋਟੇ ਹੁੰਦੇ ਸਾਂ, ਉਦੋਂ ਅਸੀਂ ਸਾਈਕਲ ਉੱਤੇ ਬਾਪੂ ਜੀ ਦੀ ਸੰਦਾਂ ਵਾਲੀ ਪੇਟੀ ਚੁੱਕ ਕੇ ਏਧਰਲੇ ਓਧਰਲੇ ਪਿੰਡਾਂ 'ਚ ਪਹੁੰਚਾਉਂਦੇ ਰਹਿੰਦੇ ਸਾਂ, ਉਨ੍ਹਾਂ ਦੀ ਅਣਥੱਕ ਅਤੇ ਦਿਨ ਰਾਤ ਦੀ ਕੀਤੀ ਹੋਈ ਮਿਹਨਤ ਸਦਕਾ ਤਾਂ ਮੈਂ ਅੱਜ ਇੰਜਨੀਅਰ ਬਣਿਆ ਹੋਇਆ ਹਾਂ ਤੇ ਆਪਣੇ ਘਰ ਤੋਂ ਦੋ ਸੌ ਕਿਲੋਮੀਟਰ ਦੂਰ ਆਪਣੀ ਡਿਊਟੀ 'ਤੇ ਬੈਠਾ ਹਾਂ। ਪਰ ਹੁਣ ਉਹੀਓ ਪ੍ਰਸਿੱਧੀ ਮੇਰੇ ਝੂਠ ਦਾ ਪਰਦਾ ਖੋਲ੍ਹ ਰਹੀ ਹੈ, ਮੈਂ ਵੀ ਤਾਂ ਝੂਠ ਬੋਲ ਕੇ ਉਨ੍ਹਾਂ ਦੀ ਪ੍ਰਸਿੱਧੀ ਅਤੇ ਉਨ੍ਹਾਂ ਨੂੰ ਜਿਊਂਦੇ ਜੀਅ ਮਾਰ ਮੁਕਾਇਐ। ਉਨ੍ਹਾਂ ਦੇ ਢੇਰ ਸਾਰੇ ਅਰਮਾਨਾਂ ਅਤੇ ਆਸਾਂ ਉਮੀਦਾਂ ਉੱਤੇ ਪਾਣੀ ਫੇਰ ਦਿੱਤਾ ਹੈ ਨਿਸ਼ਾ ਪਿੱਛੇ, ਇਸ ਗੱਲ ਦਾ ਵੀ ਮੈਨੂੰ ਝੋਰਾ ਲੱਗਿਆ ਹੋਇਆ ਸੀ। ਇਹ ਦਿਲ ਦੀ ਗੱਲ ਮੈਂ ਕਿਸੇ ਨਾਲ ਸਾਂਝੀ ਨਹੀਂ ਸੀ ਕਰ ਸਕਦਾ, ਜਿਸ ਕਰਕੇ ਮੇਰਾ ਮਾਨਸਿਕ ਤਣਾਓ ਵਧਦਾ ਗਿਆ ਸੀ।

ਹੁਣ ਸਾਡੇ ਪ੍ਰੇਮ-ਵਿਆਹ ਨੂੰ ਤੀਜਾ ਸਾਲ ਲੱਗ ਗਿਆ ਹੈ ਅਤੇ ਅਸੀਂ ਪੰਜ ਸਾਲਾਂ ਬਾਅਦ ਹੀ ਪਹਿਲਾ ਬੱਚਾ ਪੈਦਾ ਕਰਨ ਦੀ ਕਸਮ ਖਾ ਕੇ ਵਿਆਹ ਕਰਵਾਇਆ ਸੀ। ਇਨ੍ਹਾਂ ਪੰਜਾਂ ਸਾਲਾਂ 'ਚ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣਾ, ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨਾ ਸੀ। ਉਦੋਂ ਤੋਂ ਲੈ ਕੇ, ਅਸੀਂ ਦੋਵੇਂ ਜਣੇ ਮਹੀਨੇ ਦੇ ਕੁੱਝ ਖਾਸ ਦਿਨਾਂ 'ਚ ਕਿਸੇ ਵੀ ਉਤਸੁਕਤਾ ਤੋਂ ਰਹਿਤ ਰਹਿੰਦੇ ਸਾਂ। ਪਰ ਪਿਛਲੇ ਛੇ ਕੁ ਮਹੀਨਿਆਂ ਤੋਂ ਨਿਸ਼ਾ ਨੂੰ ਪਤਾ ਨਹੀਂ ਕੀ ਹੋਈ ਜਾਂਦੈ, ਮੇਰੀ ਸਮਝ ਵਿਚ ਨਹੀਂ ਸੀ ਆਉਂਦਾ। ਜਿਉਂ ਜਿਉਂ ਮੇਰਾ ਮਾਨਸਿਕ ਤਣਾਓ ਵਧ ਰਿਹਾ ਸੀ, ਤਿਉਂ ਤਿਉਂ ਉਹ ਤਾਂ ਇਉਂ ਨੱਚਦੀ-ਟੱਪਦੀ ਰਹਿਣ ਲੱਗੀ ਸੀ, ਜਿਵੇਂ ਕਿਸੇ ਵੱਡੀ ਉਮਰ ਵਾਲੇ ਨੂੰ ਅਪਣੇ ਵਿਆਹ ਹੋਣ ਦਾ ਚਾਅ ਚੜ੍ਹਿਆ ਹੋਵੇ। ਕਦੇ ਕਦੇ ਮੈਨੂੰ ਇਉਂ ਲੱਗਦਾ ਸੀ ਜਿਵੇਂ ਉਹ ਪੰਜ ਸਾਲ ਤਕ ਪਹਿਲੇ ਬੱਚੇ ਨੂੰ ਜਨਮ ਨਾ ਦੇਣ ਵਾਲੀ ਕਸਮ ਖੁਦ ਹੀ ਭੁੱਲ ਗਈ ਹੋਵੇ।

ਉਹ ਜਦੋਂ ਵੀ ਆਪਣੇ ਦਫ਼ਤਰੋਂ ਮੈਨੂੰ ਫੋਨ ਕਰਦੀ ਤਾਂ ਉਸ ਦੇ ਬੋਲਣ ਦੀ ਟੋਨ ਵਿਚ ਉਸ ਵੇਟਰ ਅਤੇ ਬਿਜਲੀ ਦੇ ਬਿੱਲ ਵੰਡਣ ਵਾਲੇ ਭਾਈ ਦੇ ਇਸ਼ਾਰੇ ਹੁੰਦੇ ਸਨ। ਮੈਨੂੰ ਪ੍ਰਤੀਤ ਹੁੰਦਾ, ਜਿਵੇਂ

ਮੈਂ ਕਿਸੇ ਚੀਜ਼ 'ਚ ਘੁੱਟਿਆ ਜਾਂਦਾ ਹੋਵਾਂ ਅਤੇ ਮੈਨੂੰ ਸਾਹ ਲੈਣ 'ਚ ਤਕਲੀਫ ਹੋ ਰਹੀ ਹੋਵੇ।

ਮੈਨੂੰ ਉਨ੍ਹਾਂ ਦੋਵਾਂ ਬੰਦਿਆਂ ਦੇ ਬੋਲੇ ਹੋਏ ਬੋਲ, ਪਲ ਭਰ ਵੀ ਚੈਨ ਨਹੀਂ ਸੀ ਲੈਣ ਦਿੰਦੇ, ਵਾਰ ਵਾਰ ਮੇਰੇ ਕੰਨਾਂ 'ਚ ਆ ਕੇ ਟਕਰਾਉਂਦੇ। ਮੈਨੂੰ ਲੱਗਦਾ ਕਿ ਮੈਂ ਕਿਸੇ ਦਿਨ ਉੱਚੀ ਉੱਚੀ ਰੌਲ਼ਾ ਪਾ ਕੇ ਕਹਿ ਦੇਣੈ, 'ਹਾਂ ਹਾਂ ਮੈਂ ਸੰਤ ਸਿੰਘ ਤਰਖਾਣ ਦਾ ਹੀ ਮੁੰਡਾ ਹਾਂ ਜਿਹਨੇ...।' ਪਰ ਕੰਟਰੋਲ, ਫੇਰ ਨਿਸ਼ਾ ਦੇ ਦਿਲ ਉੱਤੇ ਕੀ ਬੀਤੇਗੀ? ਸਾਡੇ ਆਪਸੀ ਰਿਸ਼ਤੇ 'ਚ ਤਰੇੜ ਪੈ ਜਾਵੇਗੀ। ਹੋ ਸਕਦਾ ਹੈ ਗੱਲ ਤਲਾਕ ਤਕ ਵੀ ਅੱਪੜ ਜਾਵੇ। ਇਹ ਹੋਰ ਵੀ ਕਸੂਤੀ ਸਥਿਤੀ ਹੈ, ਜਿਸ ਦਾ ਸਾਹਮਣਾ ਸਿਰਫ ਸਹਿਜਤਾ ਨਾਲ ਹੀ ਕੀਤਾ ਜਾ ਸਕਦੈ। ਵਰਤੀ ਹੋਈ ਕੋਈ ਵੀ ਕਾਹਲ਼, ਸਾਡੇ ਜੀਵਨ ਦੀ ਚੱਲਦੀ ਹੋਈ ਗੱਡੀ ਦੇ ਪਹੀਏ ਲਾਇਨ ਤੋਂ ਉਤਾਰ ਸਕਦੀ ਸੀ, ਪਰ ਮੈਂ ਵੀ ਤਾਂ ਹਰ ਵਕਤ ਡਰਿਆ ਡਰਿਆ ਜ਼ਿੰਦਗੀ ਨਹੀਂ ਸੀ ਕੱਢ ਸਕਦਾ, ਇਸ ਘੁਟਣ ਵਿਚ ਛੇਤੀ ਹੀ ਮਰ ਮੁੱਕ ਜਾਵਾਂਗਾ। ਹੁਣ, ਉਦੋਂ ਦਾ ਜੋ ਵੀ ਕੋਈ ਵਿਅਕਤੀ ਮੇਰੇ ਵੱਲ ਅੱਖਾਂ ਪਾੜ ਪਾੜ ਕੇ ਝਾਕਦਾ ਸੀ ਤਾਂ ਮੈਨੂੰ ਇਉਂ ਲੱਗਦਾ ਕਿ ਇਹੇ ਬੰਦਾ ਹੁਣੇ ਹੀ ਉਨ੍ਹਾਂ ਵਾਂਗੂੰ ਰਟਿਆ ਰਟਾਇਆ ਉਹੀ ਸ਼ਬਦ ਬੋਲੇਗਾ ਤੇ ਮੇਰੇ ਸਾਹਾਂ ਦੀ ਗਤੀ ਨੂੰ ਟਾਇਟ ਕਰਨ ਲਈ, ਜਿਵੇਂ ਇਕ ਚੂੜੀ ਹੋਰ ਕੱਸ ਦੇਵੇਗਾ ਅਤੇ ਮੇਰੀ ਪ੍ਰੇਸ਼ਾਨੀ ਦਾ ਪ੍ਰੈਸ਼ਰ ਹੋਰ ਵੱਧ ਜਾਵੇਗਾ।

ਨਿਸ਼ਾ, ਮੈਨੂੰ ਵਾਰ ਵਾਰ ਮੇਰੀ ਪ੍ਰੇਸ਼ਾਨੀ ਦਾ ਕਾਰਨ ਪੁੱਛਦੀ ਰਹਿੰਦੀ ਸੀ, ਮੈਂ ਝੂਠ ਝਾਠ ਬੋਲ ਕੇ ਉਸ ਨੂੰ ਕਦੀ ਸਿਰ ਦੁਖਣ ਦਾ ਬਹਾਨਾ ਮਾਰਦਾ, ਕਦੀ ਕਹਿੰਦਾ ਅੱਜ ਦਫ਼ਤਰੀ ਕੰਮ ਹੀ ਬਹੁਤ ਜ਼ਿਆਦਾ ਸੀ, ਇਸ ਕਰਕੇ ਪ੍ਰੇਸ਼ਾਨ ਹਾਂ, ਕਦੀ ਸਰੀਰ ਦੁੱਖਦਾ ਹੈ, ਕਦੀ ਠੰਡਾ ਬੁਖ਼ਾਰ ਚੜ੍ਹਿਆ ਦੱਸਦਾ ਸਾਂ। ਪਰ ਉਹ ਮੇਰੇ ਮੂੰਹੋਂ ਇਕ ਲਫ਼ਜ਼ ਵੀ ਸੁਣਨ ਲਈ ਤਿਆਰ ਨਹੀਂ ਸੀ, ਤੁਰੰਤ ਵਧੀਆ ਤੋਂ ਵਧੀਆ ਡਾਕਟਰ ਕੋਲ਼ ਜਾਣ ਦੀ ਸਲਾਹ ਦਿੰਦੀ। ਜਦੋਂ ਮੈਂ ਸਰੀਰਕ ਪੱਖੋਂ ਬਿਲਕੁਲ ਤੰਦਰੁਸਤ ਸਾਂ, ਫੇਰ ਮੈਂ ਕਿਹੜੀ ਦਵਾਈ ਨੂੰ ਹਾਂ ਕਰ ਦਿੰਦਾ! ਪਰ ਆਪਣੀਆਂ ਪ੍ਰੇਸ਼ਾਨੀਆਂ ਨੂੰ ਵੀ ਕਿਵੇਂ ਘਟਾਉਂਦਾ? ਇਹ ਤੜਫਣਾ ਮੇਰੇ ਅੰਦਰ ਹਮੇਸ਼ਾ ਭੂਸਰੇ ਸਾਂਢ ਵਾਂਗ ਖੌਰੂ ਪਾਈ ਰੱਖਦੀ, ਮੇਰੀ ਹਾਲਤ ਪਾਗ਼ਲਾਂ ਵਰਗੀ ਹੁੰਦੀ ਜਾ ਰਹੀ ਸੀ।

ਉਹੀਓ ਬੋਲ, ਹੁਣ ਮੈਨੂੰ ਨਿਸ਼ਾ ਸਾਹਮਣੇ ਵੀ ਕਈ ਵਾਰ ਸੁਣਨੇ ਪੈਂਦੇ ਸਨ, ਪਰ ਉਹ ਘੱਟ ਵੱਧ ਹੀ ਗੌਲ਼ਦੀ ਸੀ। ਅੱਜ ਲੰਘੀ ਰਾਤ ਮੈਂ ਇਕ ਸੁਪਨੇ ਵਿਚ ਅੱਭੜਵਾਹੇ ਉੱਠਿਆ ਅਤੇ ਉੱਚੀ ਉੱਚੀ ਕਹਿਣ ਲੱਗ ਗਿਆ ਸਾਂ, 'ਹਾਂ ਹਾਂ ਮੈਂ ਸੰਤੂ ਤਖਾਣ ਦਾ ਹੀ ਮੁੰਡਾ ਹਾਂ, ਹਾਂ ਹਾਂ ਮੈਂ...,।' ਉਸੇ ਵਕਤ ਕੋਲ਼ ਪਈ ਨਿਸ਼ਾ ਵੀ ਉਠ ਕੇ ਬੈਠ ਗਈ ਸੀ, ਹੈ ! ਜੀ, ਇਹ ਕੀ ਦਾ ਕੀ ਬੋਲੀ ਜਾਂਦੇ ਹੋ? ਮੇਰੇ ਤਾਂ ਕੁਝ ਵੀ ਸਮਝ ਨਹੀਂ ਆ ਰਿਹਾ, ਉਹ ਆਪਣੇ ਪੁੱਠੇ ਹੱਥ ਨੂੰ ਮੂੰਹ ਉਪਰ ਰੱਖ ਕੇ ਉਬਾਸੀ ਲੈਂਦੀ ਹੋਈ ਮੈਥੋਂ ਪੁੱਛ ਰਹੀ ਸੀ, ਇਹ ਜੱਟਾਂ ਵਿਚ ਤਰਖਾਣਾਂ ਨੂੰ ਕਿੱਥੇ ਘੜੀਸੀ ਫਿਰਦੇ ਹੋ? ਪੈ ਜਾਉ ਟਿਕ ਕੇ, ਇਉਂ ਕਹਿੰਦੀ ਹੋਈ ਉਹ ਨਾਲੋ ਨਾਲ ਆਪਣੀਆਂ ਅੱਖਾਂ ਨੂੰ ਮਲ਼ ਵੀ ਰਹੀ ਸੀ।

'ਕੁਝ ਨਹੀਂ ਨਿਸ਼ਾ, ਤੂੰ ਆਰਾਮ ਨਾਲ ਸੌਂ ਜਾਹ, ਇਹ ਤਾਂ ਕੋਈ ਬੁਰਾ ਸੁਪਨਾ ਸੀ, ਆਇਆ ਅਤੇ ਨਿਕਲ ਗਿਆ', ਉਹ ਮੇਰਾ ਕਹਿਣਾ ਮੰਨ ਕੇ ਆਰਾਮ ਨਾਲ ਸੌਂ ਗਈ ਸੀ। ਪਰ ਮੇਰੀ ਨੀਂਦ ਨੂੰ ਤਾਂ ਜਿਵੇਂ ਪਹੀਏ ਲੱਗੇ ਹੋਣ, ਜਿਉਂ ਹੀ ਮੈਂ ਨੀਂਦ ਨੂੰ ਫੜਨ ਦੀ ਕੋਸ਼ਿਸ਼ ਕਰਦਾ, ਤਿਉਂ ਉਹ ਅੱਗੇ-ਅੱਗੇ ਰੁੜ੍ਹ ਰਹੀ ਸੀ। ਕੋਲ਼ ਪਈ ਨਿਸ਼ਾ ਦੀ ਕਦੀ ਕਦੀ ਵੱਜਦੇ ਹੋਏ ਘੁਰਾੜੇ ਵਰਗੀ ਆਵਾਜ਼ ਆਉਂਦੀ, ਜਿਵੇਂ ਉਸ ਦਾ ਹਰ ਘੁਰਾੜਾ ਮੈਨੂੰ ਹੀ ਕਹਿ ਰਿਹਾ ਹੋਵੇ, ਤੂੰ ਝੂਠ ਕਿਉਂ ਬੋਲਦੈਂ, ਤੂੰ ਸੱਚੀਂ ਤਖਾਣਾਂ ਦਾ ਮੁੰਡਾ ਨਹੀਂ? ਮੈਂ ਉਸ ਨੂੰ ਥੋੜ੍ਹਾ ਜਿਹਾ ਹਲੂਣ ਦਿੰਦਾ ਸਾਂ ਤੇ ਉਸ ਦਾ ਵਜਦਾ ਹੋਇਆ ਘੁਰਾੜਾ ਬੰਦ ਹੋ ਜਾਂਦਾ, ਫੇਰ ਮੇਰੇ ਮਨ ਨੂੰ ਕੁਝ ਰਾਹਤ ਮਿਲਦੀ, ਪਰ ਥੋੜ੍ਹੀ ਦੇਰ ਬਾਅਦ ਉਹੀ ਹਾਲ ਫੇਰ ਹੋ ਜਾਂਦਾ।

ਅੱਜ ਸਵੇਰ ਹੁੰਦੀ ਸਾਰ ਨਿਸ਼ਾ ਉਠਦੀ ਹੀ ਖਿੜ-ਖਿੜਾ ਕੇ ਹੱਸ ਰਹੀ ਸੀ, ਜਿਵੇਂ ਉਸ ਨੂੰ ਕੋਈ ਖੁੱਲ੍ਹਿਆ ਹੋਇਆ ਭੇਤ ਨਜ਼ਰ ਆ ਗਿਆ ਹੋਵੇ। ਮੈਨੂੰ ਕਹਿਣ ਲੱਗੀ 'ਮੇਰੇ ਸਿਰ ਦੇ ਸਾਈਂ

ਜੀ, ਸੱਚ ਕਦੀ ਛੁਪਦਾ ਨਹੀਂ ਹੁੰਦਾ, ਇਹ ਤਾਂ ਸਿਰ ਚੜ੍ਹ ਕੇ ਬੋਲਦਾ ਹੁੰਦੈ', ਉਹ ਲਗਾਤਾਰ ਬੋਲਣ ਲੱਗੀ।

'ਤੂੰ...ਤੂੰ ਇਹ ਕੀ ਕਹਿ ਰਹੀ ਐਂ, ਸਵੇਰੇ ਸਵੇਰੇ? ਤੈਥੋਂ ਰੱਬ ਦਾ ਨਾਂ ਨਹੀਂ ਲੈ ਹੁੰਦਾ, ਸੱਚ, ਝੂਠ ਨੂੰ ਤੋਲਣ ਲੱਗ ਪਈ ਉਠਦੀ ਹੀ', ਮੈਂ ਉਸ ਨੂੰ ਹਲਕੇ ਜਿਹੇ ਗ਼ੁੱਸੇ ਨਾਲ ਹੋੜ ਕੇ ਪੁੱਛਿਆ।

'ਮੈਂ ਸਭ ਕੁਝ ਜਾਣਦੀ ਹਾਂ', ਉਸ ਨੇ ਤੁਰੰਤ ਸਾਫ਼ ਕਹਿ ਦਿੱਤਾ।

ਉਸ ਦੇ ਮੂੰਹੋਂ ਇਹ ਬੋਲ ਸੁਣ ਕੇ ਅਕੇਰਾਂ ਤਾਂ ਮੈਨੂੰ ਵੀ ਇਵੇਂ ਝਟਕਾ ਲੱਗਿਆ ਜਿਵੇਂ ਜੱਟ ਹੋਣ ਵਾਲਾ, ਮੇਰਾ ਇਸ ਦੇ ਦੁਆਲ਼ੇ ਕੱਸਿਆ ਹੋਇਆ ਸ਼ਿਕੰਜਾ ਢਿੱਲਾ ਪੈ ਗਿਆ ਹੋਵੇ। ਮੈਂ ਆਪਣੇ ਚਿਹਰੇ ਉੱਤੇ ਬਨਾਵਟੀ ਸਹਿਜਤਾ ਲਿਆਉਂਦੇ ਹੋਏ, ਉਸ ਨੂੰ ਪੁੱਛਿਆ 'ਕੀ ਜਾਣਦੀ ਹੈ ਤੂੰ?' ਮੈਂ ਜਾਣ ਬੁੱਝ ਕੇ ਇਨ੍ਹਾਂ ਸ਼ਬਦਾਂ 'ਚ ਰੁੱਖਾਪਣ ਰਲ਼ਾ ਲਿਆ ਸੀ ਤਾਂ ਕਿ ਸ਼ਾਇਦ ਅੱਗੋਂ ਉਹ ਕੁਝ ਬੋਲੇ ਹੀ ਨਾ।

ਪਰ ਉਹ ਬਹੁਤ ਸਹਿਜਤਾ 'ਚ ਬੋਲੀ, 'ਇਹੀ ਕਿ ਤੁਸੀਂ ਸ: ਸੰਤ ਸਿੰਘ ਮਿਸਤਰੀ ਜੀ ਦੇ ਸਭ ਤੋਂ ਛੋਟੇ ਪੁੱਤ ਹੋ ਅਤੇ ਮੈਂ ਜੱਟਾਂ ਦੀ ਧੀ, ਹਮੇਸ਼ਾ ਤੁਹਾਡੀ ਹੀ', ਉਹ ਇਨ੍ਹਾਂ ਲਫ਼ਜ਼ਾਂ ਦਾ ਮੇਰੇ ਸਾਹਮਣੇ ਕਿਸੇ ਕਵਿਤਾ ਦੇ ਬੋਲਾਂ ਵਾਂਗ ਉਚਾਰਨ ਕਰਦੀ ਹੈ।

ਮੈਂ ਤਾਂ ਉਸ ਦੇ ਮੂੰਹ ਵੱਲ ਝਾਕਦਾ ਹੀ ਰਹਿ ਗਿਆ, ਤੇ ਏਨਾ ਸਿਰਫ ਮਸਾਂ ਹੀ ਬੋਲਿਆ, 'ਨਿਸ਼ਾ ਤੇਰੀ ਸੁਰਤ ਤਾਂ ਟਿਕਾਣੇ ਸਿਰ ਹੈ? ਇਹ ਸਵੇਰੇ ਸਵੇਰੇ ਤੂੰ ਝੂਠ ਜਿਹਾ ਕੀ ਬੋਲੀ ਜਾਨੀ ਐਂ', ਉਹ ਕਹਿੰਦੀ, 'ਝੂਠ ਮੈਂ ਨਹੀਂ ਬੋਲਦੀ ਜਨਾਬ, ਪਰ ਤੁਸੀਂ ਚਿੰਤਾ ਨਾ ਕਰੋ, ਮੈਂ ਸਭ ਕੁਝ ਜਾਣਦੀ ਹਾਂ, ਮੇਰੇ ਕੋਲ਼ ਤੁਹਾਡੇ ਕਈ ਰਿਸ਼ਤੇਦਾਰਾਂ ਦੀ ਲਿਸਟ ਪਈ ਹੈ ਪਰ ਤੁਸੀਂ ਬੇਫਿਕਰ ਰਹੋ, ਮੈਂ ਹਮੇਸ਼ਾ ਤੁਹਾਡੇ ਨਾਲ ਹਾਂ, ਤੁਹਾਡੀ ਹੀ ਬਣ ਕੇ ਰੁਵਾਂਗੀ', ਏਨੀ ਗੱਲ ਬੋਲ ਕੇ ਜਿਵੇਂ ਉਹਨੇ ਆਪਣੇ ਸਿਰ ਤੋਂ ਮਣ ਭਾਰ ਲਾਹ ਲਿਆ ਹੋਵੇ।

ਪਰ ...ਮੈਂ ਬੋਝਲ਼ ਹੋ ਗਿਆ ਸੀ, ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਬੋਲਣਾ ਹੈ, ਮੈਂ ਫੇਰ ਵੀ ਉਸ ਨੂੰ ਪੁੱਛ ਰਿਹਾ ਸੀ, 'ਤੈਨੂੰ ਮੇਰੀ ਜਾਤ ਉਤੇ ਸ਼ੱਕ ਕਿਵੇਂ ਪਿਆ?'

'ਪਹਿਲੇ ਦਿਨ ਹੀ', ਇਉਂ ਕਹਿ ਕੇ ਉਹ ਚੁੱਪ ਕਰ ਗਈ ਤੇ ਮੇਰੇ ਸਾਹਮਣੇ ਇਉਂ ਬੈਠ ਗਈ, ਜਿਵੇਂ ਕੋਈ ਪੁੱਛਾਂ ਦੇਣ ਵਾਲਾ ਪੰਡਤ ਬੈਠਾ ਹੋਵੇ। ਫਿਰ ਪਲ ਕੁ ਰੁਕ ਕੇ ਬੋਲੀ, 'ਉਸ ਦਿਨ, ਜਿਸ ਦਿਨ ਤੁਸੀਂ ਕਿਹਾ ਸੀ ਨਾ ਕਿ ਮੇਰੀ ਜੱਫ਼ੀ ਤਾਂ ਸ਼ਿਕੰਜੇ ਵਰਗੀ ਹੈ, ਜਿੱਥੇ ਅੜ੍ਹ ਗਈ ਮੁੜ ਨਹੀਂ ਖੁੱਲ੍ਹੇਗੀ ਅਤੇ ਮੈਂ ਕਿਹਾ ਸੀ ਮੇਰਾ ਵੀ ਇਹ ਨਾਗਵਲ ਹੈ, ਜਿਹੜਾ ਆਲੇ ਦੁਆਲਿਉਂ ਖਿੱਚਣ ਨਾਲ ਖੁੱਲ੍ਹਣ ਦੀ ਬਜਾਇ ਹੋਰ ਟਾਇਟ ਹੁੰਦੈ ਅਤੇ ਬਾਕੀ ਢੇਰ ਸਾਰੀਆਂ ਉਹ ਗੱਲਾਂ ਜਿਹੜੀਆਂ ਮੈਂ ਅਕਸਰ ਨੋਟ ਕਰਦੀ ਰਹੀ ਹਾਂ, ਉਨ੍ਹਾਂ ਦਾ ਨਤੀਜਾ ਆਖਰ ਏਹੀ ਨਿਕਲਿਆ ਕਿ ਤੁਸੀਂ ਜੱਟ ਨਹੀਂ ਹੋ, ਮਿਸਤਰੀਆਂ ਦੇ ਮੁੰਡੇ ਹੋ,' ਉਸ ਦੇ ਇਹ ਬੋਲ ਸੁਣ ਕੇ ਮੈਂ ਤਾਂ ਸੁੰਨ ਹੋ ਗਿਆ। ਮੈਂ ਤੁਰੰਤ ਸੋਚਿਆ ਇਸ ਗੁਨਾਹ ਦੀ ਹੁਣੇ ਹੀ ਮਾਫ਼ੀ ਮੰਗ ਲੈਣੀ ਚਾਹੀਦੀ ਐ, 'ਨਿਸ਼ਾ ਅਗਰ ਤੂੰ ਇਹ ਸਾਰਾ ਕੁਝ ਸੱਚ ਜਾਣ ਈ ਗਈ ਐਂ, ਤਾਂ ਮੇਰੇ ਇਸ ਨਾ ਮੁਆਫੀ ਯੋਗ ਗੁਨਾਹ ਨੂੰ ਮੁਆਫ਼ ਕਰਦੇ', ਮੈਂ ਉਸ ਦੇ ਸਾਹਮਣੇ ਨੀਵੀਂ ਜਿਹੀ ਪਾ ਕੇ ਬੈਠ ਗਿਆ।

ਉਹ ਮੇਰੀ ਠੋਡੀ ਹੇਠ ਉਂਗਲ ਰੱਖ ਕੇ, ਮੇਰਾ ਮੂੰਹ ਉੱਪਰ ਨੂੰ ਚੁੱਕਦੀ ਹੋਈ ਬੋਲੀ, 'ਮੈਂ ਤੁਹਾਨੂੰ ਸੱਚਾ ਪਿਆਰ ਕੀਤਾ ਹੈ, ਮੈਨੂੰ ਜਾਤ ਪਾਤ ਨਾਲ ਕੋਈ ਸਰੋਕਾਰ ਨਹੀਂ ਹੈ'। ਫੇਰ ਉਹ ਭੇਤ ਵਾਲੀ ਗੱਲ ਦੱਸਣ ਲੱਗੀ, 'ਇਹ ਸਾਰਾ ਕੁਝ ਮੈਂ ਆਪਣੇ ਭਰਾ ਨਾਲ ਮਿਲ ਕੇ ਕੀਤੈ, ਜਿਸ ਨੇ ਆਪਣੇ ਪ੍ਰੇਮ ਵਿਆਹ ਨੂੰ ਹਰੀ ਝੰਡੀ ਦਿੱਤੀ ਸੀ, ਕਿਉਂਕਿ ਉਸ ਦੀ ਵੀ ਮਜਬੂਰੀ ਸੀ। ਉਸ ਨੇ ਵੀ ਮੇਰੇ ਵਾਂਗ ਪ੍ਰੇਮ ਵਿਆਹ ਕਰਵਾਉਣਾ ਸੀ। ਫੇਰ ਅਸੀਂ ਤੁਹਾਡੇ ਦਫ਼ਤਰੋਂ ਸਭ ਕੁਝ ਪਤਾ ਕਰਕੇ, ਤੁਹਾਡੇ ਮੂੰਹੋਂ ਸੱਚ ਉੱਗਲਾਉਣ ਲਈ, ਅਸੀਂ ਥੋਡੇ ਦੁਆਲੇ ਐਨਾ ਤਕੜਾ ਸ਼ਿਕੰਜਾ ਕੱਸਿਆ ਸੀ ਤੇ ਫਿਰ ਤੁਸੀਂ ਜੋ ਕੁੱਝ ਕਹਿਣਾ ਚਾਹੁੰਦੇ ਸੀ ਉਹੋ ਤੁਸੀਂ ਰਾਤੀਂ ਸੁਪਨੇ ਵਿਚ ਸੱਚ ਸੱਚ ਬੋਲ ਦਿੱਤਾ ਹੈ। ਹੋਰ ਸੁਣੋ

ਅਸੀਂ ਹੀ ਤਾਂ ਉਸ ਵੇਟਰ ਤੋਂ ਕਹਾਇਆ ਸੀ, ਬਿਜਲੀ ਦੇ ਬਿੱਲ ਵੰਡਣ ਵਾਲੇ ਤੋਂ ਕਹਾਇਆ ਸੀ, ਉਸ ਜੁੱਤੀਆਂ ਪਾਲਸ਼ ਕਰਨ ਵਾਲੇ ਤੋਂ ਕਹਾਇਆ, ਹੋਰ ਜਿਨ੍ਹਾਂ ਜਿਨ੍ਹਾਂ ਵੀ ਲੋਕਾਂ ਕੋਲੋਂ ਕਹਾਇਐ, ਉਹ ਸਭ ਸਾਡੀ ਹੀ ਚਾਲ ਸੀ, ਤੁਸੀਂ ਸੋਚੋ ਭਲਾ... ਕੀ ਇਹ ਸਾਰੇ ਸ਼ਹਿਰ ਵਾਸੀ ਤੁਹਾਡੇ ਪਿਛੋਕੜ ਨੂੰ ਜਾਣਦੇ ਨੇ? ਜਦ ਕਿ ਇਹ ਸ਼ਹਿਰ ਤੁਹਾਡਾ ਆਪਣਾ ਨਹੀਂ ਹੈ।'

ਮੈਂ ਉਸ ਦੀਆਂ ਨਜ਼ਰਾਂ ਵਿਚ ਅਪਰਾਧੀ ਬਣ ਗਿਆ ਸਾਂ, ਮੈਂ ਨੀਵੀਂ ਜਿਹੀ ਪਾ ਕੇ ਹੋਰ ਨੀਵਾਂ ਹੋਣ ਦਾ ਯਤਨ ਕਰਨ ਲੱਗਿਆ, 'ਨਿਸ਼ਾ, ਦਰਅਸਲ ਮੈਨੂੰ ਤੇਰੇ ਹੁਸਨ ਅਤੇ ਤੇਰੀ ਸਾਦਗੀ ਨੇ ਅੰਨ੍ਹਾਂ ਕਰ ਦਿੱਤਾ ਸੀ, ਜਿਸ ਕਰਕੇ ਮੈਨੂੰ ਤੇਰੇ ਸਵਾਇ ਹੋਰ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ, ਤੈਨੂੰ ਪਾਉਣ ਖਾਤਰ ਮੈ ਆਪਦੀ ਜਾਤ ਤਾਂ ਲੁਕੋਣੀ ਹੀ ਲੁਕੋਣੀ ਸੀ, ਜਿਉਂਦੇ ਜੀਅ ਮਾਪੇ ਅਤੇ ਰਿਸ਼ਤੇਦਾਰ ਵੀ ਸਭ ਖਤਮ ਕਰ ਦਿੱਤੇ। ਤੇ ਥੋਨੂੰ ਸਿਰਫ ਜੱਟਾਂ ਦਾ ਹੀ ਮੁੰਡਾ ਚਾਹੀਦਾ ਸੀ...।' ਮੈਂ ਆਪਣੀ ਹੈਂਕੜ ਦੇ ਸਾਰੇ ਹਥਿਆਰ ਨਿਸ਼ਾ ਸਾਹਮਣੇ ਸੁੱਟ ਕੇ ਸਰੰਡਰ ਕਰ ਦਿੱਤਾ ਅਤੇ ਗ਼ਲਤੀ ਦੀ ਮੁਆਫੀ ਵੀ ਮੰਗ ਲਈ।

ਮੇਰੀ ਗੱਲ ਸੁਣ ਕੇ ਉਹ ਅੱਗੋਂ ਕਿਸੇ ਫਿਲਮ ਦੇ ਡਾਇਲਾਗ ਵਾਂਗ ਬੋਲੀ, 'ਸਿਰਫ ਦੋ ਸ਼ਰਤਾਂ ਉਤੇ ਥੋਨੂੰ ਮੁਆਫ਼ ਕੀਤਾ ਜਾ ਸਕਦੈ।'

'ਉਹ ਕਿਹੜੀਆਂ ਦੋ ਸ਼ਰਤਾਂ ਹਨ?' ਮੈਂ ਝੱਟ ਦੇਣੇ ਉਸ ਤੋਂ ਪੁੱਛਿਆ ਸੀ।

'ਇਕ ਤਾਂ ਜਿਹੜੀ ਆਪਾਂ ਪੰਜ ਸਾਲ ਬਾਅਦ ਬੱਚੇ ਨੂੰ ਜਨਮ ਦੇਣ ਵਾਲੀ ਕਸਮ ਖਾਧੀ ਹੋਈ ਐ, ਉਹ ਤੋੜਨੀ ਐ...ਅਤੇ ਦੂਜੀ ਸ਼ਰਤ ਹੈ ਕਿ ਅੱਜ ਤੋਂ ਬਾਅਦ ਜ਼ਿੰਦਗੀ 'ਚ ਹਮੇਸ਼ਾ ਸੱਚ ਬੋਲਣਾ ਹੈ', ਉਸ ਨੇ ਆਪਦੀਆਂ ਦੋਵੇਂ ਉਂਗਲਾਂ ਖੜ੍ਹੀਆਂ ਕਰਕੇ ਅੱਗੇ ਪਿੱਛੇ ਕੀਤੀਆਂ।

ਸੱਚੀ... ਉਸ ਦੀ ਇਹ ਗੱਲ ਸੁਣ ਕੇ ਮੈਂ ਉਛਲ ਪਿਆ ਸਾਂ।

'ਹਾਂ ਹਾਂ ਸੱਚੀਂ ਮੁੱਚੀਂ', ਇਉਂ ਕਹਿ ਕੇ ਉਹ ਹਾਸੇ ਨਾਲ ਲੋਟ ਪੋਟ ਹੋਣ ਲੱਗੀ, ਜਿਵੇਂ ਉਸ ਨੇ ਬਿਨਾਂ ਹਥਿਆਰਾਂ ਦੇ ਕੋਈ ਜੰਗ ਫਤਹਿ ਕਰ ਲਿਆ ਹੋਵੇ।

ਆਖ਼ਰੀ ਸੁਆਲ ਪੁੱਛਦਾ ਹੋਇਆ ਮੈਂ ਉਸ ਦੇ ਕੋਲ ਨੂੰ ਹੋ ਕੇ ਬੈਠ ਗਿਆ, 'ਯਾਰ ਤੇਰੇ ਦਿਮਾਗ਼ 'ਚ ਇਹ ਖਿਆਲ ਆਇਆ ਕਿਵੇਂ? ਕਿ ਇਹ ਤਰੀਕਾ ਵਧੀਆ ਸਿੱਧ ਹੋ ਸਕਦੈ।'

'ਆਖਿਰ, ਇਕ ਮਿਸਤਰੀ ਇੰਜਨੀਅਰ ਦੀ ਪਤਨੀ ਹਾਂ, ਏਨੇ ਸਾਲਾਂ ਚ ਕੁਝ ਤਾਂ ਅਸਰ ਹੋਣਾ ਹੀ ਸੀ, ਫੇਰ ਮੈਂ ਇਹ ਵੀ ਜਾਣਦੀ ਸਾਂ ਕਿ ਸਚਾਈ ਅਤੇ ਦਲੇਰੀ ਦਾ ਨਾਗਵਲ, ਝੂਠ ਅਤੇ ਫ਼ਰੇਬ ਦੇ ਸ਼ਿਕੰਜੇ ਨਾਲੋਂ ਕਿਤੇ ਵੱਧ ਤਾਕਤਵਰ ਹੁੰਦੈ'। ਐਨਾ ਕਹਿ ਕੇ ਉਸ ਨੇ ਹੱਥ ਤੇ ਹੱਥ ਮਾਰ ਕੇ ਜ਼ੋਰ ਦੀ ਇੱਕ ਠਹਾਕਾ ਮਾਰਿਆ ਤੇ ਮੈਨੂੰ ਇਉਂ ਚਿੰਬੜ ਗਈ, ਜਿਵੇਂ ਕਿਸੇ ਸ਼ਿਕੰਜੇ ਨੇ ਲੱਕੜੀ ਨੂੰ ਘੁੱਟ ਕੇ ਫੜਿਆ ਹੋਵੇ। ਫੇਰ ਅਸੀਂ ਕਿੰਨੀ ਹੀ ਦੇਰ ਚੁੱਪ ਦੇ ਗਹਿਰੇ ਸਾਗਰ ਚ ਡੁੱਬੇ ਰਹੇ। ਅਤੇ ਘਰ ਦੇ ਨੇੜੇ ਹੀ, ਸੜਕ ਉੱਪਰੋਂ ਲੰਘੇ ਜਾ ਰਹੇ ਕਿਸੇ ਟਰੱਕ 'ਚ ਚੱਲ ਰਹੇ ਟੇਪ ਰਿਕਾਰਡਰ ਤੋਂ ਉੱਚੀ ਆਵਾਜ਼ 'ਚ ਗੀਤ ਦੀਆਂ ਲਾਇਨਾਂ ਸੁਣਾਈ ਦੇ ਰਹੀਆਂ ਸਨ, *ਲੋਕਾਂ ਦਾ ਰਾਤ ਨੂੰ ਹੁੰਦਾ, ਆਪਣਾ ਦਿਨੇ ਮੁਕਲਾਵਾ ਨੀ...।* ਫਿਰ ਉਹ ਆਵਾਜ਼ ਦੂਰ ਨਿਕਲ ਗਈ ਅਤੇ ਅਸੀਂ ਹਮੇਸ਼ਾ ਹਮੇਸ਼ਾ ਲਈ ਬਿਨਾਂ ਕਿਸੇ ਡਰ ਭੈਅ ਦੇ, ਇਕ ਦੂਜੇ ਦੇ ਨੇੜੇ ਆ ਗਏ।

"ਇਕ ਬੋਲੇ ਹੋਏ ਝੂਠ ਕਾਰਨ, ਜਿਹੜੇ ਰਿਸ਼ਤੇਦਾਰਾਂ ਅਤੇ ਸਮਾਜਕ ਭਾਈਚਾਰੇ ਨਾਲੋਂ ਮੈਂ ਆਪਣੇ ਆਪ ਨੂੰ ਟੁੱਟਿਆ ਹੋਇਆ ਸਮਝ ਰਿਹਾ ਸਾਂ, ਹੁਣ ਸੱਚ ਸਾਹਮਣੇ ਆ ਜਾਣ ਨਾਲ, ਫਿਰ ਤੋਂ ਉਨ੍ਹਾਂ ਨਾਲ ਜੁੜ ਗਿਆ ਹਾਂ। ਖੁਸ਼ ਤਾਂ ਆਪੇ ਨਜ਼ਰ ਆਉਣੈ ਭਰਾਵਾ, ਅੱਜ ਵਿਆਹ ਵਰਗਾ ਤਾਂ ਦਿਨ ਚੜ੍ਹਿਆ ਹੋਇਐ।"

ਅਚਾਨਕ ਫੈਕਟਰੀ ਦੇ ਅੰਦਰੋਂ, ਲੰਚ ਬਰੇਕ ਦੇ ਬੰਦ ਹੋਣ ਦੀ ਘੰਟੀ ਵੱਜ ਗਈ ਸੀ। 000

***(ਭੁਪਿੰਦਰ ਨਗਰ ਵਾਰਡ ਨੰਬਰ 17, ਅਮਲੋਹ ਰੋਡ, ਖੰਨਾ ਸ਼ਹਿਰ-141401 ਫੋਨ: 93162-88955)***

# ਮਿੱਟੀ ਬੋਲ ਪਈ: ਵਾਸਤਵਿਕਤਾ ਤੋਂ ਕਲਾਤਮਕਤਾ ਦਾ ਸਫ਼ਰ
## ਗੁਰਮੇਲ ਸਿੰਘ

'ਮਿੱਟੀ ਬੋਲ ਪਈ' ਬਲਬੀਰ ਮਾਧੋਪੁਰੀ ਦਾ ਪਲੇਠਾ ਨਾਵਲ ਹੈ। ਉਂਝ ਉਹ ਪੰਜਾਬੀ ਸਾਹਿਤ ਦਾ ਨਾਮਵਰ ਹਸਤਾਖਰ ਹੈ। ਉਸਦਾ ਸਾਹਿਤਕ ਕਾਰਜ ਕਵਿਤਾਕਾਰੀ ਤੋਂ ਤੁਰਦਾ ਹੋਇਆ ਵਾਰਤਕ ਰਚਨਾ, ਸਵੈਜੀਵਨੀ ਲੇਖਨ ਤੋਂ ਲੈ ਕੇ ਸੰਸਾਰ ਸਾਹਿਤ ਨੂੰ ਪੜ੍ਹਨ,ਸਮਝਣ ਤੇ ਅਨੁਵਾਦ ਕਰਨ ਤਕ ਜਾ ਪਹੁੰਚਦਾ ਹੈ। 'ਮਿੱਟੀ ਬੋਲ ਪਈ' ਨਾਵਲ ਉਸਦੇ ਇਸੇ ਅਨੁਭਵ ਤੇ ਘਾਲਣਾ ਦਾ ਪੁਖਤਾ ਪ੍ਰਮਾਣ ਬਣ ਕੇ ਸਾਹਮਣੇ ਆਉਂਦਾ ਹੈ। ਮਾਧੋਪੁਰੀ ਐਲਾਨੀਆ ਤੌਰ 'ਤੇ ਇਕ ਪ੍ਰਤੀਬੱਧ ਦਲਿਤ ਲੇਖਕ ਹੈ। ਉਸਦੇ ਹੱਡੀਂ ਹੰਢਾਏ ਦਲਿਤ ਜੀਵਨ ਤੇ ਉਸਦਾ ਸੰਤਾਪ, ਪੰਜਾਬ ਅੰਦਰ ਦਲਿਤ ਮੁਕਤੀ ਅੰਦੋਲਨਾਂ ਦਾ ਨੇੜਲਾ ਅਨੁਭਵ ਅਤੇ ਦਲਿਤ ਭਾਈਚਾਰੇ ਅੰਦਰ ਆਈ ਜਨ ਚੇਤਨਾ ਨੂੰ ਕਲਾਤਮਕ ਅੰਦਾਜ਼ ਵਿਚ ਪ੍ਰਸਤੁਤ ਕਰਨ ਵਿਚ ਉਸਦਾ ਕੋਈ ਸਾਨੀ ਨਹੀਂ ਹੈ। ਜਦੋਂ ਉਸ ਦੁਆਰਾ ਪਛੜ ਕੇ ਲਿਖੇ ਇਸ ਨਾਵਲ ਦੇ ਸੰਬੰਧ ਵਿਚ ਧਿਆਨ ਜਾਂਦਾ ਹੈ ਤਾਂ ਨਾਵਲ ਦੀ ਵਿਧਾ ਅੰਦਰ ਵਸਤੂ-ਯਥਾਰਥ ਦੀ ਪੇਸ਼ਕਾਰੀ ਨੂੰ ਲੈ ਕੇ ਮਿਲਣ ਵਾਲੀ ਸੁਤੰਤਰਤਾ ਪ੍ਰਮੁੱਖ ਕਾਰਨ ਲੱਗਦਾ ਹੈ। ਗਲਪ ਰੂਪਾਂ ਦੇ ਵਿਚ ਨਾਵਲ ਇਕ ਅਜਿਹੀ ਵਿਧਾ ਹੈ ਜਿਸ ਵਿਚ ਜੀਵਨ ਯਥਾਰਥ ਨੂੰ ਲੰਮੇ ਅੰਤਰਾਲ ਵਿਚ ਫ਼ੈਲਾਅ ਕੇ ਪੇਸ਼ ਕਰਨ ਦੀ ਆਪਣੀ ਤਰ੍ਹਾਂ ਦੀ ਖੁੱਲ੍ਹ ਮਿਲ ਜਾਂਦੀ ਹੈ। ਇਸ ਕਰਕੇ ਜਿਸ ਵਾਸਤਵਿਕ ਸੰਸਾਰ ਨੂੰ ਦੂਜੇ ਸਾਹਿਤ ਰੂਪਾਂ ਦੇ ਵਿਚ ਪ੍ਰਗਟ ਕਰਨ ਦੀ ਲੇਖਕ ਨੂੰ ਖੁੱਲ੍ਹ ਨਹੀਂ ਮਿਲਦੀ, ਉਸਦੀ ਪੇਸ਼ਕਾਰੀ ਨਾਵਲੀ ਵਿਧਾ ਵਿਚ ਆਸਾਨ ਹੋ ਜਾਂਦੀ ਹੈ। 'ਨਾਵਲ ਅਤੇ ਵਾਸਤਵਿਕਤਾ' ਲੇਖ ਵਿਚ ਰੈਲਫ਼ ਫ਼ਾੱਕਸ ਜ਼ਿਕਰ ਕਰਦਾ ਹੈ ਕਿ ਨਾਵਲ ਨੂੰ ਹਮੇਸ਼ਾ ਇਕ ਫਾਇਦਾ ਇਹ ਹੈ, ਕਿ ਇਹ ਮਨੁੱਖ ਦੀ ਪੂਰਣ ਤਸਵੀਰ ਪੇਸ਼ ਕਰਨ ਦੇ ਯੋਗ ਹੈ, ਉਹ ਮਹੱਤਵਪੂਰਣ ਅੰਦਰੂਨੀ ਜ਼ਿੰਦਗੀ ਨੂੰ ਦਿਖਾ ਸਕਣ ਦੇ ਯੋਗ ਹੈ'।*1 ਇਹ ਗੱਲਬਾਤ ਇਸ ਕਰਕੇ ਵੀ ਕਰਨ ਦੀ ਜ਼ਰੂਰਤ ਮਹਿਸੂਸ ਹੋਈ ਕਿ ਇਕ ਦਲਿਤ ਲੇਖਕ, ਜਿਸਨੇ ਆਪਣੀ ਸਵੈ ਜੀਵਨੀ ('ਛਾਂਗਿਆ ਰੁੱਖ') ਵਿਚ ਦਲਿਤ ਅਨੁਭਵ ਦੇ ਸੱਚ ਨੂੰ ਏਨੇ ਨੰਗੇ ਚਿੱਟੇ ਰੂਪ ਵਿਚ ਉਤਾਰ ਕੇ ਰੱਖ ਦਿੱਤਾ ਹੋਵੇ, ਉਸਦੇ ਲਈ ਜੀਵਨ ਦੇ ਹੋਰ ਕਿਹੜੇ ਪ੍ਰਮਾਣਿਕ ਤੇ ਕਾਲਪਨਿਕ ਵੇਰਵੇ ਹਨ, ਜਿਨ੍ਹਾਂ ਲਈ ਇਕ ਨਾਵਲੀ ਵਿਧਾ ਦੀ ਲੋੜ ਮਹਿਸੂਸ ਹੁੰਦੀ ਹੈ। ਦਰਅਸਲ ਕੋਈ ਵੀ ਵਿਧਾ ਲੇਖਕ ਦੇ ਅਨੁਭਵ ਦੀ ਹੱਦ ਨੂੰ ਨਿਸ਼ਚਿਤ ਤਾਂ ਨਹੀਂ ਕਰ ਸਕਦੀ ਪਰ ਫਿਰ ਵੀ ਨਾਵਲੀ ਵਿਧਾ ਦੀ ਆਪਣੀ ਇਕ ਵਿਸ਼ਾਲਤਾ ਹੁੰਦੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਲੇਖਕ ਦੇ ਅਨੁਭਵ ਜਗਤ ਦੀ ਇਹ ਵਿਸ਼ਾਲਤਾ ਤੇ ਨਵੇਂਪਣ ਦੀ ਪੇਸ਼ਕਾਰੀ ਹੋਈ ਕਿਵੇਂ ਹੈ ਅਤੇ ਉਹ ਪਾਠਕ ਨੂੰ ਟੁੰਬਣ ਵਿਚ ਕਿੰਨੀ ਕੁ ਕਾਮਯਾਬ ਹੈ।

'ਮਿੱਟੀ ਬੋਲ ਪਈ' ਸਵੈਜੀਵਨੀ ਤਰਜ਼ ਦੀ ਬਿਰਤਾਂਤਕ ਰਚਨਾ ਹੈ। ਜਿਸ ਅੰਦਰ ਇਕ ਦਲਿਤ ਪਰਿਵਾਰ ਵਿਚ ਪਲਦੇ, ਪੜ੍ਹਦੇ ਤੇ ਵੱਡੇ ਹੁੰਦੇ ਕੇਂਦਰੀ ਪਾਤਰ ਦੇ ਜੀਵਨ ਅਨੁਭਵ ਦੀ ਪੇਸ਼ਕਾਰੀ ਨੂੰ ਪ੍ਰਮੁੱਖ ਜੁਗਤ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸ ਨਾਵਲ ਦਾ ਵਾਤਾਵਰਣ ਦੁਆਬੇ ਦੀ ਧਰਤੀ ਹੈ ਜਿੱਥੇ ਆਦਿ ਧਰਮ ਲਹਿਰ ਨੇ ਦਲਿਤ ਜਨ ਮਾਨਸ ਦੇ ਮਨਾਂ ਅੰਦਰ ਸਦੀਆਂ ਤੋਂ ਪੈਦਾ ਹੋਏ ਦਲਿਤ ਉਤਪੀੜਨ ਦੇ ਖਿਲਾਫ ਸਮਾਜਕ ਬਰਾਬਰੀ ਲਈ ਇਕੱਠੇ ਹੋਣ ਤੇ ਸੰਘਰਸ਼ ਕਰਨ ਦੀ ਚੇਤਨਾ ਪੈਦਾ ਕੀਤੀ। ਇਹ ਨਾਵਲ ਉਸ ਲਹਿਰ ਦੇ ਇਤਿਹਾਸਕ ਵਾਕਿਆਥ ਨੂੰ ਪ੍ਰਮਾਣਿਕ ਸ਼ੈਲੀ ਵਿਚ ਪ੍ਰਸਤੁਤ ਕਰਨ ਦਾ ਯਤਨ ਕਰਦਾ ਹੈ। ਇਸ ਦੇ ਲਈ ਲੇਖਕ ਇਕ ਅਜਿਹੇ ਪਲਾਟ ਦੀ ਘਾੜਤ ਘੜ੍ਹਦਾ ਹੈ ਜਿਸ ਵਿਚ ਮੰਗੂ ਰਾਮ ਮੁੱਗੋਵਾਲ ਦੇ ਜਲਸੇ, ਉਸਦੀਆਂ ਤਕਰੀਰਾਂ ਅਤੇ ਉਸਦੇ ਕਾਡਰ ਵੱਲੋਂ ਕੀਤੀ ਘਾਲਣਾ ਦਾ ਕੇਂਦਰੀ ਪਾਤਰ ਇਕ ਚਸ਼ਮਦੀਦ ਗਵਾਹ ਬਣ ਕੇ

ਵਿਚਰਦਾ ਹੈ। ਇਸ ਨਾਵਲੀ ਪਲਾਟ ਵਿਚ ਦੋ-ਤਿੰਨ ਹੋਰ ਮਹੱਤਵਪੂਰਨ ਬਿਰਤਾਂਤ ਤੁਰਦੇ ਹਨ। ਪਹਿਲਾ-ਕੇਂਦਰੀ ਪਾਤਰ ਦੇ ਪਰਿਵਾਰਕ ਜੀਵਨ ਦੀ ਤੋਰ, ਜਿਸ ਵਿਚ ਦੇਸ਼-ਵੰਡ ਤੋਂ ਪਹਿਲਾਂ ਦੇ ਦਲਿਤ ਘਰਾਂ ਦੇ ਜੀਵਨ ਹਾਲਾਤ, ਜਿਸ ਵਿਚ ਪਿਤਾ-ਪੁਰਖੀ ਕੰਮ ਧੰਦਿਆਂ-ਚਮੜੇ ਦਾ ਕਾਰੋਬਾਰ, ਜੁੱਤੀਆਂ ਬਣਾਉਣਾ, ਖੱਡੀ ਬੁਣਨਾ ਤੇ ਜੱਟਾਂ ਜ਼ਿੰਮੀਂਦਾਰਾਂ ਦੀ ਵਗਾਰ ਕਰਨੀ ਸਾਮਿਲ ਸੀ। ਕੇਂਦਰੀ ਪਾਤਰ ਦਾ ਦਾਦਾ ਚਮੜੇ ਦੀਆਂ ਜੁੱਤੀਆਂ ਬਣਾ ਕੇ ਜੈਜੋਂ ਦੇ ਬਾਜ਼ਾਰ ਵਿਚ ਖੋਖੇ ਨੁਮਾ ਹੱਟੀ ਬਣਾ ਕੇ ਕਾਰੋਬਾਰ ਕਰਦਾ ਹੈ। ਨਾਲ ਦੀ ਨਾਲ ਉਹ ਆਦਿ ਧਰਮ ਲਹਿਰ ਵਿਚ ਇਕ ਸਰਗਰਮ ਕਾਰਕੁਨ ਹੈ। ਕੇਂਦਰੀ ਪਾਤਰ ਆਪਣੇ ਦਾਦੇ ਦੇ ਆਸ-ਪਾਸ ਵਿਚਰਨ ਵਾਲਾ ਤੇ ਉਸ ਨਾਲ ਕੰਮ-ਧੰਦੇ ਵਿਚ ਹੱਥ ਵਟਾਉਣ ਵਾਲਾ ਪ੍ਰਮੁੱਖ ਦ੍ਰਸ਼ਟਾ ਤੇ ਵਕਤਾ ਬਣ ਜਾਂਦਾ ਹੈ। ਜੋ ਨਾਵਲੀ ਬਿਰਤਾਂਤ ਦੀ ਇਕ ਕਾਮਯਾਬ ਜੁਗਤ ਬਣ ਜਾਂਦੀ ਹੈ। ਜੈਜੋਂ ਦੇ ਬਾਜ਼ਾਰ ਵਿਚੋਂ ਕੰਜਰ ਮੁਹੱਲੇ ਦਾ ਇਕ ਹੋਰ ਉਪ-ਬਿਰਤਾਂਤ ਸਾਹਮਣੇ ਆਉਂਦਾ ਹੈ। ਇੱਥੇ ਫਾਤਿਮਾ ਨਾਂ ਦੀ ਤਵਾਇਫ ਹੈ ਜੋ ਦਾਦੇ ਦੀ ਦੁਕਾਨ 'ਤੇ ਜੁੱਤੀ ਦੀ ਗੰਢ-ਤੁੱਪ ਬਹਾਨੇ ਆ ਕੇ ਆਪਣੇ ਦਿਲ ਦੀਆਂ ਗੱਲਾਂ ਕਰ ਜਾਂਦੀ ਹੈ। ਇਹ ਵਾਕਿਆ ਮਾਨਵਵਾਦੀ ਰਿਸ਼ਤੇ ਦੀ ਪੈਰਵੀ ਕਰਦਾ ਹੈ ਅਤੇ ਨਾਲ ਦੀ ਨਾਲ ਜ਼ਿੰਮੀਂਦਾਰਾਂ, ਸ਼ਾਹੂਕਾਰਾਂ, ਵਪਾਰੀਆਂ ਤੇ ਮੁਨਸਿਫ਼ਦਾਰਾਂ ਦੁਆਰਾ ਜਿਸਮਫਰੋਸ਼ੀ ਨੂੰ ਆਪਣੀ ਅੱਯਾਸ਼ੀ ਵਾਸਤੇ ਵਰਤਣ ਦੀ ਹੈਵਾਨੀਅਤ ਨੂੰ ਵੀ ਨੰਗਾ ਕਰਦਾ ਹੈ। ਇਸਦਾ ਵੱਡਾ ਸੰਬੰਧ ਉਸ ਸਵਾਲ ਨਾਲ ਜਾ ਜੁੜਦਾ ਹੈ ਜਿੱਥੇ ਇਹ ਭੱਦਰਪੁਰਸ਼ ਇਕ ਪਾਸੇ ਸੁੱਚ-ਭਿੱਟ ਨੂੰ ਪ੍ਰਣਾਏ ਜਾਤੀ ਤ੍ਰਿਸਕਾਰ ਦੇ ਮੁਦੱਈ ਬਣੇ ਹੋਏ ਹਨ ਅਤੇ ਦੂਜੇ ਪਾਸੇ ਆਪਣੀ ਮਰਦਾਵੀਂ ਹਉਂ ਨੂੰ ਪੱਠੇ ਪਾਉਣ ਲੱਗਿਆਂ ਕਿਸੇ ਵੀ ਔਰਤ ਨਾਲ ਵਿਭਚਾਰ ਕਰਨ ਲਈ ਸਭ ਕੁਝ ਨੂੰ ਛਿੱਕੇ ਟੰਗ ਦਿੰਦੇ ਹਨ। ਇਸੇ ਤਰ੍ਹਾਂ ਇਕ ਹੋਰ ਉਪ-ਬਿਰਤਾਂਤ ਕੇਂਦਰੀ ਪਾਤਰ ਦੇ ਭਾਈਏ ਦੀ ਗੁੰਮਸ਼ੁਦਗੀ ਦਾ ਹੈ, ਜਿਸਦੇ ਮੁੜ ਆਉਣ ਦੀ ਨਾਉਮੀਦੀ ਵਿਚ ਮਾਂ ਨੂੰ ਚਾਚੇ ਦੇ ਬਿਠਾਉਣ ਦੀ ਗੱਲਬਾਤ ਚੱਲਦੀ ਹੈ। ਬਹੁਤ ਕੋਸ਼ਿਸ਼ ਤੋਂ ਬਾਅਦ ਆਖਰ ਨੂੰ ਕੇਂਦਰੀ ਪਾਤਰ ਆਪਣੇ ਭਾਈਏ ਨੂੰ ਮੁਲਤਾਨ ਤੋਂ ਲੱਭ ਲਿਆਉਂਦਾ ਹੈ। ਇਸ ਬਿਰਤਾਂਤਕ ਵੇਰਵੇ ਵਿਚ ਜੇਜੋਂ ਤੋਂ ਲੈ ਕੇ ਲਾਹੌਰ ਤੇ ਮੁਲਤਾਨ ਤਕ ਦੇ ਰੇਲ ਗੱਡੀ ਦੇ ਸਫਰ ਤੇ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਵਾਤਾਵਰਣ ਦੀ ਤਸਵੀਰਕਸ਼ੀ ਬਾਕਮਾਲ ਹੈ। ਲਾਹੌਰ ਤੋਂ ਮੁਲਤਾਨ ਤਕ ਦੇ ਵਸਤੂਗਤ ਵੇਰਵਿਆਂ ਦਾ ਸੰਬੰਧ ਜੋੜਨ ਲਈ ਨਾਵਲ ਦੇ ਪ੍ਰਵਕਤਾ ਦੀ  ਭਾਈਏ ਦੁਆਰਾ ਚਮੜੇ ਦੀਆਂ ਬਣਾਈਆਂ ਜੁੱਤੀਆਂ ਵੇਚਣ ਲਈ ਉਧਰਲੇ ਗਾਹਕਾਂ ਤੇ ਦੁਕਾਨਦਾਰਾਂ ਨਾਲ ਜਾਣ ਪਹਿਚਾਣ ਤੇ ਵਿਹਾਰਕ ਸਾਂਝ ਬਣਦੀ ਹੈ।

ਉਪਰੋਕਤ ਨਾਵਲੀ ਬਿਰਤਾਂਤਾਂ ਵਿਚੋਂ ਕੇਂਦਰੀ ਥੀਮ ਦੇ ਰੂਪ ਵਿਚ ਬਾਬੇ ਦਾ ਇਕ ਕਾਮੇਂ ਦੇ ਰੂਪ ਵਿਚ ਵਿਚਰਦੇ ਹੋਏ ਆਪਣੇ ਘਰ ਤੇ ਕਾਰੋਬਾਰ ਨੂੰ ਪੈਰਾਂ ਸਿਰ ਖੜ੍ਹਾ ਕਰਨ ਦੇ ਨਾਲ ਨਾਲ ਆਦਿ ਧਰਮ ਲਹਿਰ ਵਿਚ ਇਕ ਕਾਰਕੁਨ ਦੇ ਰੂਪ ਵਿਚ ਕੰਮ ਕਰਨਾ ਹੈ। ਇੱਥੇ ਬਾਬੇ ਦੀ ਵਿਚਾਰਧਾਰਕ ਚੇਤਨਾ ਦਾ ਜਲੌਅ ਪੇਸ਼-ਪੇਸ਼ ਰਹਿੰਦਾ ਹੈ। ਏਨਾ ਹੀ ਨਹੀਂ ਇਸ ਘਰ ਦੇ ਬਾਕੀ ਜੀਅ,  ਜਿਨ੍ਹਾਂ ਵਿਚ ਖਾਸ ਤੌਰ 'ਤੇ ਦਾਦੀ ਦਾ ਜ਼ਿਕਰ ਕੀਤਾ ਜਾ ਸਕਦਾ ਹੈ; ਸਭ ਬ੍ਰਾਹਮਣਵਾਦੀ ਸੰਸਕਾਰਾਂ ਦੇ ਮੱਕੜ ਜਾਲ ਨੂੰ ਪਹਿਚਾਣਦੇ ਸਜੱਗ ਪਾਤਰ ਬਣਦੇ ਹਨ। ਜਿਨ੍ਹਾਂ ਨੂੰ 'ਗ਼ਦਰ' ਤੇ 'ਆਦੀ ਡੰਕਾ' ਵਰਗੇ ਅਖਬਾਰਾਂ ਨੇ ਦਲਿਤ ਚੇਤਨਾ ਨਾਲ ਲੈਸ ਕਰ ਦਿੱਤਾ ਹੈ। ਇਸ ਕਰਕੇ ਦਲਿਤ ਭਾਈਚਾਰੇ ਦੇ ਖਿਲਾਫ ਜ਼ਿੰਮੀਂਦਾਰਾਂ, ਰਾਜਪੂਤਾਂ ਤੇ ਬ੍ਰਾਹਮਣਾਂ ਦੁਆਰਾ ਬਣਾਇਆ ਮੁੱਲਵਿਧਾਨ ਇਨ੍ਹਾਂ ਦੀਆਂ ਅੱਖਾਂ ਵਿਚ ਰੜਕਦਾ ਹੈ।ਬਾਬੇ ਦੀ ਚੇਤਨਾ ਦਾ ਨਮੂਨਾ ਦੇਖੋ:

*"ਵਿੱਦਿਆ ਤੀਜਾ ਨੇਤਰ ਐਮੇਂ ਥੋੜ੍ਹੋ ਕਹਿੰਦੇ ਆ,ਤਾਂ ਈ ਰਾਜ-ਭਾਗ ਭੋਗਦੇ ਆ। ਚੰਗੀ ਵਿੱਦਿਆ ਨਾਲ ਚੰਗੇ ਵਿਚਾਰ ਫੁੱਲ ਦੀ ਖੁਸ਼ਬੋ ਆਂਗੂੰ ਚੁਫੇਰੇ ਫੈਲਦੇ ਆ। ਮਾਈ ਦਾ ਲਾਲ ਕੋਈ ਹੁਣ ਵਿੱਦਿਆ ਦੇ ਚਾਨਣ ਨੂੰ ਫੈਲਣ ਤੋਂ ਨਈਂ ਰੋਕ ਸਕਦਾ। ਔਹ ਬੇਰੀਆਂ 'ਤੇ ਆਕਾਸ਼ਵੇਲ ਵਾਂਗ ਚੜ੍ਹਿਓ ਆ, ਜੜ੍ਹਾਂ ਜ਼ਮੀਨ 'ਚ ਨਈਂ, ਇਹ ਸਾਡੇ ਅਰਗੇ ਰੁੱਖਾਂ ਨੂੰ ਚੂਸਣ 'ਤੇ ਲੱਗਿਓ ਆ, ਪਖੰਡੀ ਜਿਹੇ।"*2*

'ਮਿੱਟੀ ਬੋਲ ਪਈ' ਨਾਵਲ ਵਿਚ ਲੇਖਕ ਆਪਣੇ ਬਾਬੇ ਨੂੰ ਇਕ ਨਾਇਕ ਦੇ ਰੂਪ ਵਿਚ

ਸਿਰਜਣ ਪ੍ਰਤੀ ਰੁਚਿਤ ਜਾਪਦਾ ਹੈ। ਇਸੇ ਕਰਕੇ ਉਹ ਉਸਨੂੰ ਪਿਤਾ-ਪੁਰਖੀ ਕੰਮਾਂ ਧੰਦਿਆਂ ਵਿਚ ਮਾਹਿਰ ਹੋਣ ਦੇ ਨਾਲ ਨਾਲ ਗਾਉਣ,ਵਜਾਉਣ ਤੇ ਚਿਤਰਕਾਰੀ ਵਿਚ ਪ੍ਰਬੀਨਤਾ ਦੇ ਗੁਣਾਂ ਨਾਲ ਸਜਾਉਂਦਾ ਹੈ। ਇਸਦੇ ਨਾਲ ਨਾਲ ਉਹ ਦਲਿਤ ਚੇਤਨਾ ਦਾ ਪਥ-ਪ੍ਰਦਰਸ਼ਕ ਵੀ ਬਣਦਾ ਹੈ ਤੇ ਆਪਣੇ ਪੋਤੇ ਨੂੰ ਬ੍ਰਾਹਮਣਵਾਦੀ ਗ਼ੁਲਾਮੀ ਦੇ ਜੂਲੇ ਵਿਚ ਫਸੇ ਦਲਿਤ ਮਨੁੱਖ ਦੀਆਂ ਅਨੇਕਾਂ ਘਟਨਾਵਾਂ ਨੂੰ ਸੁਣਾਉਂਦਾ ਹੋਇਆ ਇਨ੍ਹਾਂ ਵਧੀਕੀਆਂ ਤੋਂ ਸੁਚੇਤ ਕਰਵਾ ਕੇ ਜੀਵਨ ਵਿਚ ਅੱਗੇ ਵਧਣ ਦੇ ਗੁਰ ਦਿੰਦਾ ਰਹਿੰਦਾ ਹੈ। ਇਸ ਤਰ੍ਹਾਂ ਬਾਬਾ ਸੰਗਤੀਆ ਬਿਰਤਾਂਤਕ ਵਕਤੇ ਦੇ ਰੂਪ ਵਿਚ ਕਾਰਜਰੱਤ ਰਹਿੰਦਾ ਹੈ। ਪੋਤਾ ਉਸਦੀ ਮਿਕਨਾਤੀਸੀ ਸ਼ਖ਼ਸੀਅਤ ਦੇ ਪ੍ਰਭਾਵ ਹੇਠ ਨਵੀਂ ਜ਼ਿੰਦਗੀ ਤੇ ਨਵੇਂ ਤਜ਼ਰਬਿਆਂ ਨੂੰ ਗ੍ਰਹਿਣ ਕਰਦਾ ਜਾਂਦਾ ਹੈ। ਇਹੀ ਨਹੀਂ ਦੂਰ ਦੂਰ ਤਕ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਆਦਿ ਧਰਮ ਲਹਿਰ ਦੇ ਸੰਗੀ ਬਣਾਉਣ ਵਿਚ ਬਾਬੇ ਦੀ ਚੰਗੀ ਇੱਜ਼ਤ ਹੈ। ਕੁੱਲ ਮਿਲਾ ਕੇ ਉਹ ਆਦਰਸ਼ਕ ਨਾਇਕ ਹੈ ਜਿਸਦੀ ਮਿਹਨਤ, ਲਗਨ, ਸਿਰੜ ਤੇ ਉੱਦਮ ਨਾਲ ਘਰ ਪਰਿਵਾਰ ਤੇ ਦਲਿਤ ਭਾਈਚਾਰਾ ਨਵੀਂ ਚੇਤਨਾ ਦਾ ਹਾਣੀ ਬਣਦਾ ਹੈ। ਆਦਿਕਾ-'ਮਿੱਟੀ ਬੋਲ ਪਈ ਤੋਂ ਪਹਿਲਾਂ' ਵਿਚ ਲੇਖਕ ਆਪਣੇ ਬਾਬੇ ਦੇ ਲਿਖਤੀ ਦਸਤਾਵੇਜ਼ਾਂ ਦਾ ਖਜ਼ਾਨਾ ਮਿਲ ਜਾਣ ਦਾ ਖ਼ੁਲਾਸਾ ਕਰਦਾ ਹੈ। ਲੇਖਕ ਲਿਖਦਾ ਹੈ ਕਿ…

*'ਮੈਂ ਕਿਸੇ ਤੋਂ ਉਹਲਾ ਨਹੀਂ ਰੱਖਣਾ ਚਾਹੁੰਦਾ ਕਿ ਚਿਰੋਕਣੀ ਲਿਖੀ ਇਸ ਲਿਖਤ ਨੂੰ ਮੈਂ ਬਿਨਾਂ ਕਿਸੇ ਕਾਂਟ ਛਾਂਟ ਦੇ ਤੁਹਾਡੇ ਸਾਮ੍ਹਣੇ ਪੇਸ਼ ਕਰਨ ਦੀ ਹਿੰਮਤ ਜੁਟਾ ਲਈ ਹੈ।'* ਉਹ ਅੱਗੇ ਜ਼ਿਕਰ ਕਰਦਾ ਹੈ ਕਿ ..ਮੈਨੂੰ ਬੇਹੱਦ ਖ਼ੁਸ਼ੀ ਹੈ ਕਿ ਆਪਣੇ ਬਾਬੇ ਦੀ ਸੰਗਤ ਮਾਣੀ ਹੈ-ਉਹ ਵੀ ਦਹਾਕਿਆਂ ਤਕ।…ਤੇ ਮੈਨੂੰ ਚਾਅ ਤੇ ਉਤਸ਼ਾਹ ਹੈ ਕਿ ਤੁਹਾਨੂੰ ਪੜ੍ਹਾਵਾਂ-ਸੁਣਾਵਾਂ ਲੋਕਾਂ ਦੇ ਮਾਣ-ਸਨਮਾਨ ਲਈ ਜੂਝਦੇ ਮਰਜੀਵੜਿਆਂ ਦੀ ਦਾਸਤਾਨ। ਉਹ,ਜਿਹੜੇ ਆਪਣੇ ਸਮਿਆਂ ਦੇ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਸੁਹਿਰਦ ਤੇ ਗਿਆਨਵਾਨ ਇਨਸਾਨ ਹੋ ਗੁਜ਼ਰੇ ਤੇ ਲੋਕ ਮਨਾਂ 'ਚ ਵਸ ਗਏ।*3

ਆਦਿਕਾ ਦੇ ਰੂਪ ਵਿਚ ਲੇਖਕ ਦਾ ਇਹ ਕਥਨ ਲੇਖਕ ਦੀ ਬਿਰਤਾਂਤਕ ਜੁਗਤ ਵੀ ਹੋ ਸਕਦੀ ਹੈ ਤੇ ਇਸਦੇ ਸੱਚ ਹੋਣ ਦੀ ਸੂਰਤ ਵਿਚ ਬਹੁਤ ਸਾਰਾ ਰਲ਼ਾ-ਮਿਲ਼ਾ ਵੀ ਹੋ ਸਕਦਾ ਹੈ। ਮਸਲਾ ਇਹ ਨਹੀਂ ਕਿ ਇਹ ਲਿਖਤ ਸੱਚੇ ਵਾਕਿਆਤ ਦਾ ਕਥਾ-ਬਿਰਤਾਂਤ ਹੈ ਜਾਂ ਇਸਨੂੰ ਨਿਰੋਲ ਕਥਾਨਕ ਜੁਗਤ ਦੇ ਰੂਪ ਵਿਚ ਘੜਿਆ ਗਿਆ ਹੈ, ਬਲਕਿ ਇਹ ਦੇਖਣਾ ਹੈ ਕਿ ਇਹ ਕਥਾ-ਬਿਰਤਾਂਤ ਵਸਤੂ-ਯਥਾਰਥ ਜਾਂ ਸੱਚ ਦੇ ਆਰ-ਪਾਰ ਜਾਣ ਵਿਚ ਕਿੰਨਾ ਕੁ ਸਮਰੱਥ ਹੋਇਆ ਹੈ?

'ਮਿੱਟੀ ਬੋਲ ਪਈ' ਇਕ ਵੱਡੇ ਕੈਨਵਸ ਵਾਲੀ ਬਿਰਤਾਂਤਕ ਰਚਨਾ ਹੈ। ਅਣਵੰਡੇ ਪੰਜਾਬ ਵਿਚ ਦੁਆਬੇ ਤੋਂ ਲੈ ਕੇ ਲਾਹੌਰ ਮੁਲਤਾਨ ਇਸਦੇ ਭੂਗੋਲਿਕ ਤੇ ਸਾਂਸਕ੍ਰਿਤਕ ਘੇਰੇ ਵਿਚ ਆਉਂਦੇ ਹਨ। ਦਸਤਕਾਰੀ ਕਿਵੇਂ ਵਪਾਰ ਦੇ ਰਾਹ ਪੈਂਦੀ ਹੈ ਤੇ ਕਿਵੇਂ ਵਪਾਰੀ ਜਾਨਵਰਾਂ 'ਤੇ ਸਮਾਨ ਢੋਂਦੇ ਸਮਰਕੰਦ ਤਕ ਮਾਲ ਦਾ ਆਦਾਨ ਪ੍ਰਦਾਨ ਕਰਦੇ ਹਨ।ਰੇਲਗੱਡੀ ਦੇ ਆਉਣ ਨਾਲ ਇਹ ਵਪਾਰ ਕਿਵੇਂ ਗਤੀ ਫੜਦਾ ਹੈ ਆਦਿ ਦ੍ਰਿਸ਼ ਗੁਜ਼ਰੇ ਜ਼ਮਾਨੇ ਨੂੰ ਸਾਕਾਰ ਕਰ ਦਿੰਦੇ ਹਨ। ਇਹੀ ਨਹੀਂ ਬਾਬਾ ਕਿਵੇਂ ਜੁੱਤੀਆਂ ਦੀ ਪੰਡ ਬੰਨ੍ਹ ਕੇ ਪੈਦਲ ਨਦੀਆਂ ਨਾਲੇ ਪਾਰ ਕਰਦਾ ਹੁਸ਼ਿਆਰਪੁਰ, ਮਾਹਲਪੁਰ ਤੇ ਜੈਜੋਂ ਤਕ ਤੁਰਿਆ ਫਿਰਦਾ ਹੈ। ਜੈਜੋਂ ਤੋਂ ਰੇਲਗੱਡੀ ਫੜ ਉਹ ਲਾਹੌਰ, ਮੁਲਤਾਨ ਤਕ ਘੁੰਮ ਆਉਂਦਾ ਹੈ। ਆਦਿ ਧਰਮ ਮੰਡਲ ਦੇ ਜਲਸਿਆਂ ਵਿਚ ਉਹ ਆਪਣੇ ਪੋਤੇ ਨੂੰ ਨਾਲ ਰੱਖ ਕੇ ਜੁੱਤੀਆਂ ਵੀ ਵੇਚ ਲੈਂਦਾ ਹੈ ਤੇ ਸਾਰੰਗੀ ਨਾਲ ਗਾ ਕੇ ਸਰੋਤਿਆਂ ਨੂੰ ਇਕ ਸੂਤਰ ਵਿਚ ਬੰਨ੍ਹ ਦਿੰਦਾ ਹੈ। ਮੰਗੂ ਰਾਮ ਮੁੱਗੋਵਾਲ ਦੀ ਤਕਰੀਰ ਤੋਂ ਪਹਿਲਾਂ ਬਾਬੇ ਦਾ ਕਲਾਮ ਲੋਕਾਂ ਨੂੰ ਸਮਾਜਕ ਬਰਾਬਰੀ ਦੀ ਜੰਗ ਵਿਚ ਆਪਣੀ ਆਹੂਤੀ ਪਾਉਣ ਦੀ ਪ੍ਰੇਰਨਾ ਦਿੰਦਾ ਹੈ। ਇੰਝ ਲੇਖਕ ਆਦਿ ਧਰਮ ਲਹਿਰ ਨੂੰ ਇਸ ਨਾਵਲ ਦਾ ਕੇਂਦਰੀ ਥੀਮ ਬਣਾਉਂਦਾ ਹੈ। ਨਿਰਸੰਦੇਹ ਇਸ ਲਹਿਰ ਨੇ ਦਲਿਤਾਂ ਨੂੰ ਇਕਜੁੱਟ ਕਰ ਕੇ ਆਰਥਿਕ,ਸਮਾਜਕ ਤੇ ਰਾਜਸੀ ਮਜ਼ਬੂਤੀ ਪ੍ਰਦਾਨ ਕੀਤੀ। ਇਸੇ ਕਰਕੇ ਲੇਖਕ ਇਸ ਲਹਿਰ ਦੇ ਇਤਿਹਾਸਕ ਮਹੱਤਵ ਨੂੰ ਪੁਨਰ ਸੁਰਜੀਤ ਕਰਨ ਦਾ ਬੀੜਾ ਉਠਾਉਂਦਾ ਹੈ। ਪੰਜਾਬੀ ਦੀ ਕਿਸੇ ਵੀ ਦਲਿਤ ਰਚਨਾ ਵਿਚ ਇਸ ਲਹਿਰ ਦੇ ਉਠਾਣ ਨੂੰ ਲੈ ਕੇ ਇਸ ਤਰ੍ਹਾਂ ਦਾ

ਚਲਚਿੱਤਰ-ਬਿਰਤਾਂਤ ਸਾਹਮਣੇ ਨਹੀਂ ਆਇਆ। ਇਸੇ ਕਰਕੇ ਮਾਧੋਪੁਰੀ ਦਾ ਇਹ ਨਾਵਲ ਇਕ ਨਿਵੇਕਲੇ ਇਤਿਹਾਸਕ ਪਹਿਲੂ ਨੂੰ ਲੈ ਕੇ ਸਮਾਜਕ ਨਿਆਂ ਦੇ ਘੋਲ਼ ਵਿਚ ਆਦਿ ਧਰਮ ਮੰਡਲ ਦੇ ਯੋਗਦਾਨ ਨੂੰ ਪੁਨਰ ਸੁਰਜੀਤ ਕਰਦਾ ਹੈ। ਇੱਥੇ ਆਦਿ ਧਰਮੀ ਲਹਿਰ ਦੇ ਬਾਨੀ ਮੰਗੂ ਰਾਮ ਦੀ ਇਕ ਤਕਰੀਰ ਦਾ ਹਵਾਲਾ ਦੇਖੋ:

*'ਸਾਥੀਓ, ਤੁਹਾਡੀ ਬਗਾਰ ਜੋ ਸੈਂਕੜੇ ਸਾਲ ਪਹਿਲਾਂ ਸ਼ੁਰੂ ਹੋਈ ਉਸ ਤੋਂ ਅਸੀਂ ਨਜਾਤ ਪਾਉਣੀ ਆ। ਅਸੀਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਾਂਗ ਬਰਾਬਰ ਦੇ ਹਕੂਕ ਹਾਸਲ ਕਰਨੇ ਆ। ਹੁਣ ਅਸੀਂ ਆਪਣੀ ਕੌਮ ਨੂੰ ਇਨ੍ਹਾਂ ਦਾ ਖਾਜਾ ਨਈਂ ਬਣਨ ਦੇਣਾ। ਇੰਤਕਾਲੇ ਅਰਾਜ਼ੀ ਐਕਟ ਨੂੰ ਖਤਮ ਕਰਾਉਣਾ ਜਿਹਦੇ ਕਰਕੇ ਅਸੀਂ ਅੱਜ ਆਪਣੇ ਪੈਸਿਆਂ ਨਾਲ ਘਰ ਪਾਉਣ ਜੋਗੀ ਜ਼ਮੀਨ ਵੀ ਨਈਂ ਖਰੀਦ ਸਕਦੇ। ਅਸੀਂ ਇਸ ਮੁਲਕ ਦੇ ਅਸਲੀ ਬਸ਼ਿੰਦਿਆਂ ਦੀ ਔਲਾਦ ਹਾਂ। ਅਸੀਂ ਇਸ ਮੁਲਕ ਦੇ ਮਾਲਕ ਹਾਂ। ਪਰ ਆਰੀਆ ਲੋਕਾਂ ਨੇ ਆਪਣੀਆਂ ਸੁਆਰਥੀ ਕੁਚਾਲਾਂ ਨਾਲ ਸਾਨੂੰ ਜਾਤਪਾਤ ਤੇ ਛੂਤਛਾਤ ਦੇ ਕੋਹੜ ਜ਼ਰੀਏ ਪਸ਼ੂਆਂ ਤੋਂ ਬਦਤਰ ਬਣਾਇਆ। ਇਹ ਸਾਡੀ ਕੌਮ ਲਈ ਲਾਅਨਤ ਆ। ਸਾਡੀ ਕੌਮ ਲਈ ਕਲੰਕ ਆ। ਇਹ ਸਮਾਜ ਨੂੰ ਲੱਗਾ ਘੁਣ ਆ...ਜੋ ਅੰਗਰੇਜ਼ਾਂ ਤੋਂ ਆਜ਼ਾਦੀ ਮੰਗਦੇ ਆ, ਅਸੀਂ ਉਨ੍ਹਾਂ ਗੁਲਾਮਾਂ ਦੇ ਗੁਲਾਮ ਆਂ।ਅੰਗਰੇਜ਼ਾਂ ਵਾਂਗ ਬਾਹਰਲੇ ਮੁਲਕਾਂ ਤੋਂ ਆ ਕੇ ਇਨ੍ਹਾਂ ਸਾਡੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ। ਸਾਨੂੰ ਗੁਲਾਮ ਬਣਾਈਂ ਰੱਖਣ ਲਈ ਅਗਲੇ ਪਿਛਲੇ ਜਨਮਾਂ ਦੀਆਂ ਦੰਭੀ ਚਾਲਾਂ ਦੇ ਭਰਮ ਵਿਚ ਫਸਾ ਕੇ ਸਾਡੇ 'ਤੇ ਜ਼ੁਲਮ ਢਾਹਿਆ ਜਾ ਰਿਹਾ'।**4

ਇੰਝ ਲੇਖਕ ਆਦਿ ਧਰਮ ਲਹਿਰ ਦੇ ਇਤਿਹਾਸ ਨੂੰ ਨਾਵਲੀ ਬਿਰਤਾਂਤ ਦੇ ਕੇਂਦਰ ਵਿਚ ਰੱਖ ਕੇ ਸਦੀਆਂ ਤੋਂ ਨਪੀੜੀ ਜਾ ਰਹੀ ਦਲਿਤ ਸ਼੍ਰੇਣੀ ਦੇ ਉਭਾਰ ਨੂੰ ਗਲਪੀ-ਦਸਤਾਵੇਜ਼ ਦੇ ਰੂਪ ਵਿਚ ਸਾਂਭ ਲੈਣਾ ਚਾਹੁੰਦਾ ਹੈ। ਇਕ ਦਲਿਤ ਲੇਖਕ ਹੋਣ ਦੇ ਨਾਤੇ ਪੰਜਾਬ ਵਿਚ ਉੱਠੀ ਇਸ ਲਹਿਰ ਦੇ ਇਤਿਹਾਸ ਨੂੰ ਪੁਨਰ-ਸਿਰਜਿਤ ਕਰਨਾ ਆਪਣੇ ਆਪ ਵਿਚ ਵੱਡਾ ਉਪਰਾਲਾ ਹੈ। ਨਹੀਂ ਤਾਂ ਇਨਸਾਨੀ ਬਰਾਬਰੀ ਦੇ ਮੁੱਦੇ ਨੂੰ ਲੈ ਕੇ ਉੱਠੀ ਅਜਿਹੀ ਲਹਿਰ ਨੂੰ ਸਿਰਫ ਇਤਿਹਾਸਕ ਦਸਤਾਵੇਜ਼ਾਂ ਵਿਚ ਬੰਦ ਕਰ ਕੇ ਰੱਖ ਦੇਣ ਦੇ ਛੜਯੰਤਰ ਅੱਜ ਵੀ ਜਾਰੀ ਹਨ। ਬ੍ਰਾਹਮਣਵਾਦੀ ਸੰਸਕਾਰਾਂ ਦੀ ਜਕੜ ਵਿਚ ਅੱਜ ਵੀ ਵੱਡਾ ਤਬਕਾ ਆਪਣੀ ਸ਼੍ਰੇਸ਼ਠਤਾ ਦਾ ਦਿਖਾਵਾ ਕਰਦਾ ਹੋਇਆ ਸਮਾਜਕ ਬਰਾਬਰੀ ਦੇ ਰਾਹ ਵਿਚ ਇੱਟ-ਖੜਿੱਕਾ ਖੜ੍ਹਾ ਕਰੀਂ ਰੱਖਦਾ ਹੈ।ਨਾਵਲਕਾਰ ਨੇ ਆਦਿ ਧਰਮ ਲਹਿਰ ਦੇ ਉਭਾਰ ਨੂੰ, ਉਸ ਦੀਆਂ ਗਤੀਵਿਧੀਆਂ ਨੂੰ ਤੱਤਕਾਲੀ ਸਮਾਜਕ ਤੇ ਸਾਂਸਕ੍ਰਿਤਕ ਮਾਹੌਲ ਵਿਚੋਂ ਸਿਰਜਣ ਦੀ ਸਫਲ ਕੋਸ਼ਿਸ਼ ਕੀਤੀ ਹੈ। ਇਸ ਪਿੱਛੇ ਲੇਖਕ ਦੇ 'ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ'-2010 ਉੱਤੇ ਕੀਤੇ ਖੋਜ ਕਾਰਜ ਦਾ ਯੋਗਦਾਨ ਵੀ ਜਾਪਦਾ ਹੈ ਕਿ ਉਸ ਕੋਲ਼ ਇਸ ਲਹਿਰ ਦੇ ਸੰਬੰਧ ਵਿਚ ਪੁਖਤਾ ਇਤਿਹਾਸਕ ਸਮੱਗਰੀ ਮੌਜੂਦ ਹੈ। ਇਸੇ ਕਰਕੇ ਲੇਖਕ ਬਾਬਾ ਮੰਗੂ ਰਾਮ ਦੇ ਜਲਸੇ-ਜਲੂਸ,ਤਕਰੀਰਾਂ,ਪਿੰਡਾਂ ਦੇ ਨਾਵਾਂ ਥਾਵਾਂ ਤੇ ਪਾਰਟੀ ਲਈ ਸਰਗਰਮ ਕਾਰਕੁਨਾਂ ਤੇ ਪਾਰਟੀ ਦੇ ਏਜੰਡੇ ਪ੍ਰਤੀ ਜਾਣੂ ਹੈ। ਇਹੀ ਨਹੀਂ ਕਈ ਥਾਵਾਂ ਉੱਤੇ ਜਿੱਥੇ ਪਾਰਟੀ ਕਾਰਕੁਨਾਂ ਨੂੰ ਉੱਚ ਜਾਤੀ ਮਾਨਸਿਕਤਾ ਵਾਲੇ ਲੋਕਾਂ ਦੇ ਵਿਰੋਧ ਤੇ ਜ਼ੁਲਮ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਵਾਕਿਆਤ ਦੇ ਹਵਾਲੇ ਵੀ ਹਨ। ਇਸ ਨਾਵਲੀ ਬਿਰਤਾਂਤ ਵਿਚ ਕਈ ਘਟਨਾਵਾਂ ਦੇ ਵੇਰਵੇ ਦਰਸਾਏ ਗਏ ਹਨ ਜਿੱਥੇ ਇਸ ਲਹਿਰ ਦੀ ਚੜ੍ਹਤ ਕਾਰਨ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਅਤੇ ਪਾਰਟੀ ਦੀਆਂ ਕੁਝ ਖਾਸ ਮੰਗਾਂ ਜਿਨ੍ਹਾਂ ਵਿਚ ਇੰਤਕਾਲ ਅਰਾਜ਼ੀ ਐਕਟ ਦਾ ਖਾਤਮਾ ਤੇ ਦਲਿਤ ਬੱਚਿਆਂ ਦੀ ਪੜ੍ਹਾਈ ਤੇ ਵਜ਼ੀਫੇ ਨੂੰ ਲੈ ਕੇ ਮੰਗਾਂ ਨੂੰ ਪ੍ਰਵਾਨ ਕੀਤਾ ਗਿਆ। ਇਸ ਤਰ੍ਹਾਂ ਦੇ ਇਤਿਹਾਸਕ ਵੇਰਵਿਆਂ ਵਿਚੋਂ ਲੇਖਕ ਸਾਂਝੇ ਪੰਜਾਬ ਦੀ ਪਹਿਲੀ ਅਸੈਂਬਲੀ ਵਿਚ ਸਰ ਸਿਕੰਦਰ ਹਯਾਤ ਖਾਂ ਟਿਵਾਣਾ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਾ ਹੈ ਜੋ ਆਦਿ ਧਰਮ ਦੀਆਂ ਮੰਗਾਂ ਪ੍ਰਤੀ ਹਾਂ-ਪੱਖੀ ਦ੍ਰਿਸ਼ਟੀ ਰੱਖਦਾ ਸੀ। ਉਸੇ ਦੀ ਵਜ਼ਾਰਤ ਵਿਚ ਤਾਲੀਮ ਮਹਿਕਮੇ ਦੇ ਵਜ਼ੀਰ ਮੀਆਂ ਅਬਦੁਲ ਹਈ ਦੇ ਹਵਾਲੇ ਨਾਲ: *'ਮੈਂ ਪੰਜਾਬ ਸਰਕਾਰ ਤੇ ਵਜ਼ੀਰੇ-ਆਜ਼ਮ ਸਰ ਸਿਕੰਦਰ ਹਯਾਤ ਖਾਨ ਦੀ ਤਰਫੋਂ ਆਪਣੇ ਪਛੜੇ,ਅਛੂਤ ਭਰਾਵਾਂ ਦੇ ਗਹਿਰੇ ਸਰੋਕਾਰਾਂ ਬਾਰੇ ਫਿਕਰਮੰਦ ਆਂ। ਮੈਂ*

*ਅਛੂਤਾਂ-ਹਰੀਜਨਾਂ ਨੂੰ ਬਾਹਮਣਾਂ ਤੇ ਸੱਯਦਾਂ ਦੇ ਬਰਾਬਰ ਰੁਤਬਾ ਦੇਣ ਦੇ ਹੱਕ 'ਚ ਆਂ। ਅੱਲਾ, ਵਾਹਿਗੁਰੂ, ਈਸ਼ਵਰ ਦੀ ਨਜ਼ਰ'ਚ ਮੈਨੂੰ ਆਪਣੇ ਤੇ ਅਛੂਤਾਂ 'ਚ ਕੋਈ ਫਰਕ ਨਹੀਂ ਲੱਭਦਾ।..ਪੰਜਾਬੀ ਕੌਮ ਕਈ ਭਾਈਚਾਰਿਆਂ ਨਾਲ ਮਿਲ ਕੇ ਬਣੀ ਆ ਤੇ ਆਦ-ਧਰਮੀ ਇਸ ਕੌਮ ਦਾ ਹਿੱਸਾ ਆ'।**6

ਇਸ ਤਰ੍ਹਾਂ ਨਾਵਲਕਾਰ ਨੇ ਆਦਿ ਧਰਮ ਦੀ ਲਹਿਰ ਦੇ ਇਤਿਹਾਸ ਨੂੰ ਰਾਜਨੀਤਕ ਤੇ ਇਤਿਹਾਸਕ ਪਿੱਠਭੂਮੀ ਵਿਚੋਂ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਇਨ੍ਹਾਂ ਇਤਿਹਾਸਕ ਵੇਰਵਿਆਂ ਨੂੰ ਇਸ ਨਾਵਲ ਦੇ ਗਲਪੀ ਬਿਰਤਾਂਤ ਵਿਚ ਯਥਾਯੋਗ ਥਾਂ ਦੇਣ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। ਉਹ ਇਸ ਗੱਲੋਂ ਵੀ ਬਾਖਬਰ ਨਜ਼ਰ ਆਉਂਦਾ ਹੈ ਕਿ ਕਿਸੇ ਗਲਪ ਰਚਨਾ ਵਿਚ ਰਾਜਨੀਤਕ ਸਮੱਗਰੀ ਕਿਵੇਂ ਸ਼ਾਮਿਲ ਕੀਤੀ ਜਾ ਸਕਦੀ ਹੈ। ਇਸੇ ਕਰਕੇ ਇਹ ਨਾਵਲ ਇਕਹਿਰੇ ਰੂਪ ਵਿਚ ਕਿਸੇ ਲਹਿਰ ਦਾ ਪ੍ਰਚਾਰ ਨਹੀਂ ਬਣਦਾ ਸਗੋਂ ਪੰਜਾਬ ਦੇ ਸਮਾਜਕ, ਆਰਥਿਕ, ਰਾਜਨੀਤਕ ਤੇ ਸਾਂਸਕ੍ਰਿਤਕ ਵਰਤਾਰੇ ਅੰਦਰ ਇਕ ਵੱਡੇ ਜਨ ਸਮੂਹ ਦੀ ਸਮਾਜਕ ਬਰਾਬਰੀ ਲਈ ਕੀਤੀ ਗਈ ਜੱਦੋਜਹਿਦ ਦਾ ਉਪ-ਬਿਰਤਾਂਤ ਬਣਾ ਕੇ ਸਾਹਮਣੇ ਲਿਆਉਂਦਾ ਹੈ।

ਨਾਵਲੀ ਬਿਰਤਾਂਤ ਵਿਚ ਉਪਰੋਕਤ ਇਤਿਹਾਸਕ ਲਹਿਰ ਦੀ ਪੇਸ਼ਕਾਰੀ ਦੇ ਨਾਲ ਨਾਲ ਨਾਵਲਕਾਰ ਆਦਿ ਧਰਮ ਲਹਿਰ ਦੇ ਬਾਨੀ ਬਾਬਾ ਮੰਗੂ ਰਾਮ ਦੀ ਸ਼ਖਸੀ ਵਡਿਆਈ ਨੂੰ ਵੀ ਉਭਾਰਨਾ ਚਾਹੁੰਦਾ ਹੈ। ਕਿਸੇ ਦੀ ਨਜ਼ਰ ਵਿਚ ਇਹ ਸ਼ਖਸੀ ਪੂਜਾ ਦਾ ਮਾਮਲਾ ਵੀ ਹੋ ਸਕਦਾ ਹੈ ਜਿਸਨੂੰ ਇਕ ਵਿੱਥ 'ਤੇ ਖਲੋ ਕੇ ਵੇਖਿਆਂ ਇਸਨੂੰ ਦਲਿਤ ਲੇਖਕ ਦੀ ਉਪਭਾਵੁਕਤਾ ਦੀ ਕਾਣ ਵੀ ਆਖਿਆ ਜਾ ਸਕਦਾ ਹੈ। ਕਿਉਂ ਜੋ ਲੇਖਕ ਵੇਲੇ ਦੀ ਹਕੂਮਤ ਕੋਲੋਂ ਦਲਿਤਾਂ ਦੇ ਲਈ ਪ੍ਰਾਪਤ ਕੀਤੇ ਮੌਕਿਆਂ ਨੂੰ ਇਸ ਨੇਤਾ ਦੀ ਵੱਡੀ ਪ੍ਰਾਪਤੀ ਦਰਸਾਉਂਦਾ ਹੈ। ਮਸਲਨ ਦੂਸਰੀ ਵਿਸ਼ਵ ਜੰਗ ਮੌਕੇ ਜਦੋਂ ਅੰਗਰੇਜ਼ ਹਕੂਮਤ ਨੂੰ ਹਿੰਦੋਸਤਾਨ ਦੇ ਫਰੰਟਾਂ 'ਤੇ ਲੜਨ ਲਈ ਵੱਡੀ ਗਿਣਤੀ ਵਿਚ ਭਾਰਤੀ ਸਿਪਾਹੀਆਂ ਦੀ ਲੋੜ ਸੀ ਤਾਂ ਬਾਬਾ ਮੰਗੂ ਰਾਮ ਨੇ ਇਸ ਮੌਕੇ ਨੂੰ ਤਾੜਦੇ ਹੋਏ ਅੰਗਰੇਜ਼ ਹਾਕਮਾਂ ਨੂੰ ਚਮਾਰ ਰੈਜਮੈਂਟ ਬਣਾਉਣ ਦੀ ਤਜਵੀਜ਼ ਸੁਝਾਈ, ਜੋ ਹਕੂਮਤ ਨੂੰ ਰਾਸ ਆ ਗਈ। ਇਸ ਲਈ ਬਾਬਾ ਮੰਗੂ ਰਾਮ ਨੇ ਦਲਿਤ ਨੌਜੁਆਨਾਂ ਨੂੰ ਸੁਨੇਹਾ ਦਿੱਤਾ ਕਿ ਉਹ ਇਸ ਮੌਕੇ ਦਾ ਫਾਇਦਾ ਉਠਾ ਕੇ ਆਰਥਿਕ ਤਰੱਕੀ ਤੇ ਸਮਾਜਕ ਸਨਮਾਨ ਪ੍ਰਾਪਤ ਕਰਨ। ਇਸ ਕਾਰਜ ਵਿਚ ਉਸਨੇ ਖੁਦ ਅਤੇ ਪਾਰਟੀ ਦੇ ਕਾਰਕੁਨਾਂ ਦੇ ਸਹਿਯੋਗ ਦੇ ਨਾਲ ਵੱਡੀ ਸੰਖਿਆ ਵਿਚ ਇਨ੍ਹਾਂ ਨੌਜੁਆਨਾਂ ਨੂੰ ਭਰਤੀ ਕਰਵਾਇਆ। 'ਆਦੀ ਡੰਕਾ' ਤੇ 'ਫੌਜੀ' ਅਖਬਾਰਾਂ ਵਿਚ ਇਨ੍ਹਾਂ ਨੌਜੁਆਨਾਂ ਦੀ ਬਹਾਦਰੀ ਉੱਤੇ ਕਵਿਤਾਵਾਂ ਲਿਖੀਆਂ ਜਾਂਦੀਆਂ ਸਨ। ਇੰਝ ਲੇਖਕ ਫਿਰੰਗੀ ਹਕੂਮਤ ਦੇ ਲਈ ਜੰਗ ਦਾ ਖਾਜਾ ਬਣਨ ਵਾਲੇ ਕਾਰਜ ਨੂੰ ਇਸ ਨੇਤਾ ਦੀ ਵੱਡੀ ਪ੍ਰਾਪਤੀ ਦਰਸਾਉਂਦਾ ਹੈ। ਇਸ ਗੱਲ ਉੱਤੇ ਸਵਾਲ ਖੜ੍ਹੇ ਕੀਤੇ ਜਾ ਸਕਦੇ ਹਨ ਪਰ ਇਹ ਗੱਲ ਦਲਿਤ ਨੁਕਤਾ ਨਿਗਾਹ ਦੇ ਪੱਖੋਂ ਮਹੱਤਵਪੂਰਨ ਇਸ ਕਰਕੇ ਹੈ ਕਿ ਭਾਰਤੀ ਸਮਾਜ ਜਿਸ ਵਿਚ ਦਲਿਤ ਮਨੁੱਖ ਦੀ ਕੋਈ ਕਦਰ ਤੇ ਹੈਸੀਅਤ ਨਹੀਂ ਹੈ, ਇਹੀ ਮੌਕਾ ਹੈ ਕਿ ਉਹ ਇਸ ਤ੍ਰਿਸਕਾਰਤ ਤੇ ਜ਼ਿੱਲ੍ਹਣ ਭਰੀ ਜ਼ਿੰਦਗੀ ਤੋਂ ਬਾਹਰ ਨਿਕਲ ਸਕਦੇ ਹਨ। ਇਹੀ ਨਹੀਂ ਲੇਖਕ ਦਲਿਤ ਲੋਕਾਂ ਦੀ ਜੰਗਜੂ ਬਿਰਤੀ ਤੇ ਆਪਾ ਵਾਰੂ ਭਾਵਨਾ ਨੂੰ ਵਡਿਆ ਕੇ ਸਮਾਜ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਕਲਮਬੱਧ ਕਰਨਾ ਚਾਹੁੰਦਾ ਹੈ। ਰਿਆਸਤੀ ਪੰਜਾਬ ਦੇ ਇਤਿਹਾਸ ਵਿਚ ਵੀ ਦਲਿਤਾਂ ਦੀ ਬਹਾਦਰੀ ਦੇ ਅਜਿਹੇ ਯੋਗਦਾਨ ਨੂੰ ਉਹ ਇਸ ਨਾਵਲੀ ਬਿਰਤਾਂਤ ਵਿਚ ਦਰਜ ਕਰਨ ਦਾ ਮੌਕਾ ਨਹੀਂ ਗੰਵਾਉਣਾ ਚਾਹੁੰਦਾ। ਇਕ ਇਤਿਹਾਸਕ ਹਵਾਲਾ ਦੇਖੋ: *ਰਵਿਦਾਸੀਆ ਸਿੱਖਾਂ ਦੀ ਫੌਜ 'ਚ ਗਿਣਤੀ ਛੇ ਲੱਖ ਇਕੱਤਰ ਹਜ਼ਾਰ ਸੱਤ ਸੌ ਛਿਆਲੀ ਆ।...ਰਵੀਦਾਸੀਆ ਸਿੱਖ ਰਿਆਸਤ ਮਹਾਰਾਜਾ ਪਟਿਆਲਾ, ਫਲੌਰ ਰਿਆਸਤ, ਮਲੇਰਕੋਟਲਾ ਤੇ ਹੋਰ ਪਿੰਡਾਂ ਵਿਚ ਜ਼ਮੀਨ ਦੇ ਮਾਲਕ ਆ, ਲੁਧਿਆਣਾ, ਅੰਮ੍ਰਿਤਸਰ ਦੇ ਸ਼ਹਿਰਾਂ ਤੇ ਬਹੁਤ ਸਾਰੇ ਪਿੰਡਾਂ ਵਿਚ ਜ਼ਮੀਨਾਂ ਤੇ ਧਰਮਸ਼ਾਲਾਵਾਂ ਹਨ। ਰਵੀਦਾਸੀਆ ਸਿੱਖਾਂ ਦਾ ਚੱਕ ਨੰਬਰ 38 ਜੰਗਪੁਰ, ਡਾਕਘਰ ਖਾਸ, ਤਹਿਸੀਲ ਉਕਾੜਾ, ਜ਼ਿਲ੍ਹਾ ਮਿੰਟਗੁਮਰੀ ਹੈ। ਇਸ ਪਿੰਡ ਵਿਚ ਇਕ ਸਾਲ*

*ਦੀ ਪੈਨਸ਼ਨ ਤੀਹ ਹਜ਼ਾਰ ਰੁਪਿਆ ਔਂਦੀ ਹੈ। ਸਾਢੇ ਤਿੰਨ-ਤਿੰਨ ਮੁਰੱਬੇ ਨੰਬਰਦਾਰ ਨੂੰ ਤੇ ਦੋ-ਦੋ ਸਰਦਾਰਾਂ ਨੂੰ ਤੇ ਇਕ-ਇਕ ਹੋਰਨਾਂ ਨੂੰ ਹੈ।*7*

ਇਸ ਤਰ੍ਹਾਂ ਨਾਵਲਕਾਰ ਜਿੱਥੇ ਭਾਰਤੀ ਸਮਾਜ ਵਿਚ ਦਲਿਤਾਂ ਦੀ ਸਦੀਆਂ ਤੋਂ ਚਲੀ ਆ ਰਹੀ ਸ਼ੋਸ਼ਿਤ ਦਸ਼ਾ ਨੂੰ ਦਰਸਾ ਕੇ ਉਨ੍ਹਾਂ ਦੇ ਰਾਜਨੀਤਕ ਸੰਘਰਸ਼ ਨੂੰ ਚਿਤਰਨ ਦੇ ਆਹਰ ਵਿਚ ਹੈ ਉੱਥੇ ਦਲਿਤ ਲੋਕਾਂ ਦੀ ਬਹਾਦਰੀ ਤੇ ਵਲਲੇ ਦੀਆਂ ਹਕੂਮਤਾਂ ਕੋਲੋਂ ਹਾਸਲ ਕੀਤੇ ਮਾਣ ਸਨਮਾਨ ਕਰਕੇ ਉਨ੍ਹਾਂ ਦੀ ਚੰਗੀ ਸਮਾਜਕ ਹੈਸੀਅਤ ਨੂੰ ਵੀ ਵਡਿਆਉਣਾ ਚਾਹੁੰਦਾ ਹੈ। ਇਨ੍ਹਾਂ ਵੇਰਵਿਆਂ ਰਾਹੀਂ ਲੇਖਕ ਹਾਸ਼ੀਏ ਤੇ ਧੱਕ ਦਿੱਤੇ ਗਏ ਦਲਿਤ ਸਮਾਜ ਦੇ ਆਤਮਿਕ ਬਲ ਨੂੰ ਪੁਨਰ ਜਾਗ੍ਰਿਤ ਕਰਨ ਦਾ ਉਪਰਾਲਾ ਕਰਦਾ ਜਾਪਦਾ ਹੈ।

ਇਸ ਨਾਵਲ ਵਿਚ ਕੇਂਦਰੀ ਥੀਮ ਦੇ ਸਮਾਨਾਂਤਰ ਇਕ ਵਿਚਾਰਧਾਰਕ ਟਕਰਾਅ ਦਾ ਕਥਾਨਕ ਵੀ ਸਿਰਜਿਆ ਗਿਆ ਹੈ। ਇਹ ਟਕਰਾਅ ਬ੍ਰਾਹਮਣਵਾਦੀ ਸੰਸਕਾਰਾਂ ਤੇ ਮਾਨਤਾਵਾਂ ਦੇ ਖਿਲਾਫ ਹੈ ਜਿਸਨੇ ਖਾਸ ਤੌਰ ’ਤੇ ਦਲਿਤ ਲੋਕਾਂ ਨੂੰ ਸਦੀਆਂ ਤੋਂ ਗ਼ੁਲਾਮੀ ਦਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਸੀ। ਆਦਿ ਧਰਮ ਲਹਿਰ ਦੇ ਪ੍ਰਚਾਰ ਦੇ ਕਾਰਨ ਦਲਿਤ ਜਾਗਣ ਲੱਗਾ ਤੇ ਉਹ ਸਨਾਤਨੀ ਸੰਸਕਾਰਾਂ ਦੇ ਖੋਖਲੇਪਣ ਨੂੰ ਸ਼ਰ੍ਹੇ ਬਜ਼ਾਰ ਨੰਗਾ ਕਰਨ ਲੱਗਾ। ਕੇਂਦਰੀ ਪਾਤਰ ਜੋ ਹਾਲੇ ਬੱਚਾ ਹੈ, ਉਹ ਵੀ ਦਲਿਤ ਨਾਲ ਹੁੰਦੀਆਂ ਵਧੀਕੀਆਂ ਨੂੰ ਪਛਾਨਣ ਲੱਗਦਾ ਹੈ। ਨਾਵਲ ਵਿਚ ਭਾਵੇਂ ਸਥਿਤੀਆਂ/ਘਟਨਾਵਾਂ ਦੇ ਸਿਰਜਣ ਵਿਚੋਂ ਦਲਿਤ ਸ਼ੋਸ਼ਣ ਨੂੰ ਉਜਾਗਰ ਕਰਨ ਤੋਂ ਦੂਰੀ ਬਣਾ ਕੇ ਰੱਖੀ ਗਈ ਹੈ ਪਰ ਫਿਰ ਵੀ ਪਾਤਰਾਂ ਦੇ ਪ੍ਰਤੀਕਰਮ ਵਿਚੋਂ ਦਲਿਤ ਵਿਰੋਧੀ ਮਾਨਤਾਵਾਂ ਦੇ ਖਿਲਾਫ ਪ੍ਰਚੰਡ ਰੋਹ ਤੇ ਨਕਾਰ ਦੇ ਭਾਵ ਥਾ-ਥਾਂ ਮਿਲਦੇ ਹਨ। ਇਸ ਨਾਵਲੀ ਬਿਰਤਾਂਤ ਦੇ ਇਤਿਹਾਸਕ ਪਿਛੋਕੜ ਨੂੰ ਦੇਖਿਆ ਜਾਵੇ ਤਾਂ ਇਹ ਉਸ ਵੇਲੇ ਨੂੰ ਪੁਨਰ ਸੁਰਜੀਤ ਕਰਦਾ ਹੈ ਜਦੋਂ ਇੰਤਕਾਲ ਅਰਾਜ਼ੀ ਐਕਟ ਲਾਗੂ ਸੀ ਤੇ ਦਲਿਤਾਂ ਨੂੰ ਆਪਣੇ ਢਾਰੇ-ਛੰਨਾਂ ਨੁਮਾ ਘਰਾਂ ਉੱਤੇ ਵੀ ਮਾਲਕੀ ਹੱਕ ਪ੍ਰਾਪਤ ਨਹੀਂ ਸੀ। ਡਾਢੇ ਜ਼ਿਮੀਂਦਾਰ ਆਪਣੀ ਮਾਲਕੀ ਦਾ ਹੱਕ ਜਤਾਉਂਦੇ ਹੋਏ ਉਨ੍ਹਾਂ ਦੇ ਘਰਾਂ ਵਿਚੋਂ ਦਰਖਤ ਵੱਢ ਲੈ ਜਾਂਦੇ। ਦਲਿਤਾਂ ਕੋਲੋਂ ਵਗਾਰ ਕਰਾਉਣੀ ਉਹ ਆਪਣਾ ਅਧਿਕਾਰ ਸਮਝਦੇ। ਮਰੇ ਪਸ਼ੂਆਂ ਨੂੰ ਚੁੱਕਣ ਦੇ ਇਵਜ਼ ਵਿਚ ਜੁੱਤੀਆਂ ਬਣਾ ਕੇ ਦੇਣੀਆਂ ਪੈਂਦੀਆਂ ਸੀ। ਸਕੂਲਾਂ ਵਿਚ ਪੜ੍ਹਨ ਜਾਣ ਵਾਲੇ ਬੱਚਿਆਂ ਨਾਲ ਛੂਆ-ਛਾਤ ਦੇ ਨਾਂ ‘ਤੇ ਵਧੀਕੀਆਂ ਹੁੰਦੀਆਂ। *‘1920 ਵਿਆਂ ਵਿਚ ਅਛੂਤਾਂ ਦੀ ਸਮਾਜਕ ਸਥਿਤੀ’* ਲੇਖ ਵਿਚ ਬਲਬੀਰ ਮਾਧੋਪੁਰੀ ਲਿਖਦਾ ਹੈ *‘ਅੰਗਰੇਜ਼ਾਂ ਨੇ ਵਰਣ-ਵਿਵਸਥਾ ਦੇ ਸੰਚਾਲਕਾਂ ਦੀ ਸ਼ਹਿ ਉੱਤੇ ਕਈ ਕਾਨੂੰਨ ਬਣਾਏ ਜਿਵੇਂ ਪੰਜਾਬ ਲੈਂਡ ਰੈਵੇਨਿਊ ਐਕਟ 1887 ਦੀ ਪੈਰਵੀ ਵਿਚ ਇੰਤਕਾਲ ਇਰਾਜ਼ੀ ਐਕਟ-1900(Land Alienation Act,1900) ਅਤੇ ਗੌਰਮਿੰਟ ਆਫ ਇੰਡੀਆ ਐਕਟ ਆਫ 1919 ਬਣਾਏ ਜੋ ਜ਼ਿਮੀਂਦਾਰਾਂ ਨੂੰ ਜ਼ਮੀਨ ਖਰੀਦਣ-ਵੇਚਣ ਦਾ ਅਧਿਕਾਰ ਦਿੰਦੇ ਸਨ ਪਰ ਅਛੂਤਾਂ ਉੱਤੇ ਪਾਬੰਦੀ ਲਾਉਂਦੇ ਸੀ ਕਿ ਉਹ ਮਕਾਨ ਪਾਉਣ ਲਈ ਜ਼ਮੀਨ ਨਹੀਂ ਖਰੀਦ ਸਕਦੇ। ...ਜਿਨ੍ਹਾਂ ਘਰਾਂ ਵਿਚ ਅਛੂਤ ਰਹਿੰਦੇ ਸਨ ਉਹਨਾਂ ਦੀ ਜ਼ਮੀਨ ਜ਼ਿਮੀਂਦਾਰ ਦੀ ਹੁੰਦੀ ਸੀ ਇਸ ਨੂੰ ਮੌਰੂਸੀ ਕਹਿੰਦੇ ਸਨ)...ਅਛੂਤਾਂ ਲਈ ਮਕਾਨ ਵਾਸਤੇ ਜਗਹ ‘ਰਜਤਨਾਮਾ’(ਭਾਵ ਜ਼ਿਮੀਂਦਾਰ ਦੀ ਰਜ਼ਾ ਕਰਕੇ ਮਿਲਿਆ ਅਖਤਿਆਰ) ਵਜੋਂ ਹੁੰਦੀ ਸੀ।’*8* ਦਲਿਤ ਔਰਤਾਂ ਨੂੰ ਆਸਾਨੀ ਨਾਲ ਹਵਸ ਦਾ ਸ਼ਿਕਾਰ ਬਣਾ ਲਿਆ ਜਾਂਦਾ। ਦੂਜੇ ਪਾਸੇ ਮਰਦ ਪ੍ਰਧਾਨ ਬ੍ਰਾਹਮਣਵਾਦੀ ਰਹੁ-ਰੀਤਾਂ ਦੇ ਪ੍ਰਭਾਵ ਕਰਕੇ ਬਾਲ ਵਿਆਹ ਦੀ ਖੁਲ੍ਹ ਤੇ ਵਿਧਵਾ ਵਿਆਹ ‘ਤੇ ਸਮਾਜਕ ਪਾਬੰਦੀ ਦਾ ਚਲਨ ਸੀ। ਇਸੇ ਕਰਕੇ ਦਲਿਤ ਲੋਕਾਂ ਨਾਲ ਹੁੰਦੀ ਛੂਆ-ਛਾਤ ਤੇ ਸਮਾਜਕ ਤ੍ਰਿਸਕਾਰ ਦੇ ਵੇਰਵੇ ਪਾਤਰਾਂ ਦੇ ਪ੍ਰਤੀਕਰਮ ਰਾਹੀਂ ਗਾਹੇ-ਬ-ਗਾਹੇ ਕਥਾ-ਬਿਰਤਾਂਤ ਦਾ ਅੰਗ ਬਣ ਕੇ ਪੇਸ਼ ਹੁੰਦੇ ਹਨ। ਕਿਧਰੇ ਕਿਧਰੇ ਇਨ੍ਹਾਂ ਸੰਸਕਾਰਾਂ ਦੇ ਵਿਰੁੱਧ ਤਨਜ਼ ਤੇ ਠਿੱਠ ਵੀ ਮਿਲਦਾ ਹੈ। ਔਰਤਾਂ ਦੀ ਗੱਲਬਾਤ ਦੀ ਇਕ ਝਾਕੀ ਦੇਖੋ:

*‘ਕਥਾ ਕਰਨ ਆਲੇ ਕਈ ਕੁਛ ਦੱਸਦੇ ਆ, ਅਖੇ ਜਨੌਰ ਉੜਦਾ ਜਾਂਦਾ ਸੀ ਉਸ ਦੀ ਇਕ ਬੂੰਦ ਸਿੱਧੀ ਫਲਾਣੀ ਦੇ ਮੂੰਹ ’ਚ ਡਿੱਗੀ ਤੇ ਉਹਨੂੰ ਗਰਭ ਠਹਿਰ ਗਿਆ..।ਇੰਨਾ ਕਹਿ ਕੇ ਜੀਤੋ*

*ਦਾਦੀ ਆਪੇ ਹੱਸ ਪਈ।...ਭੈਣੇ ਆਪਾਂ ਨੂੰ ਨਿਆਣੇ ਕਿੱਦਾਂ ਜੰਮੇ, ਸਾਨੂੰ ਪਤਾ, ਕੁਦਰਤ ਤੋਂ ਬਾਹਰਾ ਕੁਛ ਨਈਂ...ਝੂਠ,ਦੰਭ ਜਾਂ ਪਾਖੰਡ ਦੀ ਕੋਈ ਹੱਦ ਥੋੜ੍ਹੋ ਹੁੰਦੀ ਆ'*।*9

ਇੰਝ ਲੇਖਕ ਇਕ ਪਾਸੇ ਬਾਬਾ ਮੰਗੂ ਰਾਮ ਦੀ ਜਾਗ੍ਰਿਤੀ ਲਹਿਰ ਨੂੰ ਪ੍ਰਸਤੁਤ ਕਰ ਰਿਹਾ ਹੈ ਤੇ ਦੂਜੇ ਪਾਸੇ ਬ੍ਰਾਹਮਣਵਾਦੀ ਸੰਸਕਾਰਾਂ ਦੇ ਖਿਲਾਫ਼ ਦਲਿਤ ਪ੍ਰਤੀਰੋਧ ਨੂੰ ਰੇਖਾਂਕਤ ਕਰ ਰਿਹਾ ਹੈ। ਇਹ ਵੇਰਵੇ ਕਈ ਥਾਈਂ ਮੋਨੋਲਾਗ ਦਾ ਭੁਲੇਖਾ ਵੀ ਪੈਦਾ ਕਰ ਦਿੰਦੇ ਹਨ। ਕਿਉਂਕਿ ਇਸ ਨਾਵਲੀ ਬਿਰਤਾਂਤ ਦੀ ਪ੍ਰਮੁੱਖ ਜੁਗਤ ਬਾਬੇ ਦੁਆਰਾ ਪੋਤੇ ਨੂੰ ਜੀਵਨ ਅਨੁਭਵ ਤੇ ਵਸਤੂ-ਯਥਾਰਥ ਦੀ ਸੋਝੀ ਕਰਵਾਉਣ ਵਾਲੀ ਹੈ। ਇਸ ਕਰਕੇ ਅਨੇਕਾਂ ਥਾਵਾਂ 'ਤੇ ਬਾਬਾ ਪੋਤੇ ਨੂੰ ਭਾਵਨਾਤਮਕ ਤੇ ਪ੍ਰਵਚਨੀ ਅੰਦਾਜ਼ ਵਿਚ ਛੂਤ-ਛਾਤ ਤੇ ਦਲਿਤ ਵਿਰੋਧੀ ਪਰਿਸਥਿਤੀਆਂ ਦੀ ਜਾਣਕਾਰੀ ਦਿੰਦਾ ਜਾਂਦਾ ਹੈ।

ਇਸ ਨਾਵਲ ਦੀ ਵੱਡੀ ਖੂਬਸਰਤੀ ਉਸ ਦੌਰ ਵਿਚ ਦੁਆਬੇ ਦੇ ਪੌਣ-ਪਾਣੀ ਤੇ ਸਾਦ ਮੁਰਾਦੇ ਜੀਵਨ ਦੀ ਤਸਵੀਰਕਸ਼ੀ ਕਰਨਾ ਹੈ। ਇਹ ਕਿਸੇ ਲੇਖਕ ਦੀ ਸ਼ੈਲੀ ਦਾ ਉ'ਤਮ ਗੁਣ ਹੁੰਦਾ ਹੈ ਕਿ ਉਹ ਹੋਏ ਬੀਤੇ ਯੁੱਗ ਦੀਆਂ ਸਥਿਤੀਆਂ ਨੂੰ ਜਾਗ੍ਰਿਤ ਕਰ ਦੇਵੇ। ਸਾਡੀ ਜਾਚੇ ਇਹ ਕਿਸੇ ਲੇਖਕ ਲਈ ਵੱਡਾ ਚੈਲੰਜ ਵੀ ਹੁੰਦਾ ਹੈ ਕਿ ਉਹ ਇਤਿਹਾਸਕ ਪਿਛੋਕੜ ਦੇ ਸਮਾਨਾਂਤਰ ਸਮਾਜਕ,ਆਰਥਿਕ, ਸਾਂਸਕ੍ਰਿਤਕ ਤੇ ਪ੍ਰਕਿਰਤਕ ਪਿੱਠਭੂਮੀ ਨੂੰ ਵੀ ਸਾਕਾਰ ਕਰ ਸਕਦਾ ਹੈ ਜਾਂ ਨਹੀਂ? ਇਸ ਨੁਕਤੇ ਦੇ ਮਾਮਲੇ ਵਿਚ ਬਲਬੀਰ ਮਾਧੋਪੁਰੀ ਖਰਾ ਉਤਰਦਾ ਹੈ। ਇਸ ਸੰਬੰਧ ਵਿਚ ਉਸਦਾ ਜੀਵਨ ਅਨੁਭਵ ਵੀ ਕੰਮ ਆਉਂਦਾ ਲੱਗਦਾ ਹੈ। ਪਰ ਲਿਖਣ ਦੇ ਕਾਰਜ ਨੂੰ ਪ੍ਰਣਾਏ ਲੇਖਕ ਦੀ ਕਾਮਯਾਬੀ ਦਾ ਇਹ ਸਬੂਤ ਵੀ ਹੁੰਦਾ ਹੈ ਕਿ ਤੁਹਾਡਾ ਜੀਵਨ ਅਨੁਭਵ ਵਿਸ਼ਾਲ ਵੀ ਹੋਵੇ, ਨਾਲ ਦੀ ਨਾਲ ਤੁਹਾਡੇ ਕੋਲ ਪਰੰਪਰਕ ਜੀਵਨ-ਜਾਚ ਨੂੰ ਰੁਪਾਂਤਰਤ ਕਰਨ ਵਾਲੀ ਸ਼ਬਦਾਵਲੀ ਤੇ ਉਸਨੂੰ ਸਾਕਾਰ ਕਰਨ ਗੋਚਰਾ ਮੁਹਾਵਰਾ ਵੀ ਹੋਵੇ। ਇਸ ਸੰਬੰਧ ਵਿਚ ਇਹ ਹਵਾਲੇ ਦੇਖਣੇ ਬਣਦੇ ਹਨ:

*ਦਰਅਸਲ ਮਾਂ ਤੇ ਦਾਦੀ ਦੇ ਹੱਥਾਂ ਦੀਆਂ ਬਣਾਈਆਂ ਰੋਟੀਆਂ, ਦੁੱਪੜਾਂ, ਵੱਡੇ ਵੱਡੇ ਫੁਲਕੇ, ਖਮੀਰੇ ਆਟੇ ਦੇ ਤੰਦੂਰੀ ਬੱਬਰੂ, ਤੁਖ਼ਾਰ ਲਾ ਕੇ ਬਣਾਇਆ ਖੱਟਾ ਤੇ ਅੰਬਾਂ ਦਾ ਛਿੱਛਾ ਖਾਣ ਲਈ ਮੈਂ ਤਰਸਿਆ ਹੋਇਆ ਸੀ।**10

*ਹੁਣ ਮੇਰੇ ਸਕੂਲ ਦਾ ਰਾਹ ਵੀ ਮੇਰੇ ਪੈਰੀਂ ਲੱਗ ਗਿਆ ਹੋਇਆ ਸੀ।ਪਹਿਲਾਂ ਦਾਦੂਵਾਲ,ਫਿਰ ਭੁੱਚੋ,ਉਹਤੋਂ ਅੱਗੇ ਚੱਬੇਵਾਲ,ਕੈਂਪ ਤੇ ਫਿਰ ਛੋਟੇ ਬਜਵਾੜੇ ਨੂੰ ਜਾਂਦਿਆਂ ਰਾਹ ਦੇ ਦੁਵੱਲੇ ਬੂਝਿਆਂ ਦੀ ਸਰਸਰ,ਟਾਹਲੀਆਂ ਦੀਆਂ ਸੰਘਣੀਆਂ ਝਿੜੀਆਂ ਵਿਚੋਂ ਆਉਂਦੀਆਂ ਡਰਾਉਣੀਆਂ ਆਵਾਜ਼ਾਂ ਨਾਲ ਮੈਂ ਪਹਿਲਾਂ ਵਾਂਗ ਨਾ ਘਬਰਾਉਂਦਾ।ਚੱਬੇਵਾਲ ਦਾ ਚੋਅ ਹੁੰਦਾ ਚਾਹੇ ਚੱਗਰਾਂ ਦਾ, ਮੀਂਹ ਪਿਆ ਹੁੰਦਾ ਭਾਵੇਂ ਨਾ, ਉਹ ਹਮੇਸ਼ਾ ਵਗਦਾ ਰਹਿੰਦਾ। ਜਦੋਂ ਸਾਡੇ ਪਾਸੇ ਧੁੱਪ ਨਿਕਲੀ ਹੁੰਦੀ ਤੇ ਪਹਾੜ 'ਚ ਮੀਂਹ ਵਰ੍ਹਿਆ ਹੁੰਦਾ ਤਾਂ ਇਹ ਦੋਵੇਂ ਚੋਅ ਚੜ੍ਹ ਜਾਂਦੇ। ਲੋਕ ਚੋਆਂ ਦੇ ਆਰ ਪਾਰ ਪਾਣੀ ਦੇ ਲਹਿ ਜਾਣ ਦੀ ਇੰਤਜ਼ਾਰ ਕਰਦੇ ਰਹਿੰਦੇ।**11

ਇੰਝ ਨਾਵਲਕਾਰ ਕੋਲ਼ ਪੁਰਾਣੀ ਰਹਿਤਲ ਨੂੰ ਸਾਕਾਰ ਕਰਨ ਦੇ ਲਈ ਢੁਕਵੀਂ ਸ਼ਬਦਾਵਲੀ ਤੇ ਮੁਹਾਵਰਾ ਮੌਜੂਦ ਹੈ।ਨਿਰਾ ਏਹੀ ਨਹੀਂ, ਉਸ ਕੋਲ਼ ਉਸ ਜ਼ਮਾਨੇ ਦੇ ਵਪਾਰਕ ਕਾਰੋਬਾਰ ਖਾਸ ਕਰਕੇ ਚਮੜੇ (ਉਸਦੀ ਪ੍ਰਕਿਰਿਆ ਤੇ ਮੰਡੀਕਰਣ) ਦੇ ਕਾਰੋਬਾਰ ਦੀ ਪੁਖਤਾ ਜਾਣਕਾਰੀ ਹੈ। ਨਾਵਲਕਾਰ ਦੀ ਕਲਾਤਮਕ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਇਸ ਕਾਰੋਬਾਰ ਨਾਲ ਸੰਬੰਧਤ ਜਾਣਕਾਰੀ ਦਾ ਵਿਆਖਿਆਨ ਨਹੀਂ ਕਰਦਾ ਸਗੋਂ ਸਥਿਤੀਆਂ ਦੀ ਉਸਾਰੀ ਕਰਦਾ ਹੋਇਆ ਇਕ ਸਜੀਵ ਮਾਹੌਲ/ਦ੍ਰਿਸ਼ ਸਿਰਜ ਦਿੰਦਾ ਹੈ। ਉਹ ਉਨ੍ਹਾਂ ਸਮਿਆਂ ਦੇ ਏਧਰਲੇ ਪੰਜਾਬ ਖਾਸ ਕਰਕੇ ਜੈਜੋਂ ਦੇ ਬਜ਼ਾਰ ਦਾ ਦ੍ਰਿਸ਼ ਤਾਂ ਵਿਖਾਉਂਦਾ ਹੀ ਹੈ, ਲਹਿੰਦੇ ਪੰਜਾਬ ਦੇ ਮੁਲਤਾਨ ਦੇ ਬਜ਼ਾਰਾਂ ਦਾ ਦ੍ਰਿਸ਼ ਵੀ ਉਨੀ ਹੀ ਕਾਬਲੀਅਤ ਨਾਲ ਚਿਤਰ ਦਿੰਦਾ ਹੈ। ਦੂਜੀ ਸੰਸਾਰ ਜੰਗ ਦੇ ਨਾਲ ਚਮੜੇ ਦੀਆਂ ਵਸਤਾਂ ਦੀ ਮੰਗ ਜ਼ੋਰ ਫੜ ਲੈਂਦੀ ਹੈ ਤੇ ਚਮਾਰ ਬਰਾਦਰੀ ਦੇ ਕਈ ਲੋਕਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਣ ਲੱਗਦਾ ਹੈ। ਕੇਂਦਰੀ ਪਾਤਰ ਲਾਹੌਰ ਤੇ ਮੁਲਤਾਨ ਤਕ ਇਸ ਕਾਰੋਬਾਰ ਦੇ ਸਿਲਸਿਲੇ ਵਿਚ ਤੁਰਿਆ ਫਿਰਦਾ ਹੈ। ਇੰਝ ਨਾਵਲਕਾਰ ਉਨ੍ਹਾਂ ਸਮਿਆਂ ਵਿਚ ਦਲਿਤ ਲੋਕਾਂ ਦੀ ਆਰਥਿਕ

ਤਰੱਕੀ ਵਿਚ ਮੱਦਦਗਾਰ ਬਣੇ ਚਮੜੇ ਦੇ ਕਾਰੋਬਾਰ ਦਾ ਪੂਰਾ ਭਰਵਾਂ ਗਲਪੀ-ਬਿੰਬ ਉਸਾਰਨ ਵਿਚ ਕਾਮਯਾਬ ਹੁੰਦਾ ਹੈ। ਇਹ ਇਸ ਨਾਵਲ ਦੀ ਵਿਲੱਖਣਤਾ ਵੀ ਹੈ ਤੇ ਕਲਾਤਮਕ ਖੂਬਸੂਰਤੀ ਵੀ ਕਿ ਲੇਖਕ ਸਾਂਝੇ ਪੰਜਾਬ ਵਿਚ ਕਾਰੋਬਾਰ ਤੇ ਵਪਾਰ ਦੇ ਸਜੀਵ ਦ੍ਰਿਸ਼ ਸਿਰਜ ਕੇ ਅਤੀਤ ਦੇ ਇਕ ਜਾਨਣਯੋਗ ਤੇ ਦਿਲਚਸਪ ਵਾਕਿਆ ਨੂੰ ਉਜਾਗਰ ਕਰ ਦਿੰਦਾ ਹੈ। ਲੇਖਕ ਮੁਲਤਾਨ ਦੀ ਮੰਡੀ ਦਾ ਦ੍ਰਿਸ਼ ਇੰਝ ਪੇਸ਼ ਕਰਦਾ ਹੈ:

*ਰੇਲੂ ਰਾਮ ਦਾ ਜੁੱਤੀ-ਜੋੜੇ, ਕਾਠੀਆਂ, ਲਗਾਮਾਂ, ਧਲਿਆਰਿਆਂ ਵਾਲਾ ਇਕ ਵਪਾਰੀ ਕਿਤੇ ਗਿਆ ਹੋਣ ਕਰਕੇ ਮੇਲ-ਮੁਲਾਕਾਤ ਦੀ ਗੱਲ ਦੋ ਦਿਨ ਅੱਗੇ ਪੈ ਗਈ। ਗਾਂ, ਮੱਝ, ਭੇਡ, ਬੱਕਰੀ, ਊਠ, ਚੋਰੀ-ਚੋਰੀ ਮਾਰੇ ਹਿਰਨਾਂ ਦੀਆਂ ਖੱਲਾਂ ਦਾ ਵਪਾਰੀ ਇਸ ਬਜ਼ਾਰ ਦੇ ਸਿਰੇ 'ਤੇ ਸੀ। ਅਸੀਂ ਖਜੂਰਾਂ ਖਾਂਦਿਆਂ ਨੇ ਸਜਿਆ-ਧਜਿਆ ਤੇ ਚੰਗੀ ਸੁਹਬਤ ਵਾਲਾ ਬਜ਼ਾਰ ਆਪਣੀਆਂ ਨਜ਼ਰਾਂ ਨਾਲ ਛਾਣ ਸੁੱਟਿਆ।ਆਖਰ ਸ਼ੇਖਾਂ ਤੇ ਖੋਜਿਆਂ ਦੇ ਕਾਰੋਬਾਰ ਵਾਲੇ ਗੜ੍ਹ ਪਹੁੰਚੇ। ਮੈਨੂੰ ਬੂਟਾ ਮੰਡੀ ਜਲੰਧਰ ਬਦੋਬਦੀ ਯਾਦ ਆ ਗਈ ਕਿਉਂਕਿ ਸਿਰ ਨੂੰ ਮੁਸਕ ਚੜ੍ਹਨਾ ਕਾਫੀ ਪਹਿਲਾਂ ਸ਼ੁਰੂ ਹੋ ਗਿਆ ਸੀ।**12

ਇਸ ਤਰ੍ਹਾਂ ਨਾਵਲਕਾਰ ਤੱਤਕਾਲੀ ਸਮਾਜ ਦੀ ਆਰਥਿਕਤਾ ਵਿਚ ਚਮੜੇ ਦੇ ਵਪਾਰ ਤੇ ਕਾਰੋਬਾਰ ਨਾਲ ਦਲਿਤਾਂ ਦੇ ਜੀਵਨ ਵਿਚ ਆ ਰਹੇ ਨਵੇਂ ਮੋੜ ਨੂੰ ਬਾਖੂਬੀ ਚਿਤਰਦਾ ਹੈ, ਜਿਸਨੇ ਨਾਲ ਦੀ ਨਾਲ ਦਲਿਤ ਰਾਜਸੀ ਚੇਤਨਾ ਨੂੰ ਵੀ ਪ੍ਰਚੰਡ ਕੀਤਾ। ਇਸ ਗੱਲ ਦਾ ਇਜ਼ਹਾਰ ਉਸ ਗਲਪੀ ਕਥਾਨਕ ਵਿਚ ਵੀ ਪਿਆ ਹੈ ਜਦੋਂ ਕੇਂਦਰੀ ਪਾਤਰ ਨੂੰ ਨਵਾਂ ਸਾਈਕਲ ਮਿਲ ਜਾਂਦਾ ਹੈ। ਲੇਖਕ ਉਨ੍ਹਾਂ ਸਮਿਆਂ ਵਿਚ ਪੰਜਾਬ ਦੇ ਬਜ਼ਾਰ ਵਿਚ ਸਾਈਕਲ ਦੇ ਆਉਣ, ਇਸ ਪ੍ਰਤੀ ਲੋਕਾਂ ਦੀ ਉਤਸੁਕਤਾ ਤੇ ਇਸਨੂੰ ਖਰੀਦਣ ਦੀ ਲੋਕਾਂ ਦੀ ਪੁੱਜਤ ਨਾ ਹੋਣ ਦਾ ਦ੍ਰਿਸ਼ ਸਾਕਾਰ ਕਰਦਾ ਹੋਇਆ ਇਕ ਦਲਿਤ ਪਰਿਵਾਰ ਕਿਵੇਂ ਇਸ ਨੂੰ ਖਰੀਦ ਲੈਂਦਾ ਹੈ, ਦਾ ਖ਼ੁਲਾਸਾ ਕਰਦਾ ਹੈ।

ਇਸ ਨਾਵਲੀ ਬਿਰਤਾਂਤ ਵਿਚ ਇਕ ਹੋਰ ਗੌਲਣਯੋਗ ਕਥਾਨਕ ਜੈਜੋਂ ਮੰਡੀ ਵਿਚ ਕੰਜਰਾਂ ਦੇ ਮੁਹੱਲੇ ਦਾ ਹੈ ਜਿੱਥੇ ਤਵਾਇਫ ਦਾ ਧੰਦਾ ਕਰਨ ਵਾਲੀ ਫਾਤਿਮਾ ਨਾਂ ਦੀ ਔਰਤ ਦੇ ਆਲ਼ੇ ਦੁਆਲ਼ੇ ਇਸਨੂੰ ਉਣਿਆ ਗਿਆ ਹੈ। ਇਸ ਕਥਾਨਕ ਰਾਹੀਂ ਨਾਵਲਕਾਰ ਇਕ ਤਾਂ ਵਪਾਰ ਦੀ ਮੰਡੀ ਵਿਚ, ਬਜ਼ਾਰ ਦੀ ਵਿਭਚਾਰੀ ਬਿਰਤੀ ਨੂੰ ਦਰਸਾਉਣਾ ਚਾਹੁੰਦਾ ਹੈ ਜਿੱਥੇ ਧਨਾਢ ਸ਼ਾਹੂਕਾਰ ਤੇ ਵਪਾਰੀ ਆਪਣੀ ਜਿਣਸੀ ਭੁੱਖ ਲਈ ਔਰਤ ਨੂੰ ਬਜ਼ਾਰ ਦੀ ਵਸਤੂ ਵਾਂਗ ਖਰੀਦ ਸਕਦਾ ਹੈ।ਦੂਜਾ-ਉਹ ਸੁੱਚ-ਭਿੱਟ ਦੇ ਕਦਰ-ਪ੍ਰਬੰਧ ਨੂੰ ਵੀ ਉਧੇੜਨਾ ਚਾਹੁੰਦਾ ਹੈ ਜਿੱਥੇ ਬਜ਼ਾਰ ਵਿਚ ਬੈਠੀ ਔਰਤ ਉੱਚੀ ਕੁਲ ਦੇ ਸ਼ਾਹੂਕਾਰ ਲਈ,ਕਿਸੇ ਵੀ ਜਾਤ ਜਾਂ ਧਰਮ ਦੀ ਹੋਵੇ, ਉਹ ਸਿਰਫ ਵਰਤਣ ਦੀ ਸ਼ੈਅ ਹੈ। ਤੀਜਾ-ਉਹ ਆਪਣੇ ਬਾਬੇ ਦੇ ਕਿਰਦਾਰ ਨੂੰ ਪੂਜਣਯੋਗ ਬਣਾਉਣਾ ਚਾਹੁੰਦਾ ਹੈ ਜਿਹੜਾ ਇਸ ਔਰਤ ਨਾਲ ਆਪਣੀ ਧੀ ਵਾਂਗ ਵਿਹਾਰ ਕਰਦਾ ਹੈ ਤੇ ਉਸਨੂੰ ਇਸ ਧੰਦੇ ਦਾ ਤਿਆਗ ਕਰ ਦੇਣ ਵਿਚ ਸਹਾਇਤਾ ਕਰਦਾ ਹੈ। ਚੌਥਾ ਲੇਖਕ ਦੇਸ਼-ਵੰਡ ਦੇ ਔਖੇ ਸਮੇਂ ਨੂੰ ਵੀ ਨਾਵਲੀ ਬਿਰਤਾਂਤ ਦੀ ਇਤਿਹਾਸਕ ਪਿੱਠਭੂਮੀ ਦਾ ਹਿੱਸਾ ਬਣਾਉਣਾ ਚਾਹੁੰਦਾ ਹੈ ਜਿੱਥੇ ਇਨ੍ਹਾਂ ਔਰਤਾਂ ਨੂੰ ਬੇਪਤੀ ਤੋਂ ਬਚਾਉਣ ਲਈ ਬਾਬਾ ਆਪਣੇ ਘਰ ਵਿਚ ਠਾਹਰ ਦਿੰਦਾ ਹੈ। ਇਹੀ ਨਹੀਂ ਉਹ ਆਪਣੇ ਪੋਤੇ ਨਾਲ ਉਸਦਾ ਵਿਆਹ ਕਰਕੇ ਉਸ ਨੂੰ ਆਪਣੇ ਘਰ ਵਿਚ ਸਨਮਾਨਯੋਗ ਥਾਂ ਦਿੰਦਾ ਹੈ। ਨਾਵਲ ਵਿਚ ਇਹ ਕਥਾਨਕ ਵੱਡੇ ਅੰਤਰਾਲ ਵਿਚ ਫੈਲਿਆ ਹੋਇਆ ਹੈ। ਲੇਖਕ ਫਾਤਿਮਾ ਦੇ ਕਿਰਦਾਰ ਨੂੰ ਉਸਦੇ ਰੰਗ-ਰੂਪ, ਚਾਲ-ਢਾਲ ਤੇ ਪਹਿਨਾਵੇ ਦੇ ਨਾਲ ਨਾਲ ਗੱਲਬਾਤ ਵਿਚੋਂ ਇਸ ਕਦਰ ਉਸਾਰਦਾ ਹੈ ਕਿ ਉਹ ਵਿਭਚਾਰੀ ਕਰਮ ਕਰਦੀ ਹੋਈ ਵੀ ਉੱਚੇ ਕਿਰਦਾਰ ਦੀ ਔਰਤ ਬਣ ਕੇ ਪੇਸ਼ ਹੁੰਦੀ ਹੈ।ਹਵਾਲੇ ਲਈ ਦੇਖੋ: *ਫਾਤਿਮਾ ਪਹਿਲਾਂ ਵਾਂਗ ਪੁਰਾਣਾ ਕਿੱਸਾ ਛੇੜਦੀ ਕਹਿਣ ਲੱਗੀ, 'ਕਦੇ ਔਰਤ ਜ਼ਾਤ ਨੂੰ ਵੀ ਨਜਾਤ ਹਾਸਲ ਹੋਊਗੀ ਬਾਬਾ ਕਿ ਤੇਰੀਆਂ ਬਣਾਈਆਂ ਜੁੱਤੀਆਂ ਵਾਂਗੂੰ ਸਾਰਿਆਂ ਦੇ ਪੈਰਾਂ ਥੱਲੇ ਘਿਸਦੀ ਰਹੂਗੀ।...ਹੋਰ ਦੱਸਾਂ-ਮੈਂ ਪਿਛਲੇ ਦਿਨੀਂ ਚਕਲਾ ਚਲਾਉਂਦੀ ਉਸ ਸੈਂਤਲਬਾਜ਼ ਨੂੰ ਕਿਹਾ ਪਈ ਮੈਂ ਇਨ੍ਹਾਂ ਸਾਰੀਆਂ ਰੰਡੀਆਂ ਦਾ ਕੱਪੜਾ-ਲੀੜਾ ਧੋ ਦਿਆ ਕਰੂੰਗੀ, ਦਾਲ-ਸਬਜ਼ੀ ਜ਼ਾਇਕੇਦਾਰ ਬਣਾ ਦਊਂਗੀ, ਖਾਲੀ ਵਕਤ ਪੜ੍ਹ ਲਿਆ ਕਰੂੰਗੀ, ਤੂੰ ਬਸ ਮੈਨੂੰ ਰੋਟੀ-*

*ਕਪੜਾ ਦੇ ਦਈਂ...। ਮੈਂ ਬਥੇਰਾ ਕਹਿੰਦੀ ਆਂ ਪਈ ਮੇਰਾ ਇਕੋ ਪੇਟ ਆ, ਗਾਂ ਵਾਂਗ ਚਾਰ ਨਹੀਂ, ਪਰ ਮੇਰੀ ਕੋਈ ਨਹੀਂ ਸੁਣਦਾ।**13

ਇੰਞ ਲੇਖਕ ਇਸ ਔਰਤ ਦੇ ਕਿਰਦਾਰ ਰਾਹੀਂ ਇਸ ਧੰਦੇ ਵਿਚ ਫਸੀ ਔਰਤ ਦੀ ਲਾਚਾਰੀ ਨੂੰ ਦਿਖਾਉਂਦਾ ਹੋਇਆ ਜਗੀਰੂ ਤੇ ਬ੍ਰਾਹਮਣਵਾਦੀ ਕਦਰ-ਪ੍ਰਬੰਧ ਵਿਚ ਸਾਧਨਹੀਣ ਜਮਾਤ ਦੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਦੀ ਬਾਤ ਪਾਉਣਾ ਚਾਹੁੰਦਾ ਹੈ। ਇਹ ਉਹ ਪ੍ਰਬੰਧ ਹੈ ਜਿਸ ਵਿਚ ਦਲਿਤ ਤੇ ਔਰਤ ਨੇ ਸਭ ਤੋਂ ਵੱਧ ਜ਼ੁਲਮ ਸਹਿਣ ਕੀਤਾ। ਇਸੇ ਕਰਕੇ ਲੇਖਕ ਇਸ ਕਥਾਨਕ ਰਾਹੀਂ ਇਕ ਤਵਾਇਫ਼ ਔਰਤ ਦੇ ਕਿਰਦਾਰ ਪ੍ਰਤੀ ਸਹਾਨਭੂਤੀ ਦਿਖਾ ਕੇ ਉਸ ਲਈ ਇਸ ਧੰਦੇ ਤੋਂ ਮੁਕਤ ਹੋਣ ਦਾ ਰਾਹ ਤਲਾਸ਼ਦਾ ਹੈ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਇਹ ਨਾਵਲ ਸਵੈਜੀਵਨੀ ਤਰਜ਼ ਦਾ ਹੈ ਜਿਸ ਵਿਚ ਕਥਾਕਾਰ ਲਈ ਕੇਂਦਰੀ ਪਾਤਰ ਦੇ ਪਰਿਵਾਰਕ ਮੈਂਬਰਾਂ ਨਾਲ ਸਾਂਝ ਦਰਸਾਉਣੀ ਜ਼ਰੂਰੀ ਬਣ ਜਾਂਦੀ ਹੈ।ਇਸੇ ਕਰਕੇ ਇਸ ਨਾਵਲ ਦਾ ਕੇਂਦਰੀ ਥੀਮ ਪ੍ਰਮੁੱਖ ਪਾਤਰ ਦੇ ਆਪਣੇ ਬਾਬੇ ਨਾਲ ਸੰਬੰਧਾਂ ਵਿਚੋਂ ਰੂਪਾਂਤਰਤ ਹੁੰਦਾ ਹੈ।ਦੂਜਾ-ਇਹ ਕਿ ਬਾਬਾ ਇਸ ਨਾਵਲ ਵਿਚ ਨਾਇਕ ਦੀ ਭੂਮਿਕਾ ਵੀ ਨਿਭਾਉਂਦਾ ਹੈ। ਕਿਉਂਕਿ ਨਾਵਲ ਦਾ ਮੁੱਖ ਥੀਮ ਜਿਸਦਾ ਇਕ ਇਤਿਹਾਸਕ ਪਿਛੋਕੜ ਹੈ, ਉਸਦਾ ਸੰਬੰਧ ਪਿਓ ਨਾਲੋਂ ਬਾਬੇ ਦੀ ਕਾਰਜਸ਼ੈਲੀ ਵਿਚੋਂ ਦਿਖਾਉਣਾ ਕਾਲਕ੍ਰਮਕ ਤੌਰ 'ਤੇ ਵਧੇਰੇ ਪ੍ਰਵਾਨਿਤ ਬਣਦਾ ਹੈ। ਹੁਣ ਕੇਂਦਰੀ ਪਾਤਰ ਦੇ ਮਾਂ-ਪਿਓ ਦੀ ਗੱਲ ਹੋਣੀ ਵੀ ਜ਼ਰੂਰੀ ਹੈ, ਜਿਸ ਲਈ ਨਾਵਲਕਾਰ ਇਕ ਵੱਖਰੇ ਉਪ-ਬਿਰਤਾਂਤ ਦੀ ਘਾੜਤ ਘੜਦਾ ਹੈ। ਨਾਵਲ ਦੇ ਆਰੰਭ ਵਿਚ ਹੀ ਇਹ ਮਸਲਾ ਧਿਆਨ ਹੇਠ ਲਿਆਂਦਾ ਗਿਆ ਹੈ ਕਿ ਪਿਓ ਦੀ ਗੁੰਮਸ਼ੁਦਗੀ ਦੀ ਹਾਲਤ ਵਿਚ ਮਾਂ ਨੂੰ ਚਾਚੇ ਨਾਲ ਬਿਠਾ ਦੇਣਾ ਹੈ, ਪਰ ਮਾਂ ਦੇ ਦਿਲ ਵਿਚ ਹਾਲੇ ਵੀ ਆਪਣੇ ਪਤੀ ਦੀ ਆਸ ਤੇ ਯਾਦ ਘਰ ਕਰੀਂ ਬੈਠੀ ਹੈ। ਨਾਵਲਕਾਰ ਨੇ ਇਹ ਬਿਰਤਾਂਤ ਨਾਵਲ ਦੇ ਆਰੰਭ ਤੋਂ ਲੈ ਕੇ ਅੰਤ ਤਕ ਫੈਲਾ ਕੇ ਜਿੱਥੇ ਬਿਰਤਾਂਤਕ ਕਥਾ ਦੀ ਵਾਸਤਵਿਕਤਾ ਨੂੰ ਬਰਕਰਾਰ ਰਖਿਆ ਹੈ ਉੱਥੇ ਕਥਾ ਦੇ ਸੰਭਾਵੀ ਫੈਲਾਅ ਨੂੰ ਸੂਤਰਬੱਧ ਕਰਨ ਲਈ ਇਸਦੀ ਹੋਂਦ ਨੂੰ ਬਣਾਈ ਰਖਿਆ ਹੈ। ਪਿਓ ਦੀ ਅਣਹੋਂਦ ਵਿਚ ਬਾਬਾ ਦਾ ਪੋਤਰੇ ਨਾਲ ਅਚੇਤ ਤੇ ਸੁਚੇਤ ਰੂਪ ਵਿਚ ਵਧੇਰੇ ਮੋਹ-ਭਿੰਨਾ ਰਿਸ਼ਤਾ ਹੈ। ਦੂਜਾ ਉਹ ਉਸਦੇ ਉਜਵਲ ਭਵਿੱਖ ਨੂੰ ਲੈ ਕੇ ਨਵੀਂ ਉਮੰਗ ਤੇ ਉਮੀਦ ਨਾਲ ਭਰਿਆ ਪਿਆ ਹੈ। ਇਸੇ ਕਰਕੇ ਪੈਰ ਪੈਰ 'ਤੇ ਉਹ ਉਸਨੂੰ ਦਲਿਤ ਲੋਕਾਂ ਦੇ ਨਾਲ ਹੁੰਦੀਆਂ ਸਮਾਜਕ ਵਧੀਕੀਆਂ ਤੇ ਵਿਹਾਰਕ ਜੀਵਨ ਦੇ ਗਿਆਨ ਨਾਲ ਲੈਸ ਕਰਕੇ ਇਕ ਕਾਮਯਾਬ ਮਨੁੱਖ ਬਣਾਉਣ ਦਾ ਸੁਪਨਾ ਦੇਖਦਾ ਹੈ। ਦੂਜਾ ਨਾਵਲਕਾਰ ਇਸ ਨਾਵਲ ਦੇ ਕੈਨਵਸ ਨੂੰ ਵੱਡੇ ਭੂਗੋਲਿਕ ਖਿੱਤੇ ਤਕ ਲੈ ਜਾਣਾ ਚਾਹੁੰਦਾ ਹੈ। ਇਸ ਕਰਕੇ ਪਿਓ ਦੀ ਗੁੰਮਸ਼ੁਦਗੀ ਵਿਚ ਪਾਰਲਾ ਪੰਜਾਬ ਉਸਦੀ ਤਲਾਸ਼ ਦਾ ਕੇਂਦਰ ਬਣ ਜਾਂਦਾ ਹੈ। ਇਸ ਬਿਰਤਾਂਤ ਨੂੰ ਵਾਸਤਵਿਕ ਧਰਾਤਲ ਪ੍ਰਦਾਨ ਕਰਨ ਦੇ ਲਈ ਨਾਵਲਕਾਰ ਜਿੱਥੇ ਚਮੜੇ ਦੇ ਕਾਰੋਬਾਰ ਦੇ ਸਿਲਸਿਲੇ ਵਿਚ ਲਾਹੌਰ ਤੇ ਮੁਲਤਾਨ ਜਾਣ ਅਤੇ ਉੱਥੋਂ ਦੇ ਬਜ਼ਾਰਾਂ ਤੇ ਵਪਾਰੀਆਂ ਨਾਲ ਸੰਬੰਧਾਂ ਦੇ ਦ੍ਰਿਸ਼ ਦੀ ਸਿਰਜਣਾ ਕਰਦਾ ਹੈ, ਉੱਥੇ ਆਪਣੇ ਪਿਓ ਦੀ ਤਲਾਸ਼ ਵਿਚ ਉੱਥੋਂ ਦੀਆਂ ਮਸਜਿਦਾਂ, ਸਰਾਵਾਂ ਦੇ ਭਰਵੇਂ ਦ੍ਰਿਸ਼ ਨੂੰ ਦਿਖਾਉਣ ਦਾ ਸਬੱਬ ਬਣਾ ਲੈਂਦਾ ਹੈ।ਤੀਜਾ-ਨਾਵਲਕਾਰ ਇਨ੍ਹਾਂ ਸੰਬੰਧਾਂ ਵਿਚੋਂ ਇਕ ਹੋਰ ਮਹੱਤਵਪੂਰਨ ਪਹਿਲੂ ਨੂੰ ਉਭਾਰਨਾ ਚਾਹੁੰਦਾ ਹੈ ਜੋ ਇਨਸਾਨੀ ਭਾਈਚਾਰੇ ਤੇ ਇਤਫਾਕ ਦਾ ਹੈ।ਜਿਸ ਵਿਚ ਧਾਰਮਿਕ ਜਨੂੰਨੀਆਂ ਦੁਆਰਾ ਪੈਦਾ ਕੀਤੀਆਂ ਪਹਿਚਾਣ ਤੇ ਨਫਰਤ ਦੀਆਂ ਵੰਡੀਆਂ ਤੋਂ ਕੋਹਾਂ ਦੀ ਦੂਰੀ ਹੈ। ਇੱਥੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਉਧਰਲਾ ਪੰਜਾਬ ਜੋ ਮੁਸਲਿਮ ਵਸੋਂ ਦਾ ਇਲਾਕਾ ਹੈ, ਲੇਖਕ ਨੇ ਮੁਸਲਿਮ ਵਪਾਰੀਆਂ ਤੇ ਹੋਰਨਾਂ ਲੋਕਾਂ ਨਾਲ ਸਬੰਧਾਂ ਵਿਚ ਮਜ਼ਹਬੀ ਜਨੂੰਨ ਤੇ ਵਿਤਕਰੇਬਾਜ਼ੀ ਦਾ ਲੇਸ ਮਾਤਰ ਵੀ ਜ਼ਿਕਰ ਨਹੀਂ ਹੋਣ ਦਿੱਤਾ। ਸਗੋਂ ਲੇਖਕ ਇਹੋ ਜਿਹੀਆਂ ਸਥਿਤੀਆਂ ਦੀ ਸਿਰਜਣਾ ਕਰਦਾ ਹੈ ਜਿਸ ਵਿਚ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਜਾਪਣ। ਇਸੇ ਤਰ੍ਹਾਂ ਜਦੋਂ ਪਿਓ ਬਾਰੇ ਕੁਝ ਕਨਸੋਆਂ ਮਿਲ ਜਾਂਦੀਆਂ ਹਨ ਤਾਂ ਇਸ ਸੰਬੰਧ ਵਿਚ ਲੇਖਕ ਬਾਬੇ ਨੂਰਦੀਨ ਦੁਆਰਾ ਕੀਤੀ

ਗਈ ਮੱਦਦ ਰਾਹੀਂ ਇਨਸਾਨੀ ਰਿਸ਼ਤਿਆਂ ਦੀ ਮਿਸਾਲ ਪੇਸ਼ ਕਰਨਾ ਚਾਹੁੰਦਾ ਹੈ। ਇੱਥੇ ਬਾਬੇ ਨੂਰਦੀਨ ਦੀ ਮੁਲਤਾਨੋਂ ਆਈ ਚਿੱਠੀ ਦਾ ਹਵਾਲਾ ਦੇਖੋ:

*ਭਾਈ ਸੰਗਤੀਆ, ਸਲਾਮ! ਅੱਗੇ ਸਮਾਚਾਰ ਇਹ ਹੈ ਕਿ ਮੈਂ ਇਕ ਫੋਟੋ ਭੇਜ ਰਿਹਾ ਹਾਂ।ਜੀਕਣ ਮੈਨੂੰ ਹੁਲੀਆ ਦੱਸਿਆ ਗਿਆ ਵਾ, ਉਸ ਮੁਤਾਬਕ ਇਹ ਆਪਣਾ ਪੁੱਤਰ ਜੇ। ਇਹ ਫੋਟੋ ਮੈਂ ਇਕ ਮੇਮ ਨੂੰ ਦਰਖ਼ਾਸਤ ਕਰ ਕੇ ਲਈ ਜਿਹੜੀ ਈਦਗਾਹ ਦੇ ਦਰਸ਼ਨ-ਦੀਦਾਰੇ ਕਰਨ ਆਈ ਸੀ। ਇਹਦੇ ਨਾਲ ਦੀ ਇਕ ਫੋਟੋ ਮੈਂ ਆਪਣੇ ਕੋਲ਼ ਰੱਖ ਲਈ ਜੇ। ਤੁਸੀਂ ਪੁੱਤਰ ਨੂੰ ਮੁਲਤਾਨ ਲੈਣ ਨਾ ਆਇਓ। ਮੈਂ ਇਹਨੂੰ ਸੁਲੇਮਾਨ ਪਹਾੜ 'ਚ ਰਹਿੰਦੇ ਇਕ ਹਕੀਮ ਕੋਲ਼ ਲੈ ਕੇ ਜਾ ਰਿਹਾਂ। ਦੱਸਦੇ ਨੇ ਕਿ ਦਿਮਾਗ਼ੀ ਨੁਕਸ ਦਾ ਬੜਾ ਮਾਹਰ ਜੇ। ਪੁੱਤਰ ਦੇ ਤੰਦਰੁਸਤ ਹੋ ਜਾਣ ਮਗਰੋਂ ਮੈਂ ਤੁਹਾਨੂੰ ਇਤਲਾਹ ਕਰਾਂਗਾ। ਸਾਡੇ ਵੱਲੋਂ ਤੁਹਾਨੂੰ ਦਰਜਾ-ਬਾ-ਦਰਜਾ ਮੁਹੱਬਤ ਭਰਿਆ ਸਲਾਮ।ਗੋਰੇ ਨੂੰ ਪਿਆਰ। -- ਤੁਹਾਡਾ ਭਾਈਜਾਨ,ਨੂਰਦੀਨ।**14

ਇਸ ਤਰ੍ਹਾਂ ਨਾਵਲਕਾਰ ਪਿਓ ਦੀ ਗੁੰਮਸ਼ੁਦਗੀ ਵਾਲੇ ਬਿਰਤਾਂਤ ਜ਼ਰੀਏ ਕਈ ਸਾਰੇ ਮਹੱਤਵਪੂਰਨ ਪੱਖਾਂ ਨੂੰ ਚਿਤਰਣ ਦਾ ਸਬੱਬ ਬਣਾ ਲੈਂਦਾ ਹੈ। ਇਸਦੀ ਸ਼ਿਖਰ ਪਿਓ ਦੇ ਤੰਦਰੁਸਤ ਹੋ ਕੇ ਘਰ ਆਉਣ ਨਾਲ ਹੁੰਦੀ ਹੈ ਜਿਸਨੂੰ ਬਾਬਾ ਨੂਰਦੀਨ ਮੁਲਤਾਨ ਤੋਂ ਖੁਦ ਉਨ੍ਹਾਂ ਦੇ ਪਿੰਡ ਲੈ ਕੇ ਆਉਂਦਾ ਹੈ। ਨਿਸ਼ਕਾਮ ਸੇਵਾ ਤੇ ਇਮਦਾਦ ਦਾ ਇਹ ਵਾਕਿਆ ਇਸ ਨਾਵਲ ਦੇ ਬਿਰਤਾਂਤ ਵਿਚ ਆਪਣੀ ਇਕ ਨਿਵੇਕਲੀ ਜਗ੍ਹਾ ਬਣਾ ਲੈਂਦਾ ਹੈ।

ਇਸ ਨਾਵਲੀ ਬਿਰਤਾਂਤ ਦੇ ਕੁਝ ਕੁ ਹੋਰ ਗੌਲਣਯੋਗ ਪੱਖ ਹਨ ਜਿਨ੍ਹਾਂ ਵਿਚੋਂ ਇਕ ਹੈ ਪੰਜਾਬ ਦੀ ਰਾਜਨੀਤਕ ਸਿਆਸਤ ਤੇ ਦੂਜੀ ਸੰਸਾਰ ਜੰਗ ਦੇ ਹਾਲਾਤ ਬਾਰੇ ਤਬਸਰਾ। ਇਹ ਤਬਸਰਾ ਇਸ ਕਰਕੇ ਵੀ ਨਾਵਲੀ ਕਥਾ ਦਾ ਸਹਿਜ ਹਿੱਸਾ ਬਣ ਜਾਂਦਾ ਹੈ ਕਿ ਇਸ ਨਾਵਲ ਦਾ ਨਾਇਕ ਬਾਬਾ ਇਕ ਸਰਗਰਮ ਰਾਜਸੀ ਕਾਰਕੁਨ ਹੈ ਤੇ ਉਹ 'ਗ਼ਦਰ','ਆਦੀ ਡੰਕਾ' ਤੇ 'ਫੌਜੀ' ਅਖ਼ਬਾਰਾਂ ਦਾ ਪਾਠਕ ਹੈ। ਦੂਜਾ-ਉਨ੍ਹੀਂ ਦਿਨੀਂ ਪੰਜਾਬ ਦੀ ਵਜਾਰਤ ਵਿਚ ਆਦਿ ਧਰਮੀਆਂ ਦੀ ਹਿੱਸੇਦਾਰੀ ਕਾਇਮ ਹੁੰਦੀ ਹੈ ਤੇ ਸਰ ਸਿਕੰਦਰ ਹਯਾਤ ਖਾਂ ਟਿਵਾਣਾ ਦੀ ਯੂਨੀਅਨਿਸਟ ਪਾਰਟੀ ਨਾਲ ਰਲ ਕੇ ਵੀ ਚੋਣਾਂ ਲੜੀਆਂ ਜਾਂਦੀਆਂ ਹਨ। ਜਿਸ ਦੀ ਬਦੌਲਤ ਸਰਕਾਰ ਨੂੰ ਦਲਿਤਾਂ ਦੀ ਬਿਹਤਰੀ ਲਈ ਕਈ ਫੈਸਲੇ ਲੈਣੇ ਪੈਂਦੇ ਹਨ। ਦੂਜੇ ਪਾਸੇ ਦੂਜੀ ਸੰਸਾਰ ਜੰਗ ਭਖੀ ਹੋਈ ਹੈ। ਪੰਜਾਬ ਦੇ ਫੌਜੀਆਂ ਦੀ ਬਹਾਦਰੀ ਤੇ ਸ਼ਹੀਦੀ ਦੀਆਂ ਖ਼ਬਰਾਂ ਨਾਲ ਲੋਕਾਂ ਦਾ ਸਿੱਧਾ ਸੰਬੰਧ ਹੈ। ਇਸ ਜੰਗ ਵਿਚ ਹਿਟਲਰ ਦੇ ਨਾਜ਼ੀ ਹਮਲੇ, ਸੋਵੀਅਤ ਫੌਜਾਂ ਦੀ ਚੜ੍ਹਾਈ ਆਦਿ ਖ਼ਬਰਾਂ ਦਾ ਤਬਸਰਾ ਵੀ ਧਿਆਨ ਆਕਰਸ਼ਤ ਕਰਦਾ ਹੈ। ਇੰਝ ਇਸ ਰਾਜਸੀ ਤਬਸਰੇ ਨੂੰ ਨਾਵਲਕਾਰ ਇਸ ਨਾਵਲ ਦੀ ਤੋਰ ਦਾ ਸੁਭਾਵਕ ਅੰਗ ਬਣਾ ਲੈਂਦਾ ਹੈ।

ਅਗਲਾ ਗੌਲਣਯੋਗ ਪੱਖ ਨਾਵਲੀ ਕਥਾ ਦੀ ਵਾਸਤਵਿਕਤਾ ਤੇ ਸੁਭਾਵਕਤਾ ਨੂੰ ਕਾਇਮ ਰੱਖਣ ਵਾਸਤੇ ਵਾਜਬ ਸਥਿਤੀਆਂ ਤੇ ਪਾਤਰਾਂ ਦੀ ਸਿਰਜਣਾ ਕਰਨੀ ਹੈ।ਇਸ ਕਾਰਜ ਵਾਸਤੇ ਨਾਵਲਕਾਰ ਨੇ ਕੁਝ ਬੇਹੱਦ ਰੌਚਕ ਪਾਤਰਾਂ ਦੀ ਸਿਰਜਣਾ ਕੀਤੀ ਹੈ, ਜਿਨ੍ਹਾਂ ਵਿਚ ਇਕ ਦਲਿਤ ਔਰਤ ਮਾਈ ਚਿੰਤੀ ਹੈ। ਚਿੰਤੀ ਪਿੰਡ ਵਿਚ ਦਾਈ ਦਾ ਕੰਮ ਕਰਦੀ ਹੈ। ਪਰਦੇ ਉਹਲੇ ਪਿੰਡ ਦੀਆਂ ਕਿੰਨੀਆਂ ਹੀ ਔਰਤਾਂ ਦੇ ਭੇਦ ਉਸ ਕੋਲ਼ ਹਨ ਪਰ ਪਰਦੇ ਤੋਂ ਬਾਹਰ ਉਸਨੂੰ ਉਨ੍ਹਾਂ ਲੋਕਾਂ ਕੋਲ਼ੋਂ ਹੀ ਜਾਤ ਦੇ ਨਾਂ 'ਤੇ ਤ੍ਰਿਸਕਾਰਤ ਹੋਣਾ ਪੈਂਦਾ ਹੈ ਜਿਨ੍ਹਾਂ ਨੂੰ ਉਸ ਨੇ ਆਪਣੇ ਹੱਥੀਂ ਪੈਦਾ ਕੀਤਾ ਸੀ। ਦੂਜਾ,ਦੀਨਾ ਤੇ ਉਸਦੀ ਪਾਲਣਹਾਰ ਮਰਾਸਣ ਪਾਤਰ ਹਨ ਜੋ ਗਾ-ਵਜਾ ਕੇ ਗੁਜ਼ਾਰਾ ਕਰਦੇ ਹਨ। ਦੀਨਾ ਬਾਬੇ ਦੀ ਸਾਰੰਗੀ ਨੂੰ ਪਿਆਰ ਕਰਦਾ ਹੈ, ਗਾਉਣਾ ਦੋਹਾਂ ਦੀ ਰੂਹ ਦੀ ਖ਼ੁਰਾਕ ਹੈ ਪਰ ਉਹ ਆਪਣੀ ਘਰਵਾਲੀ ਤੋਂ ਪਰੇਸ਼ਾਨ ਵੀ ਹੈ। ਇਨ੍ਹਾ ਪਾਤਰਾਂ ਜ਼ਰੀਏ ਨਾਵਲਕਾਰ ਜੈਜੋਂ ਦੀ ਰੇਲਵੇ ਸਟੇਸ਼ਨ ਤੇ ਬਜ਼ਾਰ ਦੀ ਵਾਸਤਵਿਕਤਾ ਨੂੰ ਦਰਸਾ ਦਿੰਦਾ ਹੈ ਜਿੱਥੇ ਅਨੇਕਾਂ ਭਾਂਤ ਦੇ ਬੰਦੇ ਆਪਣਾ ਜੀਵਨ ਬਸਰ ਕਰਦੇ ਹਨ। ਮਜਬੂਰੀ ਵੱਸ ਫਕੀਰੀ ਵਿਚ ਜ਼ਿੰਦਗੀ ਜਿਉਣ ਦੀ ਇਸ ਸ਼ੈਲੀ ਦੇ ਦ੍ਰਿਸ਼ ਅੱਜ ਵੀ ਸਾਡੇ ਦੇਸ਼ ਦੀਆਂ ਅਨੇਕਾਂ ਥਾਵਾਂ ਉੱਤੇ ਮਿਲ ਜਾਂਦੇ ਹਨ। ਦੀਨੇ ਤੇ ਮਰਾਸਣ ਦੇ

ਗਾਉਣ ਦੇ ਕਈ ਬੰਦ ਸੂਫੀਆਨਾ ਤੇ ਤਲਖ ਜੀਵਨ ਦੀ ਤਸਵੀਰਕਸ਼ੀ ਕਰਦੇ ਜਾਪਦੇ ਹਨ; 'ਕੋਈ ਛੱਪਰੀ ਛਾਂ ਵਾਲੀ, ਕਿੱਥੇ ਲੁਕਾਵਾਂ ਜ਼ਿੰਦਗੀ,ਲੱਖਾਂ ਵੇ ਗੁਨਾਹਾਂ ਵਾਲੀ'। ਇੰਝ ਇਹ ਪਾਤਰ ਤੇ ਇਨ੍ਹਾਂ ਨਾਲ ਸੰਬੰਧਤ ਸਥਿਤੀਆਂ ਨਾਵਲ ਦੀ ਇਤਿਹਾਸਕ ਪਿੱਠਭੂਮੀ ਦਾ ਸੁਭਾਵਕ ਹਿੱਸਾ ਬਣ ਕੇ ਪੇਸ਼ ਹੁੰਦੇ ਹਨ। ਤੀਜਾ ਪਾਤਰ ਹੈ ਬਾਂਕਾ ਬੱਕਰੀਆਂ ਵਾਲਾ, ਜੋ ਬੇਫਿਕਰੀ ਵਿਚ ਆਪਣਾ ਇੱਜੜ ਚਾਰਦਾ ਹੋਇਆ ਗਾ ਕੇ ਆਪਣੇ ਮਨ ਦੇ ਭਾਵ ਵਿਅਕਤ ਕਰਦਾ ਦਿਖਾਈ ਦਿੰਦਾ ਹੈ। ਬੰਦ ਦੇਖੋ; 'ਬੰਤੋ ਬਣ ਬੱਕਰੀ, ਬਾਂਕਾ ਬਣਦਾ ਤੂਤ ਦਾ ਮੋਛਾ'। ਚੌਥਾ, ਬਾਬੇ ਦੇ ਸਾਥੀ ਰੇਲੂ ਰਾਮ ਦਾ ਨੌਕਰ ਗਲਾਬੂ ਹੈ। ਇਹ ਪਾਤਰ ਗੋਰੇ ਦੇ ਸਾਥ ਵਿਚ ਆਪਣੇ ਮਾਲਕ ਦੇ ਚਮੜੇ ਦੇ ਕਾਰੋਬਾਰ ਵਿਚ ਬਾਹਰ-ਅੰਦਰ ਜਾਂਦਾ ਰਹਿੰਦਾ ਹੈ। ਇਹ ਸ਼ੁਕੀਨ, ਦਿਲਕਸ਼ ਤੇ ਗਾਲੜੀ ਪਾਤਰ ਹੈ ਜੋ ਗੋਰੇ ਨਾਲ ਮੁਲਤਾਨ ਦੇ ਸਫਰ ਵਿਚ ਸਾਥੀ ਬਣਦਾ ਹੈ। ਆਖਰ ਵਿਚ ਇਸਦਾ ਵਿਆਹ ਇਕੱਠਿਆਂ ਫਾਤਿਮਾ ਦੀ ਸਹੇਲੀ ਰੁਕੱਈਆ ਨਾਲ ਹੁੰਦਾ ਹੈ। ਅਜਿਹੇ ਪਾਤਰਾਂ ਦੀ ਸਿਰਜਣਾ ਜਿੱਥੇ ਭਾਰੂ ਨਾਵਲੀ ਬਿਰਤਾਂਤ ਦੇ ਮਾਨਸਿਕ ਦਬਾਅ ਨੂੰ ਹਲਕਾ ਕਰਦੇ ਹਨ ਉੱਥੇ ਜੀਵਨ ਦੇ ਵੰਨਸੁਵੰਨਤਾ ਭਰੇ ਚਿਤਰਪਟ ਨੂੰ ਵੀ ਸਾਕਾਰ ਕਰ ਦਿੰਦੇ ਹਨ।

ਇਸ ਨਾਵਲ ਦੇ ਸਿਰਲੇਖ 'ਮਿੱਟੀ ਬੋਲ ਪਈ'ਨੂੰ ਵਿਚਾਰਦਿਆਂ ਜੋ ਸੰਕੇਤ ਮਿਲਦੇ ਹਨ, ਉਹ ਇਸ ਨਾਵਲੀ ਬਿਰਤਾਂਤ ਵਿਚੋਂ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਇਕ ਤਾਂ ਆਦਿਕਾ ਵਿਚ ਨਾਵਲਕਾਰ ਵੱਲੋਂ ਸਪਸ਼ਟੀਕਰਨ ਦਿੱਤਾ ਗਿਆ ਹੈ ਕਿ 'ਮੈਨੂੰ ਅਹਿਸਾਸ ਹੋ ਰਿਹਾ ਹੈ ਕਿ ਮੇਰੇ ਬਾਬੇ ਵਰਗੇ ਧਰਤ-ਪੁੱਤਰ, ਅਣਥੱਕ ਜੋਧਿਆਂ ਦੀ ਸੋਚ ਸਦਕਾ ਹੁਣ ਮਿੱਟੀ ਬੋਲ ਪਈ ਹੈ'। ਇਸ ਦਾ ਸਿੱਧਾ ਇਸ਼ਾਰਾ ਭਾਰਤੀ ਸਮਾਜ ਵਿਚ ਦਲਿਤਾਂ ਦੀ ਸਥਿਤੀ ਬਾਰੇ ਹੈ। ਭਾਵ ਜੋ ਮਿਹਨਤਕਸ਼ ਲੋਕ ਧਰਤ ਨੂੰ ਸੰਵਾਰਨ ਤੇ ਧਰਤ ਦੇ ਲੋਕਾਂ ਦੀ ਚਾਕਰੀ ਵਾਸਤੇ ਦਿਨ-ਰਾਤ ਮੁਸ਼ੱਕਤ ਕਰਦੇ ਹਨ,ਜਿਨ੍ਹਾਂ ਨੂੰ ਸਦੀਆਂ ਤੋਂ ਗੁਲਾਮੀ ਤੇ ਤ੍ਰਿਸਕਾਰ ਦਾ ਜੀਵਨ ਜਿਊਣ ਲਈ ਮਜਬੂਰ ਕੀਤਾ ਗਿਆ ਹੈ, ਉਨ੍ਹਾਂ ਨੂੰ ਜ਼ੁਬਾਨ ਦੇਣ ਲਈ ਕੁਝ ਮਰਜੀਵੜੇ ਦਲਿਤ ਆਗੂਆਂ ਨੇ ਮਿੱਟੀ ਨੂੰ ਬੋਲਣ ਲਾ ਦਿੱਤਾ ਹੈ। ਦੂਜਾ ਇਸ਼ਾਰਾ ਫਾਤਿਮਾ, ਰੁਕੱਈਆ ਤੇ ਬੀਬੀ ਦੇ ਜੀਵਨ ਵਿਚ ਆਈ ਤਬਦੀਲੀ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਇੰਝ ਇਹ ਨਾਵਲੀ ਬਿਰਤਾਂਤ ਵੱਡੇ ਕੈਨਵਸ ਨੂੰ ਲੈ ਕੇ ਦਲਿਤ ਉਭਾਰ ਦੇ ਰਾਜਨੀਤਕ ਪਰਿਦ੍ਰਿਸ਼ ਦੇ ਭਰਵੇਂ ਬਿੰਬ ਨੂੰ ਚਿਤਰਦਾ ਹੋਇਆ ਤੱਤਕਾਲੀ ਸਮਾਜਕ ਆਰਥਿਕ ਤੇ ਸਾਂਸਕ੍ਰਿਤਕ ਜੀਵਨ ਦੀ ਕਲਾਤਮਕ ਝਾਕੀ ਨੂੰ ਪ੍ਰਸਤੁਤ ਕਰਦਾ ਹੈ।000

### *ਹਵਾਲੇ ਤੇ ਟਿੱਪਣੀਆਂ*


1. ਨਾਵਲ ਅਤੇ ਲੋਕ ਜੀਵਨ, ਲੋਕਾਇਤ ਪ੍ਰਕਾਸ਼ਨ,ਚੰਡੀਗੜ੍ਹ, 1986,ਪੰਨਾ 99.
2. ਮਿੱਟੀ ਬੋਲ ਪਈ, ਬਲਬੀਰ ਮਾਧੋਪੁਰੀ,ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2020,ਪੰਨਾ 33.
3. ਉਹੀ- ਪੰਨਾ 7.
4. ਉਹੀ- ਪੰਨਾ 68.
5. ਉਹੀ- ਪੰਨਾ 68.
6. ਉਹੀ- ਪੰਨਾ 156.
7. ਉਹੀ- ਪੰਨਾ 211-12.
8. ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ, ਏਸ਼ੀਅਨ ਕਮਿਊਨੀਕੇਸ਼ਨ ਸੈਂਟਰ, ਐੱਨ.ਆਰ.ਆਈ. ਆਸ਼ਰਮ, ਮੇਹਲੀ, ਨੇੜੇ ਫਗਵਾੜਾ-ਬੰਗਾ ਬਾਈਪਾਸ,ਨਵਾਂ ਸ਼ਹਿਰ, 2010, ਪੰਨਾ 10.
9. ਮਿੱਟੀ ਬੋਲ ਪਈ, ਪੰਨਾ 126
10. ਉਹੀ- ਪੰਨਾ 290.
11. ਉਹੀ- ਪੰਨਾ 145.
12. ਉਹੀ- ਪੰਨਾ 216.
13. ਉਹੀ- ਪੰਨਾ 154-55.
14. ਉਹੀ- ਪੰਨਾ 271.



***(ਐਸੋਸੀਏਟ ਪ੍ਰੋਫੈਸਰ, ਪੀ.ਜੀ. ਸਰਕਾਰੀ ਕਾਲਿਜ, ਸੈਕਟਰ-11, ਚੰਡੀਗੜ੍ਹ ਫੋਨ: +91-97817-82474)***

## ਕਹੋ ਰੁਕਮਣੀ (ਕਹਾਣੀ ਸੰਗ੍ਰਹਿ) ਮਨਮੋਹਨ ਬਾਵਾ

ਸਮਕਾਲੀ ਪੰਜਾਬੀ ਗਲਪ ਅਤੇ ਸਫਰਨਾਮਾ ਲੇਖਣੀ ਵਿਚ ਮਨਮੋਹਨ ਬਾਵਾ ਦਾ ਨਾਂ ਗੰਭੀਰ ਤੇ ਪ੍ਰੌੜ ਲੇਖਕ ਵਜੋਂ ਹੈ। ਸਫਰਨਾਮਾਕਾਰ ਵਜੋਂ ਮਨਮੋਹਨ ਬਾਵਾ ਨੇ ਆਪਣੀਆਂ ਪੁਸਤਕਾਂ ਵਿਚ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਵਿਲੱਖਣ ਥਾਵਾਂ ਦੀ ਅਸਚਰਜ, ਰੁਮਾਂਚਿਤ ਅਤੇ ਚਿੰਤਨ ਭਰਪੂਰ ਯਾਤਰਾ ਕਰਵਾਈ ਹੈ। ਉਸਨੇ ਪੰਜਾਬੀ ਇਤਿਹਾਸਕ ਨਾਵਲਕਾਰੀ ਦੇ ਖੇਤਰ ਵਿਚ ਆਪਣੀਆਂ ਆਹਲਾ ਪੁਸਤਕਾਂ ਦੁਆਰਾ ਇਤਿਹਾਸਕ ਨਾਵਲੀ ਪਰੰਪਰਾ ਨੂੰ ਨਵੀਂ ਵਸਤੂ, ਰੂਪ ਅਤੇ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਪੰਜਾਬੀ ਨਾਵਲ ਅਤੇ ਕਹਾਣੀ ਦੇ ਖੇਤਰ ਵਿਚ ਸਿੱਖ ਇਤਿਹਾਸ ਤੋਂ ਪਾਰ ਜਾ ਕੇ ਭਾਰਤੀ ਇਤਿਹਾਸ ਦੇ ਅਣਗਾਹੇ, ਅਣਫੋਲੇ ਇਤਿਹਾਸਕ ਪ੍ਰਸੰਗਾਂ/ਪਾਤਰਾਂ/ਘਟਨਾਵਾਂ ਨੂੰ ਬਾਹਰਮੁਖੀ, ਤਾਰਕਿਕ ਅਤੇ ਖੋਜ ਦ੍ਰਿਸ਼ਟੀ ਤੋਂ ਪੇਸ਼ ਕਰਨ ਵਿਚ ਬਾਵਾ ਦੇ ਗਲਪ ਸੰਸਾਰ ਦੀ ਭੂਮਿਕਾ ਗ਼ੈਰ ਮਾਮੂਲੀ ਹੈ। ਮਨਮੋਹਨ ਬਾਵਾ ਦੇ ਇਤਿਹਾਸਕ ਬਿਰਤਾਂਤ ਵਿਚ ਨਾਰੀ, ਜਨ ਜਾਤੀਆਂ, ਦਲਿਤ ਅਤੇ ਹੋਰ ਹਾਸ਼ੀਅਤ ਧਿਰਾਂ ਦੇ ਉਚਾਰ ਨੂੰ ਰਵਾਇਤੀ ਤਵਾਰੀਖਕਾਰੀ ਦੀਆਂ ਸਾਜ਼ਿਸ਼ੀ ਚੁੱਪਾਂ ਵਿਚੋਂ ਉਭਾਰਿਆ ਜਾਂਦਾ ਹੈ। ਸਥਾਪਤ ਇਤਿਹਾਸ ਦੀ ਸੱਤਾ ਕੇਂਦਰਤ ਸਿਰਜਣਕਾਰੀ ਨੂੰ ਉਲੰਘ ਕੇ ਉਹ ਮੌਨ ਕਰ ਦਿੱਤੇ ਗਏ ਇਤਿਹਾਸਕ ਪਾਤਰਾਂ ਤੇ ਘਟਨਾਵਾਂ ਨੂੰ ਜਨਵਾਦੀ ਇਤਿਹਾਸ ਦੇ ਨੁਕਤਾ ਨਿਗਾਹ ਤੋਂ ਸਪਲੀਮੈਂਟ ਕਰਦਾ ਹੈ। ਇਸ ਚਿੰਤਨੀ ਨੀਝ ਤੇ ਖੋਜਮੁਖੀ ਸ਼ਿਲਪ ਵਾਲੀ ਬਾਵਾ ਦੀ ਗਲਪਕਾਰੀ ਸੱਤਾ ਦੇ ਦਾਬੇ ਵਿਚ ਬੇਪਛਾਣ ਹੋਈਆਂ ਧਿਰਾਂ ਨੂੰ ਮੁੜ ਚਾਨਣ ਵਿਚ ਲਿਆਉਂਦੀ ਹੈ। ਮਨਮੋਹਨ ਬਾਵਾ ਦੇ ਹੱਥਲੇ ਨਵੇਂ ਕਹਾਣੀ ਸੰਗ੍ਰਹਿ 'ਕਹੋ ਰੁਕਮਣੀ' (ਪੰਨੇ 395, ਮੁੱਲ 256 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵਿਚ ਉਕਤ ਧਾਰਨਾਵਾਂ ਦੀ ਗਵਾਹੀ ਭਰਦੀਆਂ ਦੀਆਂ ਲੰਮੇਂ ਆਕਾਰ ਵਾਲੀਆਂ ਸੱਤ ਕਹਾਣੀਆਂ ਸ਼ਾਮਿਲ ਹਨ।

ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕਹੋ ਰੁਕਮਣੀ' ਮੁਹੰਮਦ ਤੁਗਲਕ ਦੀ ਹਕੂਮਤ ਸਮੇਂ ਮੰਗੋਲਾਂ ਦੇ ਹਮਲਿਆਂ ਵਾਲੇ ਸਿਆਸੀ ਹਾਲਾਤ ਦੇ ਪ੍ਰਸੰਗ ਵਿਚ ਦਿੱਲੀ ਰਹਿੰਦੇ ਗੰਗੂ ਬ੍ਰਾਹਮਣ, ਉਸਦੇ ਨੌਕਰ ਹਸਨ ਤੇ ਧੀ ਰੁਕਮਣੀ ਦੀ ਇਤਿਹਾਸਕ ਗਾਥਾ ਬਿਆਨ ਕੀਤੀ ਹੈ। ਹਸਨ ਤੇ ਰੁਕਮਣੀ ਦਾ ਆਪਸੀ ਪਿਆਰ ਆਕਰਸ਼ਣ ਹੋਣ ਦੇ ਬਾਵਜੂਦ ਹਸਨ ਦਾ ਤੁਰਕਾਨੀ ਬੇਗ਼ਮ ਨਾਲ ਨਿਕਾਹ ਹੋ ਜਾਂਦਾ ਹੈ। ਤੁਗਲਕੀ ਫੁਰਮਾਨ ਅਨੁਸਾਰ ਰਾਜਧਾਨੀ ਬਦਲਣ ਦੇ ਫੈਸਲੇ ਵਿਚ ਉਕਤ ਪਰਿਵਾਰ ਦਿੱਲੀ ਤੋਂ ਦੱਖਣ ਵੱਲ ਚਲਾ ਜਾਂਦਾ ਹੈ। ਹਸਨ ਆਪਣੀ ਸਾਹਸੀ ਤੇ ਪ੍ਰਾਕਰਮੀ ਸ਼ਖ਼ਸੀਅਤ ਨਾਲ ਬਿਦਰ ਦਾ ਸੂਬੇਦਾਰ ਬਣ ਜਾਂਦਾ ਹੈ ਪਰ ਮੁਹੰਮਦ ਤੁਗਲਕ ਦਾ ਸਾਥ ਦੇਣ ਦੀ ਥਾਂ ਉਹ ਸੁਤੰਤਰ ਸੁਲਤਾਨ ਹੋਣ ਦਾ ਐਲਾਨ ਕਰ ਕੇ ਦਿੱਲੀ ਦੀ ਤੁਗਲਕੀ ਸੱਤਾ ਲਈ ਚੁਣੌਤੀ ਬਣ ਜਾਂਦਾ ਹੈ। ਲੇਖਕ ਇਤਿਹਾਸ ਦੀਆਂ ਤਰੇੜਾਂ ਵਿਚ ਗਲਪੀ ਝਾਤ ਮਾਰ ਕੇ ਹਸਨ ਵੱਲੋਂ ਆਪਣੇ ਮਾਲਕ ਗੰਗੂ ਬ੍ਰਾਹਮਣ ਦੇ ਅਹਿਸਾਨਾਂ ਦੀ ਕਦਰ ਕਰਦਿਆਂ ਆਪਣੀ ਹਕੂਮਤ ਨੂੰ ਬ੍ਰਾਹਮਣੀ ਹਕੂਮਤ ਵਜੋਂ ਤਸਲੀਮ ਕਰਨ ਦੇ ਕਥਾਨਕੀ ਵੇਰਵੇ ਸ਼ਾਮਿਲ ਕਰਦਾ ਹੈ। ਇੰਝ ਇਹ ਕਹਾਣੀ ਸੱਤਾ ਅਤੇ ਧਰਮ 'ਤੇ ਕਾਬਜ਼ ਧਿਰਾਂ ਦੀ ਫਿਰਕਾਪ੍ਰਸਤ ਸੋਚ ਨੂੰ ਝਟਕਾ ਦਿੰਦੀ ਕਰੀਬ 670 ਸਾਲ ਪਹਿਲਾਂ ਦੇ ਜਾਣੇ ਪਛਾਣੇ ਇਤਿਹਾਸ ਦੇ ਗੁੰਮਨਾਮ ਤੇ ਮੂਕ ਪੰਨਿਆਂ ਨੂੰ ਜ਼ੁਬਾਨ ਦਿੰਦੀ ਹੈ।

'ਐਲੋਰਾ ਦੀ ਮਹਾਂਮੇਧਾ' ਕਹਾਣੀ ਦਾ ਬਿਰਤਾਂਤ ਕਾਲ ਭਾਰਤ ਵਿਚ ਹੂਣਾਂ ਦੇ ਹਮਲਿਆਂ ਤੋਂ ਬਾਅਦ ਪੰਚਨਦ ਵਿਚ ਬੋਧ ਵਿਹਾਰਾਂ ਤੇ ਮੰਦਰਾਂ ਦੀ ਢਾਹ ਢੁਹਾਈ ਤੋਂ ਬਾਅਦ ਦਾ ਹੈ। ਇਨ੍ਹਾਂ ਹਮਲਿਆਂ ਤੋਂ ਪ੍ਰਭਾਵਤ ਇਕ ਮੂਰਤੀਕਾਰ ਅਸ਼ਵਜੀਤ ਪੰਚਨਦ ਨੂੰ ਛੱਡ ਕੇ ਅਜੰਤਾ ਚਲਾ ਜਾਂਦਾ ਹੈ ਜਿੱਥੇ ਉਹ ਅਜੰਤਾ ਅਲੋਰਾ ਦੀਆਂ ਗੁਫਾਵਾਂ ਦੀਆਂ ਮੂਰਤੀਆਂ ਘੜਦਾ ਹੈ। ਅਸ਼ਵਜੀਤ ਅਤੇ ਕਲਾ

ਪ੍ਰਸ਼ੰਸਕ ਮਹਾਂਮੇਧਾ ਪਿਆਰ ਬੰਧਨ ਵਿਚ ਬੱਝ ਜਾਂਦੇ ਹਨ। ਮਹਾਂਮੇਧਾ ਦੇ ਪਿਆਰ ਸੰਬੰਧਾਂ ਦਾ ਉਸਦੇ ਵੱਡੀ ਉਮਰ ਦੇ ਵਪਾਰੀ ਪਤੀ ਇੰਦਰਸੇਨ ਨੂੰ ਪਤਾ ਚੱਲ ਜਾਂਦਾ ਹੈ ਪਰ ਉਹ ਭੇਤਭਰੀ ਖਾਮੋਸ਼ੀ ਧਾਰਨ ਕਰ ਲੈਂਦਾ ਹੈ। ਅੰਤ ਵਿਚ ਦੁਬਿਧਾ, ਦਵੰਦ ਤੇ ਮਾਨਸਿਕ ਉੱਥਲ ਪੁਥਲ ਵਿਚੋਂ ਗੁਜ਼ਰਦੀ ਮਹਾਂਮੇਧਾ ਬੁੱਧ ਭਿਕਸ਼ਣ ਬਣ ਜਾਂਦੀ ਹੈ। ਕਹਾਣੀਕਾਰ ਪਿਆਰ ਸੰਬੰਧਾਂ ਦੀ ਬਿਹਬਲਤਾ ਤੇ ਮਨੁੱਖੀ ਭਾਵਨਾਵਾਂ ਦੀ ਤਰਲਤਾ ਨੂੰ ਸੂਖਮਤਾ ਨਾਲ ਪੇਸ਼ ਕਰਦੀ ਸਮਾਜਕ ਦਾਬੇ ਅਤੇ ਸੁਤੰਤਰ ਇੱਛਾ ਤੋਂ ਉਪਜਦੇ ਰਿਸ਼ਤਿਆਂ ਦੇ ਤਣਾਅ ਦੀ ਕਲਾਤਮਕ ਪੇਸ਼ਕਾਰੀ ਕਰਦਾ ਹੈ।

ਐਲੋਰਾ ਦੀ ਮਹਾਂਮੇਧਾ ਵਾਂਗ ਹੀ 'ਸਮਰੂ ਬੇਗ਼ਮ' ਕਹਾਣੀ ਦੀ ਬੇਗ਼ਮ ਸਮਰੂ ਉਰਫ ਫਰਜ਼ਾਨਾ ਕੋਮੋਲਾ ਵੀ ਸਿਰਧਾਨਾ ਇਲਾਕੇ ਦੀ ਧਾਕੜ ਬੇਗ਼ਮ ਸੀ। ਮੁਗਲ ਹਕੂਮਤ ਦੇ ਕਮਜ਼ੋਰ ਹੋਣ ਪਿੱਛੋਂ ਜਦੋਂ ਦਿੱਲੀ ਉੱਤੇ ਦੱਖਣ 'ਚ ਮਰਾਠੇ, ਕਲਕੱਤਾ ਤੋਂ ਅੰਗਰੇਜ਼, ਬਰੇਲੀ ਤੋਂ ਪਠਾਨ ਤੇ ਪੰਜਾਬ ਤੋਂ ਸਿੱਖਾਂ ਦੀ ਚੁਣੌਤੀ ਸਿਰ ਚੁੱਕ ਰਹੀ ਸੀ ਤਾਂ ਸਿਰਧਾਨਾ ਦੀ ਬੇਗ਼ਮ ਸਿੱਖ ਜਰਨੈਲ ਬਘੇਲ ਸਿੰਘ ਦੀ ਬਹਾਦਰੀ ਤੋਂ ਪ੍ਰਭਾਵਤ ਹੋ ਕੇ ਉਸ ਨਾਲ ਦੋਸਤਾਨਾ ਸੰਬੰਧ ਕਾਇਮ ਕਰ ਲੈਂਦੀ ਹੈ। ਬਘੇਲ ਸਿੰਘ ਦੇ ਮਾਧਿਅਮ ਦੁਆਰਾ ਲੇਖਕ ਇਸ ਅਰਾਜਕਤਾ ਦੇ ਦੌਰ ਵਿਚ ਸਿੱਖ ਸ਼ਕਤੀ ਦੇ ਵੱਧਦੇ ਉਭਾਰ ਨੂੰ ਸਿੱਖਾਂ ਦੀ ਸੁਤੰਤਰ ਹਸਤੀ ਤੇ ਆਪਣੀ ਹੋਂਦ ਲਈ ਸੰਘਰਸ਼ ਦੇ ਪ੍ਰਸੰਗਾਂ ਵਿਚ ਪੇਸ਼ ਕਰਦਾ ਹੈ। ਬਘੇਲ ਸਿੰਘ ਦੀ ਮੌਤ ਅਤੇ 1857 ਦੇ ਗਦਰ ਤੋਂ ਬਾਅਦ ਅੰਗਰੇਜ਼ਾਂ ਦਾ ਦਿੱਲੀ ਤੇ ਹਿੰਦੋਸਤਾਨ ਦੇ ਹੋਰ ਹਿੱਸਿਆ 'ਤੇ ਕਬਜ਼ਾ ਹੋ ਜਾਂਦਾ ਹੈ। ਸਮਰੂ ਬੇਗ਼ਮ ਅੰਗਰੇਜ਼ਾਂ ਨਾਲ ਸੰਧੀਨਾਮਾ ਕਰਦੀ ਆਪਣਾ ਸਿਰਧਾਨਾ ਹਾਸਿਲ ਕਰ ਜਾਂਦੀ ਹੈ। ਲੇਖਕ ਦੀ ਇਹ ਕਹਾਣੀ ਮਰਦਾਵੀਂ ਸੱਤਾ ਦੁਆਰਾ ਔਰਤ ਦੀ ਹਕੂਮਤ ਨੂੰ ਕਿਸੇ ਵੀ ਤਰ੍ਹਾਂ ਸਵੀਕਾਰ ਨਾ ਕਰਨ ਦੀ ਹੈਜਮਨੀ ਨੂੰ ਵੀ ਦਰਸਾਂਦੀ ਹੈ।

ਬਾਵਾ ਦੀਆਂ ਕਹਾਣੀਆਂ ਦੀਆਂ ਵਿਚਾਰਧਾਰਕ ਧੁਨੀਆਂ ਸਿਰਫ ਇਤਿਹਾਸ ਦੇ ਖੱਪਿਆਂ ਨੂੰ ਸਮਝਣ ਤਕ ਸੀਮਤ ਨਹੀਂ ਸਗੋਂ ਇਤਿਹਾਸ ਵਿਚਲੇ ਜਾਤੀ, ਜਮਾਤੀ, ਲਿੰਗਕ ਵਖਰੇਵਿਆਂ ਦੀ ਸੂਖਮ ਹਿੰਸਾ ਨੂੰ ਪਛਾਨਣ ਤਕ ਵੀ ਫੈਲੀਆਂ ਹਨ। ਅਜਿਹੀ ਇਕ ਕਹਾਣੀ 'ਇਕ ਵੱਖਰਾ ਸ਼ਾਂਤੀਨਿਕੇਤਨ' ਹੈ ਜਿਸ ਵਿਚ ਛੱਤੀਸਗੜ੍ਹ ਦੇ ਗੌਂਡ ਆਦਿਵਾਸੀ ਕਬੀਲੇ ਦੀ ਜੁਝਾਰੂ ਨਾਰੀ ਕੇਤਕੀ ਅਤੇ ਬੰਗਾਲ ਦੇ ਕਲਾਕਾਰ ਰਘੂਮਈ ਦੇ ਪਿਆਰ ਸੰਬੰਧਾਂ ਦੀ ਦਾਸਤਾਨ ਪੇਸ਼ ਹੋਈ ਹੈ। ਕੇਤਕੀ ਗੋਂਡ ਕਬੀਲੇ ਦੇ ਜੁਝਾਰੂ ਆਗੂ ਦੀ ਧੀ ਹੈ। ਕੇਤਕੀ ਤੇ ਰਘੂਮਈ ਚੇਤੰਨ, ਸੁਜੱਗ ਤੇ ਜਾਗਰੂਕ ਤਬੀਅਤ ਵਾਲੇ ਮੁਹੱਬਤੀ ਪਾਤਰ ਹਨ ਜੋ ਕਿ ਵਿਦਰੋਹ ਦੀ ਨਵੀਂ ਇਬਾਰਤ ਘੜ ਕੇ ਸਟੇਟ ਦੇ ਕਹਿਰ ਵਿਰੁੱਧ ਆਦਿਵਾਸੀ ਕਬੀਲਿਆਂ ਦੀ ਵਿਦਰੋਹੀ ਚੇਤਨਾ ਦੇ ਪ੍ਰਤੀਨਿਧ ਬਣਦੇ ਹਨ। ਕਹਾਣੀ ਮਹਾਂਭਾਰਤ ਦੇ ਖਾਂਡਵ ਦਾਹ ਵਾਲੇ ਬਿਰਤਾਂਤ ਵੱਲ ਇਸ਼ਾਰਾ ਕਰਦੀ ਵਰਤਮਾਨ ਦੀ 'ਲੋਕਤੰਤਰਕ' ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹੱਥਠੋਕੇ ਬਣ ਕੇ ਜਲ, ਜੰਗਲ ਤੇ ਜ਼ਮੀਨ ਨੂੰ ਉਜਾੜਨ ਵਾਲੀਆਂ ਜਾਬਰ ਕਾਰਵਾਈਆਂ ਪ੍ਰਤੀ ਕ੍ਰਿਟੀਕ ਸਿਰਜਦੀ ਹੈ।

ਮਨਮੋਹਨ ਬਾਵਾ ਦੀਆਂ ਕਹਾਣੀਆਂ ਦੀ ਵੱਖਰੀ ਇਤਿਹਾਸਕ ਕਥਾ ਵਸਤੂ, ਸੂਖਮ ਵਿਚਾਰਧਾਰਕ ਧੁਨੀਆਂ, ਰੁਮਾਂਚਿਤ ਤੇ ਅਚੰਭਿਤ ਵਾਤਾਵਰਨ ਅਤੇ ਭਾਸ਼ਾ ਦੀ ਸਰਲਤਾ ਪਾਠਕਾਂ ਨੂੰ ਇਤਿਹਾਸ ਤੇ ਗਲਪ ਦੀ ਮਿੱਸ ਵਾਲੇ ਰੌਚਿਕ ਯਾਨਰ ਨਾਲ ਜੋੜਦੇ ਰਚਨਾ-ਤੱਤ ਹਨ। ਕਹਾਣੀ ਦਾ ਕਲਪਨਾਸ਼ੀਲ ਯਥਾਰਥ ਅਤੇ ਇਤਿਹਾਸ ਦਾ ਤੱਥਮੂਲਕ ਪ੍ਰਵਚਨ ਉਸਦੀਆਂ ਕਹਾਣੀਆਂ ਵਿਚ ਢਲ਼ ਕੇ ਇਤਿਹਾਸਕ ਫਿਕਸ਼ਨ ਦੀ ਨਵੀਂ ਵਿਧਾ ਦਾ ਦਰਜਾ ਹਾਸਿਲ ਕਰ ਲੈਂਦਾ ਹੈ। ਕਹਾਣੀ 'ਲੁਟੇਰੇ ਉਰਫ ਅਮੀਰ ਅਲੀ' ਮੁਗ਼ਲ ਰਾਜ ਦੇ ਪਤਨ ਤੋਂ ਬਾਅਦ ਅੰਗਰੇਜ਼ਾਂ ਦੀ ਚੜ੍ਹਤ ਦੇ ਦੌਰ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਬਿਰਤਾਂਤਕੀ ਪਾਸਾਰ ਮੁਗ਼ਲ ਸੱਤਾ ਤੋਂ ਸਹਿਜੇ ਸਹਿਜੇ ਬਸਤੀਵਾਦੀ ਗ੍ਰਿਫਤ ਵਿਚ ਜਾ ਰਹੇ ਹਿੰਦੋਸਤਾਨ ਦੇ ਕਈ ਹਿੱਸਿਆ ਵਿਚ ਫੈਲੀ ਅਰਾਜਕਤਾ, ਲੁੱਟ ਮਾਰ ਤੇ ਗਦਰੀ ਕਾਰਵਾਈਆਂ ਨਾਲ ਵਾਬਸਤਾ ਹੈ। ਕਹਾਣੀ ਵਿਚ ਕਥਿਤ ਨੀਵੀਂ ਜਾਤ ਦਾ ਲੁਟੇਰਾ ਅਮੀਰ ਅਲੀ ਆਪਣੀ ਮਾਂ ਤੇ ਪਿਤਾ ਦੀ ਮੌਤ ਦਾ ਬਦਲਾ ਲੈਂਦਿਆਂ ਜੁਲਮੀ ਰਾਜਾ ਹਰੀਆ ਨੂੰ ਮਾਰ ਦਿੰਦਾ ਹੈ। ਅਮੀਰ ਅਲੀ ਠੱਗਾਂ ਤੇ ਲੁਟੇਰਿਆਂ ਦੇ ਉਸ

ਗਿਰੋਹ ਦਾ ਮੁਖੀ ਹੈ ਜਿਹੜੇ ਇਸ ਕੰਮ ਨੂੰ ਪੂਰੇ ਅਨੁਸ਼ਾਸਨ, ਇਮਾਨਦਾਰੀ ਤੇ ਸੰਗਠਨੀ ਸੂਝ ਬੂਝ ਨਾਲ ਅੰਜਾਮ ਦਿੰਦੇ ਹਨ। ਜਾਗੀਰਦਾਰਾਂ, ਰਿਆਸਤੀ ਰਾਜਿਆਂ ਦੇ ਅੰਗਰੇਜ਼ਾਂ ਦੇ ਪਿੱਠੂ ਬਣਨ ਅਤੇ ਅਮੀਰ ਅਲੀ ਵਰਗੇ 'ਲੁਟੇਰਿਆਂ' ਦੁਆਰਾ ਸੱਤਾਧਾਰੀ ਧਿਰਾਂ ਨੂੰ ਹਮੇਸ਼ਾ ਚੁਣੌਤੀ ਦੇਣ ਦੇ ਬਿਰਤਾਂਤ ਵਾਲੀ ਇਹ ਕਹਾਣੀ ਮਨੁੱਖੀ ਹਿੰਮਤ, ਸੰਘਰਸ਼ ਤੇ ਦ੍ਰਿੜ ਇਰਾਦੇ ਦੀ ਅਨੂਠੀ ਦਾਸਤਾਨ ਹੈ। ਅਮੀਰ ਅਲੀ ਵਰਗੇ ਦਬੰਗ ਪਾਤਰ ਹਿੰਦੂ ਪਰਿਵਾਰਾਂ ਵਿਚ ਜਨਮ ਲੈਂਦੇ, ਮੁਸਲਮਾਨ ਪਰਿਵਾਰਾਂ ਵਿਚ ਪਲ਼ਦੇ ਆਪਣੇ ਆਪ ਨੂੰ ਕਿਸੇ ਧਰਮ ਦੀ ਕੱਟੜਤਾ ਤੋਂ ਬੇਲਾਗ ਰੱਖਦੇ ਹਨ। ਕਹਾਣੀ ਵਿਚ ਅਜੀਜਾ, ਰਜਨੀ ਅਤੇ ਅਮੀਰ ਅਲੀ ਦੀ ਮਾਂ ਵਰਗੇ ਨਾਰੀ ਪਾਤਰ ਇਤਿਹਾਸ ਅੰਦਰ ਔਰਤ ਦੀ ਦਮਨ ਭਰੀ ਸਥਿਤੀ ਨੂੰ ਪੇਸ਼ ਕਰਦੇ ਹਨ। ਕਹਾਣੀ ਵਿਚ ਹਿੰਦੂ ਧਰਮ ਦੀ ਜਾਤੀ ਸੰਰਚਨਾ ਅਤੇ ਇਸਲਾਮੀ ਰਾਜ ਸੱਤਾ ਵਿਚਲੇ ਜਬਰ ਜੁਲਮ ਦੇ ਦੋਹਰੇ ਸੰਤਾਪ ਨੂੰ ਭੋਗਦੀਆਂ ਹਾਸ਼ੀਅਤ ਧਿਰਾਂ ਦੀ ਪੀੜ ਨੂੰ ਵੀ ਪੇਸ਼ ਕੀਤਾ ਗਿਆ ਹੈ।

'ਬੇਅਕਲਾਂ ਦਾ ਜਨਪਦ' ਹਿਮਾਚਲ ਪ੍ਰਦੇਸ਼ ਦੀਆਂ ਦੁਰਗਮ ਘਾਟੀਆਂ ਵਿਚ ਰਾਜਪੂਤਾਂ, ਠਾਕੁਰਾਂ ਦੀ ਬ੍ਰਾਹਮਣਵਾਦੀ ਸੱਤਾ ਦਾ ਦਮਨ ਭੋਗਦੀਆਂ ਦਲਿਤ ਧਿਰਾਂ ਦੀ ਪੀੜ ਨੂੰ ਪੇਸ਼ ਕਰਦੀ ਰਚਨਾ ਹੈ। ਮੁਸਲਮਾਨਾਂ ਦੇ ਹਮਲਿਆਂ ਤੋਂ ਬਾਅਦ ਬ੍ਰਾਹਮਣਵਾਦੀ ਧਿਰਾਂ ਤੇ ਹਿੰਦੂ ਰਾਜਿਆਂ ਦੀ ਸੱਤਾ ਨੂੰ ਵੱਡੀ ਸੱਟ ਵੱਜਦੀ ਹੈ ਤੇ ਸਦੀਆਂ ਤੋਂ ਜਾਤ, ਭਿੱਟ, ਛੂਆ ਛਾਤ, ਠਾਕੁਰਾਂ ਦੀ ਸੇਵਾ, ਦੇਵ ਦਾਸੀ ਪਰੰਪਰਾ ਦਾ ਦਮਨ ਭੋਗਦੀਆਂ ਧਿਰਾਂ ਸੱਤਾਵਾਨਾਂ ਦੇ ਇਸਲਾਮ ਧਰਮ ਨੂੰ ਅਪਨਾਉਣ ਵੱਲ ਰੁਚਿਤ ਹੁੰਦੀਆਂ ਹਨ। ਇਹ ਕਹਾਣੀ ਪੰਚਨਦ ਦੇ ਕਿਸੇ ਦਲਿਤ ਰਾਜੇ ਦੇ ਰਾਜ ਵਿਚ ਜਾਣ ਦੀ ਇੱਛਾ ਰੱਖਦੇ ਹਿਮਾਚਲ ਦੇ ਦਲਿਤ ਵਰਗ ਦੀ ਮਾਰਮਿਕ ਕਥਾ ਹੈ ਜਿਸਦੇ ਦਲਿਤ ਪਾਤਰ ਕੇਹਰੂ, ਤਾਰੀ, ਸੁਮੇਰ ਆਦਿ ਰਾਜਪੂਤਾਂ, ਬ੍ਰਾਹਮਣਾਂ ਦੇ ਸਨਾਤਨੀ ਸਭਿਆਚਾਰ ਤੋਂ ਆਤੁਰ ਹੋ ਕੇ ਪੂਰੇ ਪਿੰਡ ਦੇ ਲੋਕਾਂ ਨੂੰ ਇਸ ਵਾਦੀ ਨੂੰ ਛੱਡਣ ਲਈ ਪ੍ਰੇਰਤ ਕਰਦੇ ਹਨ। ਕਹਾਣੀ ਵਿਚ ਦਲਿਤ ਵਰਗ ਦੀਆਂ ਔਰਤਾਂ, ਮਿਹਨਤਕਸ਼ ਤੇ ਸ਼ਿਲਪੀ ਕਾਮਿਆਂ, ਬੱਚਿਆਂ, ਬਜ਼ੁਰਗਾਂ ਉੱਤੇ ਬ੍ਰਾਹਮਣਵਾਦੀ ਸੰਸਕ੍ਰਿਤੀ ਦੇ ਜਬਰ ਜੁਲਮ ਨਾਲ ਪੈਦਾ ਦੁਰਬਲਤਾਵਾਂ ਤੋਂ ਪਾਰ ਜਾਣ ਦੀ ਕਥਾ ਚੇਤਨਾ ਦਾ ਪਾਸਾਰ ਕੀਤਾ ਗਿਆ ਹੈ। ਇਸ ਵਰਤਾਰੇ ਨੂੰ ਪ੍ਰਤੀਕਮਈ ਰੂਪ ਵਿਚ ਜਾਤੀ ਪ੍ਰਬੰਧ ਵਾਲੇ ਉੱਚੀਆਂ ਚੋਟੀਆਂ ਵਾਲੇ ਸਮਾਜ ਤੇ ਭੇਦਭਾਵ ਭਰੇ ਦੁਰਗਮ ਰਸਤਿਆਂ ਤੋਂ ਪਾਰ ਜਾਣ ਦੇ ਵਰਤਾਰੇ ਨਾਲ ਪੇਸ਼ ਕੀਤਾ ਗਿਆ ਹੈ।

ਇੰਝ ਕੁੱਲ ਮਿਲਾ ਕੇ ਮਨਮੋਹਨ ਬਾਵਾ ਦੀ ਇਹ ਕਥਾ ਪੁਸਤਕ ਕਥਾ ਬਿਰਤਾਂਤ, ਇਤਿਹਾਸ, ਸਮਾਜ ਸ਼ਾਸਤਰ ਅਤੇ ਮਿਥਹਾਸ ਆਦਿ ਅਨੁਸ਼ਾਸਨਾਂ ਦੀ ਮਿੱਸ ਨਾਲ ਭਰਪੂਰ ਹੈ। ਇਹ ਕਿਤਾਬ ਭਾਰਤੀ ਸਮਾਜ ਤੇ ਇਤਿਹਾਸ ਪ੍ਰਤੀ ਮੁੱਲਾਂਕਣੀ ਤੇ ਸੰਵਾਦੀ ਨਜ਼ਰੀਆ ਰੱਖਦੀ ਬਾਹਰਮੁਖੀ ਤੇ ਵਿਗਿਆਨਕ ਰਚਨਾ ਦ੍ਰਿਸ਼ਟੀ ਵਾਲੀ ਹੈ। ਪੰਜਾਬੀ ਇਤਿਹਾਸਕ ਕਹਾਣੀ ਦੇ ਪ੍ਰਸੰਗ ਵਿਚ ਪੁਸਤਕ ਦੀ ਭੂਮਿਕਾ ਹੋਰ ਪ੍ਰਭਾਵੀ ਹੈ। **–ਡਾ. ਜੇ.ਬੀ. ਸੇਖੋਂ**

## ਇਸ਼ਕ ਨਾ ਮੰਨੇ ਵਾਟ (ਨਾਵਲ) ਬਖ਼ਸ਼ਿੰਦਰ

ਕੁਝ ਵਰ੍ਹੇ ਪਹਿਲਾਂ ਪਰਵਾਸੀ ਹੋਇਆ ਜਾਣਿਆ ਪਛਾਣਿਆ ਪੱਤਰਕਾਰ ਬਖ਼ਸ਼ਿੰਦਰ ਆਪਣੀ ਹੱਥਲੀ ਰਚਨਾ 'ਇਸ਼ਕ ਨਾ ਮੰਨੇ ਵਾਟ' (ਪੰਨੇ 280, ਮੁੱਲ 300 ਰੁਪਏ, ਨਵਰੰਗ ਪਬਲੀਕੇਸ਼ਨਜ਼ ਸਮਾਣਾ) ਤੋਂ ਪਹਿਲਾਂ ਇਕ ਹੋਰ ਨਾਵਲ 'ਵਿਗੜੀ ਹੋਈ ਕੁੜੀ' ਲਿਖ ਚੁੱਕਾ ਹੈ। ਇਸ ਤੋਂ ਇਲਾਵਾ ਗ਼ਜ਼ਲਾਂ, ਗੀਤ, ਨਾਟਕ, ਸੋਸ਼ਲ ਮੀਡੀਆ ਅਤੇ ਪੱਤਰਕਾਰੀ ਬਾਰੇ ਉਸਦੀਆਂ ਰਚਨਾਵਾਂ ਆ ਚੁੱਕੀਆਂ ਹਨ। ਉਸਨੇ ਅਨੁਵਾਦ ਦੇ ਖੇਤਰ ਵਿਚ ਵੀ ਕੰਮ ਕੀਤਾ ਹੈ। ਇਸ ਤਰ੍ਹਾਂ ਉਸ ਕੋਲ਼ ਲੇਖਕ ਵਜੋਂ ਚੋਖਾ ਲੰਬਾ ਅਨੁਭਵ ਹੈ। ਵਿਦੇਸ਼ ਵਿਚ ਰਹਿਣ ਕਰਕੇ ਹੁਣ ਤਾਂ ਬਖ਼ਸ਼ਿੰਦਰ ਕੋਲ਼ ਉੱਥੋਂ ਦੇ ਕਲਚਰ ਨੂੰ ਸਮਝ ਕੇ ਉਸ ਬਾਰੇ ਮੌਲਿਕ ਵਿਚਾਰ ਪੇਸ਼ ਕਰਨ ਦੀ ਵੀ ਉਮੀਦ ਕੀਤੀ ਜਾਂਦੀ ਹੈ। ਇਸੇ ਤਹਿਤ ਬਖ਼ਸ਼ਿੰਦਰ ਆਪਣੀ ਨਵੀਂ ਰਚਨਾ 'ਇਸ਼ਕ ਨਾ ਮੰਨੇ ਵਾਟ' ਲੈ ਕੇ ਹਾਜ਼ਰ ਹੋਇਆ ਹੈ। ਇਹ ਰਚਨਾ

ਇਸ਼ਕ/ਪਿਆਰ/ਮੁਹੱਬਤ ਬਾਰੇ ਮਿਲਦੀਆਂ ਆਮ ਲੋਕਾਂ ਦੀਆਂ ਧਾਰਨਾਵਾਂ ਤੋਂ ਲੈ ਕੇ ਮਸ਼ਹੂਰ ਲੋਕਾਂ ਦੀਆਂ ਧਾਰਨਾਵਾਂ, ਕਹਾਣੀਆਂ ਦਾ ਵੇਰਵਾ ਹੈ। ਲੇਖਕ ਨੇ ਇਸਨੂੰ ਨਾਵਲ ਵਜੋਂ ਪੇਸ਼ ਕੀਤਾ ਹੈ। ਅਸੀਂ ਇਸ ਰਚਨਾ ਦੇ ਪਾਠ ਉਪਰੰਤ ਇਸਦੇ ਬਿਰਤਾਂਤਕ ਸੰਗਠਨ ਤੇ ਨਾਵਲੀ ਗੁਣਾਂ ਦੇ ਆਧਾਰ 'ਤੇ ਇਸਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕਰਾਂਗੇ।

ਇਹ ਨਾਵਲ ਦੋ ਪਾਤਰਾਂ ਰਾਜਨ ਜਾਨੀ ਤੇ ਰਣਜੀਤ ਕੌਰ ਉਰਫ਼ ਰਾਣੇ ਦੇ ਆਪਸੀ ਮਿਲਾਪ ਤੋਂ ਸ਼ੁਰੂ ਹੁੰਦਾ ਹੈ। ਜਾਨੀ ਪੱਤਰਕਾਰ ਹੈ ਜਦਕਿ ਰਾਣੇ ਪੰਜਾਬ ਲੋਕ ਸੰਪਰਕ ਵਿਭਾਗ ਵਿਚ ਆਈ.ਟੀ. ਸੈੱਲ ਦੀ ਡਿਪਟੀ ਡਾਇਰੈਕਟਰ ਹੈ। ਦੋਹਾਂ ਦਾ ਸਰਕਾਰੀ ਲੋੜਾਂ ਕਾਰਨ ਹੋਇਆ ਮਿਲਾਪ ਆਪਸੀ ਪਿਆਰ ਵਿਚ ਬਦਲ ਜਾਂਦਾ ਹੈ। ਉਸ ਉਪਰੰਤ ਉਹ ਇਸ਼ਕ ਬਾਰੇ ਮਿਲਦੇ ਵਿਚਾਰਾਂ ਨੂੰ ਇਕ-ਦੂਜੇ ਨਾਲ ਸਾਂਝਾ ਕਰਨ ਲੱਗਦੇ ਹਨ। ਇਸ਼ਕ ਬਾਰੇ ਇਹ ਧਾਰਨਾਵਾਂ ਦਾ ਬਿਰਤਾਂਤ ਨਾਵਲ ਦੇ 250 ਪੰਨਿਆਂ ਤੱਕ ਫੈਲਿਆ ਹੋਇਆ ਹੈ। ਇਸ ਬਿਰਤਾਂਤ ਵਿਚ ਉਹਨਾਂ ਦੁਆਰਾ ਇੱਕੀ ਆਸ਼ਕਾਨਾਂ ਕਹਾਣੀਆਂ ਦਾ ਪਾਠ ਸੁਣਾਇਆ ਜਾਂਦਾ ਹੈ। ਇਹ ਕਹਾਣੀਆਂ ਭਾਰਤ ਤੇ ਹੋਰਨਾਂ ਵੱਖ-ਵੱਖ ਦੇਸ਼ਾਂ ਦੇ ਕਿੱਸਾ ਨਾਇਕਾਂ, ਸਾਹਿਤਕ ਤੇ ਇਤਿਹਾਸਕ ਪਾਤਰਾਂ, ਪ੍ਰਸਿੱਧ ਲੇਖਕਾਂ, ਕਲਾਕਾਰਾਂ, ਰਾਜਨੀਤੀਵਾਨਾਂ ਤੇ ਹੋਰ ਬੁੱਧੀਜੀਵੀਆਂ ਦੀਆਂ ਕਹਾਣੀਆਂ ਹਨ। ਬਿਰਤਾਂਤ ਦਾ ਨਾਇਕ ਜਾਨੀ ਇਹ ਕਹਾਣੀਆਂ ਰਾਣੇ ਨੂੰ ਸੁਣਾਉਂਦਾ ਹੈ। ਇਸ਼ਕ ਨੂੰ ਸੰਪੂਰਨ ਰੂਪ ਵਿਚ ਜਾਣਨ-ਸਮਝਣ ਲਈ ਉਹ ਇਹ ਤਹਿ ਕਰਦੇ ਹਨ ਕਿ ਉਹ ਹਰ ਰੋਜ਼ ਕਹਾਣੀਆਂ ਸੁਣਾਇਆ ਕਰਨਗੇ। ਇਸਨੂੰ ਉਹ ਇਸ਼ਕ ਦੇ ਇੱਕੀ ਮਣਕਿਆਂ ਵਾਲੀ ਮਾਲ਼ਾ ਫੇਰਨਾ ਕਹਿੰਦੇ ਹਨ।

ਇਸ ਦੇ ਨਾਲ ਲੇਖਕ ਦਾ ਵੀ ਇਹ ਮੰਨਣਾ ਜਾਪਦਾ ਹੈ ਕਿ ਇਹਨਾਂ ਕਹਾਣੀਆਂ ਰਾਹੀਂ ਇਸ਼ਕ ਦੇ ਸਿਧਾਂਤ ਨੂੰ ਸਮਝਿਆ ਜਾ ਸਕਦਾ ਹੈ। ਪਰੰਤੂ ਇਸ਼ਕ/ਪਿਆਰ ਅਜਿਹਾ ਸੰਕਲਪ ਹੈ ਜਿਸ ਬਾਰੇ ਸਿਰਫ ਗਿਣਤੀ ਦੀਆਂ ਕਹਾਣੀਆਂ ਨੂੰ ਪੜ੍ਹ ਕੇ ਹੀ ਨਹੀਂ ਸਮਝਿਆ ਜਾ ਸਕਦਾ। ਕੁੱਲ 280 ਸਫ਼ਿਆਂ 'ਤੇ ਫੈਲਿਆ ਬਿਰਤਾਂਤ ਇਸ਼ਕ ਦੇ ਸਿਧਾਂਤ ਸਾਹਮਣੇ ਬਹੁਤ ਛੋਟਾ ਹੈ। ਇਸ਼ਕ/ਪਿਆਰ ਬਾਰੇ ਅਤੇ ਸਰੀਰਕ ਸੰਬੰਧਾਂ ਬਾਰੇ ਇਸ ਰਚਨਾ ਵਿਚ ਪੇਸ਼ ਕੁਝ ਧਾਰਨਾਵਾਂ ਰਿਸ਼ਤਿਆਂ ਦੇ ਮਨੋਵਿਗਿਆਨਕ ਸੱਚ ਬਾਰੇ ਕਾਫ਼ੀ ਪ੍ਰਮਾਣਿਕ ਮੰਨੀਆਂ ਜਾ ਸਕਦੀਆਂ ਹਨ। ਉਹਨਾਂ ਧਾਰਨਾਵਾਂ ਨੂੰ ਸਮਝ ਕੇ ਲਾਗੂ ਕਰਦੇ ਹੋਏ ਰਿਸ਼ਤਿਆਂ ਵਿਚਲੀ ਟੁੱਟ ਭੱਜ ਤੋਂ ਬਚਿਆ ਜਾ ਸਕਦਾ ਹੈ। ਹਾਲਾਂਕਿ ਇਸ ਬਿਰਤਾਂਤ ਦੇ ਨਾਇਕ ਨਾਇਕਾ ਇਹਨਾਂ ਧਾਰਨਾਵਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਤੋਂ ਉਕਾਈ ਖਾ ਜਾਂਦੇ ਹਨ। ਜਾਨੀ ਆਪਣੇ ਕਨੇਡਾ ਜਾਣ ਬਾਰੇ ਰਾਣੇ ਤੋਂ ਲੁਕੋ ਰੱਖਦਾ ਹੈ। ਰਾਣੇ ਆਪਣੇ ਗਰਭਵਤੀ ਹੋ ਜਾਣ ਬਾਰੇ ਉਸਨੂੰ ਕੁਝ ਨਹੀਂ ਦੱਸਦੀ। ਐਨੀ ਨੇੜਤਾ ਦੇ ਬਾਵਜੂਦ ਤਿੰਨ ਸਾਲ ਦੇ ਕਰੀਬ ਉਹਨਾਂ ਦਾ ਆਪਸ ਵਿਚ ਕੋਈ ਰਾਬਤਾ ਨਹੀਂ ਰਹਿੰਦਾ। ਭਾਵੇਂ ਕਿ ਨਾਵਲ ਦੇ ਅੰਤ 'ਤੇ ਜਾਨੀ ਦੀ ਵਾਪਸੀ ਨਜ਼ਰ ਆਉਂਦੀ ਹੈ ਪਰ ਜਦੋਂ ਇਸ਼ਕ ਦਾ ਸਿਧਾਂਤ ਘੜਿਆ ਜਾ ਰਿਹਾ ਹੋਵੇ ਤਾਂ ਉਸਦੇ ਵਾਹਕ ਪਾਤਰਾਂ ਦਾ ਇਸ ਰਾਹ ਤੋਂ ਥਿੜਕ ਜਾਣਾ ਅੱਖੜਦਾ ਹੈ।

ਨਾਵਲਕਾਰ ਇਸ ਨਾਵਲ ਦੇ ਮੁੱਢ ਵਿਚ ਹੀ ਨਾਵਲ ਦੀ ਵਿਧਾ ਬਾਰੇ ਪਾਠਕ ਦੇ ਨਜ਼ਰੀਏ ਤੋਂ ਖਦਸ਼ਾ ਜ਼ਾਹਰ ਕਰਦਾ ਹੋਇਆ ਲਿਖਦਾ ਹੈ, "ਇਹ ਨਾਵਲ ਪੜ੍ਹਦਿਆਂ, ਇਸਦੇ ਪਾਠਕ ਨੂੰ, ਕਈ ਵਾਰੀ ਇਹ ਵੀ ਲੱਗੇਗਾ ਕਿ ਉਹ ਕੋਈ ਨਾਵਲ ਨਹੀਂ, ਸਗੋਂ 'ਹਦਾਇਤਨਾਮਾ ਆਸ਼ਕ-ਮਾਸ਼ੂਕ' ਜਿਹੀ ਕੋਈ ਕਿਤਾਬ ਹੀ ਪੜ੍ਹ ਰਹੇ ਹਨ। ਚਲੋ, ਤਾਂ ਵੀ ਕੋਈ ਗੱਲ ਨਹੀਂ, ਪਾਠਕ ਇਕ ਦੇ ਭਾਅ ਦੋ ਕਿਤਾਬਾਂ ਪੜ੍ਹ-ਮਾਣ ਸਕਣਗੇ।" ਬਖ਼ਸ਼ਿੰਦਰ ਦਾ ਇਹ ਖ਼ਦਸ਼ਾ ਪਾਠਕ ਦੇ ਨਜ਼ਰੀਏ ਤੋਂ ਠੀਕ ਹੀ ਜਾਪਦਾ ਹੈ। ਇਹ ਰਚਨਾ ਜ਼ਿਆਦਾਤਰ ਸਿਧਾਂਤ ਦੇ ਵੇਰਵਿਆਂ ਨਾਲ ਭਰੀ ਹੋਈ ਹੈ। ਬਖ਼ਸ਼ਿੰਦਰ ਤਜਰਬੇਕਾਰ ਲੇਖਕ ਹੈ, ਇਸ ਕਰਕੇ ਉਸ ਦਾ ਨਾਵਲ ਦੀ ਬਣਤਰ ਤੇ ਬੁਣਤਰ ਬਾਰੇ ਅਗਿਆਨੀ ਹੋਣਾ ਨਹੀਂ ਮੰਨਿਆ ਜਾ ਸਕਦਾ। ਇਸ ਰਚਨਾ ਦੇ ਸੰਪੂਰਨ ਪਾਠ ਉਪਰੰਤ ਕੁਝ ਗੱਲਾਂ ਉੱਭਰ ਕੇ

ਆਉਂਦੀਆਂ ਹਨ। ਪਹਿਲੀ ਗੱਲ ਇਹ ਹੈ ਕਿ, ਲੇਖਕ ਇਸ ਰਚਨਾ ਨੂੰ ਇਸ਼ਕ ਦਾ ਇਕ ਸਿਧਾਂਤਕ ਦਸਤਾਵੇਜ਼ ਬਣਾ ਕੇ ਪੇਸ਼ ਕਰਨਾ ਚਾਹੁੰਦਾ ਹੈ। ਇਸ ਲਈ ਉਸਦਾ ਵਧੇਰੇ ਧਿਆਨ ਇਸ ਬਾਰੇ ਵੱਧ ਤੋਂ ਵੱਧ ਖੋਜ ਇਕੱਤਰ ਕਰਕੇ ਉਸਦੀ ਪੇਸ਼ਕਾਰੀ ਵੱਲ ਹੀ ਰਹਿੰਦਾ ਹੈ, ਜਿਸ ਕਾਰਨ ਇਹ ਰਚਨਾ ਨਾਵਲੀ ਗੁਣਾਂ ਤੋਂ ਕੱਚੀ ਰਹਿ ਜਾਂਦੀ ਹੈ। ਦੂਜਾ, ਬਿਰਤਾਂਤ ਵਿਚ ਲੰਬਾ ਸਮਾਂ ਵਾਰਤਾਲਾਪ ਗ਼ੈਰਹਾਜ਼ਰ ਰਹਿੰਦੀ ਹੈ। ਨਾਇਕ ਜਾਨੀ ਦੇ ਵਿਚਾਰਾਂ ਦਾ ਪ੍ਰਵਾਹ ਆਪ ਮੁਹਾਰੇ ਹੀ ਚੱਲਦਾ ਰਹਿੰਦਾ ਹੈ। ਪਾਤਰਾਂ ਦਾ ਕਾਰਜ ਬਹੁਤ ਘੱਟ ਹੈ। ਤੀਜਾ, ਇਸਦੇ ਬਿਰਤਾਂਤ ਦਾ ਵੱਡਾ ਹਿੱਸਾ ਨਾਇਕਾ ਦੇ ਇਕ ਕਮਰੇ ਵਿਚ ਹੀ ਬੀਤਦਾ ਹੈ। ਜੇਕਰ ਲੇਖਕ ਇਸਦੇ ਬਿਰਤਾਂਤ ਵਿਚ ਨਾਇਕ ਅਤੇ ਨਾਇਕਾ ਦੇ ਰਿਸ਼ਤੇ ਨੂੰ ਵਧੇਰੇ ਵਿਸਥਾਰ ਦੇ ਕੇ ਇਸ਼ਕ ਦੀਆਂ ਸਿਧਾਂਤਕ ਧਾਰਨਾਵਾਂ ਨੂੰ ਅਮਲੀ ਰੂਪ ਵਿਚ ਵਾਪਰਦਾ ਦਿਖਾਉਂਦਾ ਤਾਂ ਇਹ ਹੋਰ ਵੀ ਪ੍ਰਭਾਵਸ਼ਾਲੀ ਬਣ ਸਕਦਾ ਸੀ। ਬਿਰਤਾਂਤ ਵਿਚ ਸਮਾਜਕ ਮੇਲ ਜੋਲ ਵਾਲੇ ਪਾਤਰਾਂ ਦੀ ਕਮੀ, ਲੰਬਾ, ਲਟਕਵਾਂ ਤੇ ਬੌਧਿਕ ਬਿਰਤਾਂਤ ਇਸਦੀ ਨਾਵਲੀਅਤਾ ਨੂੰ ਭੰਗ ਕਰਦਾ ਹੈ। ਇਸ ਲਈ ਨਾਵਲ ਦੀ ਥਾਂ ਇਸਨੂੰ ਇਸ਼ਕ ਦਾ ਸਿਧਾਂਤਕ ਦਸਤਾਵੇਜ਼ ਕਹਿਣਾ ਵਧੇਰੇ ਠੀਕ ਹੋਵੇਗਾ। ਪਰੰਤੂ ਇਸ ਰਚਨਾ ਦੀ ਅਹਿਮੀਅਤ ਇਸ ਗੱਲ ਵਿਚ ਜਰੂਰ ਦੇਖੀ ਜਾ ਸਕਦੀ ਹੈ ਕਿ ਸਮਕਾਲੀ ਸੰਕਟਮਈ ਦੌਰ ਵਿਚ ਜਦੋਂ ਮਨੁੱਖ ਹਰ ਪਾਸੇ ਤੋਂ ਟੁੱਟਿਆ ਤੇ ਲੁੱਟਿਆ ਹੋਇਆ ਮਹਿਸੂਸ ਕਰ ਰਿਹਾ ਹੈ, ਰਿਸ਼ਤਿਆਂ ਵਿਚ ਇਕੱਲਤਾ, ਬੇਗਾਨਗੀ ਕਾਰਨ ਉਹ ਨਿਰਾਸ਼ਾ ਦੇ ਅੰਧਕਾਰ ਵਿਚ ਗੁਆਚ ਰਿਹਾ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ ਇਸ਼ਕ/ਪਿਆਰ ਦੀਆਂ ਆਪਣੀਆਂ ਵੱਖਰੀਆਂ ਤੇ ਨਵੀਆਂ ਪਰਿਭਾਸ਼ਾਵਾਂ ਸਿਰਜ ਰਹੀ ਹੈ। ਇਹਨਾਂ ਪਰਿਭਾਸ਼ਾਵਾਂ ਵਿਚ ਆਪਣਾਪਣ, ਲਗਾਵ, ਸਹਿਣਸ਼ੀਲਤਾ ਤੇ ਨੈਤਿਕਤਾ ਗ਼ੈਰਹਾਜ਼ਰ ਹੈ। ਇਸ ਤਰ੍ਹਾਂ ਬਣੇ ਰਿਸ਼ਤੇ ਹਕੀਕਤ ਦਾ ਸਾਹਮਣਾ ਕਰਦਿਆਂ ਹੀ ਖੇਰੂੰ-ਖੇਰੂੰ ਹੋ ਜਾਂਦੇ ਹਨ। ਉਸੇ ਤਰ੍ਹਾਂ ਪਰਵਾਸੀ ਜੀਵਨ ਵਿਚ ਰਿਸ਼ਤੇ, ਪਿਆਰ ਵਿਆਹ, ਲਿਵ ਇਨ ਰਿਲੇਸ਼ਨਸ਼ਿਪ ਤੋਂ ਵੀ ਅੱਗੇ ਦਾ ਦੌਰ ਸ਼ੁਰੂ ਹੋਣ ਵਾਲਾ ਹੈ। ਇਸ ਲਈ ਨਵੀਂ ਪੀੜ੍ਹੀ ਲਈ ਆਉਣ ਵਾਲਾ ਦੌਰ ਹੋਰ ਵੀ ਗੁੰਝਲਦਾਰ ਹੋਵੇਗਾ। ਅਜਿਹੇ ਸਮੇਂ ਇਸ ਰਚਨਾ ਵਿਚ ਪੇਸ਼ ਧਾਰਨਾਵਾਂ ਨੂੰ ਸਮਝ ਕੇ ਇਸ ਮਾਨਸਿਕ ਖਿੰਡਾਅ ਅਤੇ ਟੁੱਟ ਭੱਜ ਤੋਂ ਬਚਿਆ ਜਾ ਸਕਦਾ ਹੈ। ਇਸ ਰਚਨਾ ਅਤੇ ਇਸਦੇ ਰਚਨਹਾਰੇ ਦਾ ਉਦੇਸ਼ ਵੀ ਇਹੀ ਜਾਪਦਾ ਹੈ। **-ਡਾ. ਹਰਿੰਦਰ ਸਿੰਘ**

## ਚਾਨਣ ਦੇ ਪਰਛਾਂਵੇਂ (ਕਵਿਤਾਵਾਂ) ਦਰਸ਼ਨ ਬੁਲੰਦਵੀ

ਪੰਜਾਬੀ ਕਵਿਤਾ ਵਿਚ ਦਰਸ਼ਨ ਬੁਲੰਦਵੀ ਦਾ ਨਾਮ ਪਿਛਲੀ ਅੱਧੀ ਸਦੀ ਤੋਂ ਗੂੰਜ ਰਿਹਾ ਹੈ। ਇਸ ਅੱਧੀ ਸਦੀ ਦੌਰਾਨ ਉਸਨੇ ਘੱਟ ਪਰ ਬਹੁਤ ਉੱਚ ਪਾਏ ਦਾ ਲਿਖਿਆ। ਕਵਿਤਾ ਦੇ ਨਾਲ਼ ਨਾਲ਼ ਵਾਰਤਕ ਉੱਤੇ ਵੀ ਹੱਥ ਅਜ਼ਮਾਇਆ ਪਰ ਕਵਿਤਾ ਉਸਦੀ ਪਹਿਲੀ ਚੋਣ ਰਹੀ। ਦਰਸ਼ਨ ਬੁਲੰਦਵੀ ਪੰਜਾਬੀ ਦੇ ਉਹਨਾਂ ਕਵੀਆਂ ਦੀ ਪੀੜ੍ਹੀ ਵਿਚੋਂ ਹੈ ਜਿਹਨਾਂ ਦੀ ਕਵਿਤਾ ਦਾ ਉਗਮਨ ਪੰਜਾਬ ਵਿਚ ਚੱਲ ਰਹੀ ਨਕਸਲਬਾੜੀ ਲਹਿਰ ਦੌਰਾਨ ਹੋਇਆ। ਸਮਾਜ ਦੀ ਦੁਫਾੜ ਨੂੰ ਸਮਝਦਿਆਂ ਇਹਨਾਂ ਕਵੀਆਂ ਨੇ ਆਪਣੀ ਕਵਿਤਾ ਨੂੰ ਵਿਚਾਰਧਾਰਕ ਸਾਣ ਦੇ ਤਿੱਖਾ ਕਰਦਿਆਂ ਕਿਸੇ ਹਥਿਆਰ ਵਾਂਙ ਵਰਤਿਆ। ਫੇਰ ਯੁੱਗ ਬਦਲਿਆ, ਇਹ ਲਹਿਰ ਮੱਠੀ ਪੈ ਗਈ ਤੇ ਪੰਜਾਬ ਇਕ ਹੋਰ ਦੌਰ ਵਿਚ ਦਾਖ਼ਲ ਹੋ ਗਿਆ, ਉਹ ਕਾਲ਼ਾ ਦੌਰ ਬੀਤਦੇ ਬੀਤਦੇ ਪੰਜਾਬ ਦਾ ਆਪਣੇ ਬਾਰੇ ਸਾਰਾ ਤਸੱਵਰ ਹੀ ਬਦਲ ਗਿਆ। ਨਵੀਂ ਦੁਨੀਆਂ ਦਾ ਬੂਹਾ ਖੁੱਲਿਆ ਤੇ ਇਕ ਬਾਜ਼ਾਰ ਹਰ ਘਰ ਆਣ ਦਾਖ਼ਿਲ ਹੋਇਆ। ਅਜਿਹੀ ਚਕਾਚੌਂਧ ਹਰ ਪਾਸੇ ਫ਼ੈਲੀ ਕਿ ਸਾਫ਼ ਦਿਖਾਈ ਦੇਣਾ ਵੀ ਬੰਦ ਹੋ ਗਿਆ। ਨਵੀਂ ਸਾਹਿਤਕਾਰ ਪੀੜ੍ਹੀ ਵੀ ਇਸ ਚਕਾਚੌਂਧ ਤੋਂ ਮੁਕਤ ਨਾ ਰਹੀ, ਹਾਲਾਂਕਿ ਉਹ ਇਸ ਨਾਲ਼ ਦਸਤਪੰਜਾ ਤਾਂ ਲੈਂਦੀ ਰਹੀ ਪਰ ਉਸਦੇ ਫ਼ਿਕਰਾਂ ਦਾ ਕੇਂਦਰ ਬਦਲ ਗਿਆ ਤੇ ਲੜਾਈ ਕਿਸੇ ਹੋਰ ਮੁਹਾਜ਼ 'ਤੇ ਲੜੀ ਜਾਣ ਲੱਗ ਪਈ। ਪਹਿਲਾਂ ਤੋਂ ਸਥਾਪਿਤ ਸਾਹਿਤਕਾਰ ਵੀ ਨਵਿਆਂ ਨਾਲ਼ ਵਰ ਮੇਚਣ ਦੀ

ਕੋਸ਼ਿਸ਼ ਕਰਨ ਲੱਗੇ ਪਰ ਉਹਨਾਂ ਦੀ ਵਿਚਾਰਧਾਰਾ ਉਹਨਾਂ ਦੀਆਂ ਲਿਖਤਾਂ ਵਿਚ ਗਾਹੇ-ਬ-ਗਾਹੇ ਆ ਕੇ ਪ੍ਰਗਟ ਹੁੰਦੀ ਰਹੀ। ਇਹੋ ਉਹਨਾਂ ਦੀ ਪਛਾਣ ਸੀ ਤੇ ਇਹੋ ਹੀ ਜ਼ਰੂਰੀ ਵੀ ਸੀ। ਤੇ ਅੱਜ ਅੱਧੀ ਸਦੀ ਬਾਅਦ ਵੀ ਜਦੋਂ ਉਸ ਦੌਰ ਦਾ ਕਵੀ ਕਵਿਤਾ ਲਿਖਦਾ ਹੈ ਤਾਂ ਉਹਦੀ ਕਵਿਤਾ ਵਿਚ ਵਾਰ ਵਾਰ ਇਹ ਗੱਲ ਆਉਂਦੀ ਹੈ ਕਿ ਪੰਥ ਨੂੰ ਕੋਈ ਖ਼ਤਰਾ ਨਹੀਂ। ਮੈਨੂੰ ਦਾਈ ਅਜੇ /ਪੂੰਝ ਸਵਾਰ ਰਹੀ ਸੀ / ਕਿ ਕੰਨਾਂ ਵਿਚ ਆਵਾਜ਼ ਆਈ/ ਪੰਥ ਨੂੰ ਖ਼ਤਰਾ ਹੈ ਪਰ ਇਹ ਖ਼ਤਰਾ ਸਿਆਸਤ ਨੂੰ ਸੀ ਤੇ ਇਹ ਗੱਲ ਦਰਸ਼ਨ ਬੁਲੰਦਵੀ 1973 ਵਿਚ ਲਕੀਰਾਂ ਵਾਹੁੰਦੀ ਪੀੜ ਵਿਚ ਵੀ ਕਹਿ ਰਿਹਾ ਸੀ ਤੇ ਅੱਜ 2022/ 23 ਵਿਚ ਵੀ ਆਖ ਰਿਹਾ ਹੈ। ਸਿਆਸਤ ਅੱਜ ਵੀ ਉਹੀ ਹੈ ਤੇ ਸਾਡਾ ਕਵੀ ਵੀ ਉਹੀ ਹੈ ਅਤੇ ਕਵਿਤਾ ਵੀ ਉਹੀ ਹੈ।

1975 ਦਾ ਸਾਲ ਸੀ ਜਦੋਂ ਦਰਸ਼ਨ ਬੁਲੰਦਵੀ ਪੰਜਾਬ ਤੋਂ ਪਰਵਾਸ ਕਰ ਕੇ ਵਿਦੇਸ਼ ਵਿਚ ਆਪਣਾ ਟਿਕਾਣਾ ਬਣਾਉਣ ਦੇ ਆਹਰ ਲੱਗ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਪਰਵਾਸ ਉਹਦੀ ਮਜਬੂਰੀ ਸੀ ਤੇ ਇਸ ਪਰਵਾਸ ਦੌਰਾਨ ਉਸਨੇ ਜੋ ਸੰਤਾਪ ਹੰਢਾਇਆ ਉਹ ਉਹਦੀਆਂ ਕਵਿਤਾਵਾਂ ਵਿਚੋਂ ਝਲਕਦਾ ਰਿਹਾ। ਜਾਨ ਹੂਲਵੀਂ ਮਿਹਨਤ ਸਕਦਾ ਉਹ ਸਫ਼ਲ ਹੋਇਆ (ਉਹਦੇ ਸਫ਼ਲ ਕਾਰੋਬਾਰ ਬਾਰੇ ਗੁਰਬਚਨ ਆਪਣੇ ਇਕ ਲੇਖ ਵਿਚ ਜ਼ਿਕਰ ਕਰਦਾ ਹੈ) ਤੇ ਉਹ ਸੰਤਾਪ ਦਾ ਦੌਰ ਖ਼ਤਮ ਹੋ ਗਿਆ। ਪਰ ਇਕ ਸੰਵੇਦਨਸ਼ੀਲ ਬੰਦੇ ਦਾ ਸੰਤਾਪ ਕਦੇ ਖ਼ਤਮ ਨਹੀਂ ਹੁੰਦਾ ਉਹ ਬਦਲਦਾ ਰਹਿੰਦਾ ਜਾਂ ਕੁਝ ਸਮੇਂ ਲਈ ਅੱਖੋਂ ਉਹਲੇ ਹੋ ਜਾਂਦਾ ਹੈ। ਪਰਵਾਸੀ ਹੋ ਚੁੱਕੇ ਬੁਲੰਦਵੀ ਦਾ ਨਵਾਂ ਸੰਤਾਪ ਵੀ ਇਸੇ ਪੁਰਾਣੇ ਪਰਵਾਸ ਨਾਲ਼ ਜੁੜਿਆ ਹੋਇਆ ਹੈ। ਪਰਵਾਸ ਬਾਰੇ ਪੰਜਾਬੀ ਬੰਦੇ ਦੀ ਧਾਰਨਾ ਬਹੁਤ ਪੁਰਾਣੀ ਹੈ, ਬਾਬਾ ਫ਼ਰੀਦ ਦਾ ਇਕ ਸ਼ਲੋਕ ਇਸਦੀ ਦੀ ਪੁਖ਼ਤਗੀ ਕਰਦਾ ਹੈ: ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ।ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਪੰਜਾਬੀ ਮਨੁੱਖ ਕਿਸੇ ਪਰਵਾਸ ਨੂੰ ਸਵੀਕਾਰ ਨਹੀਂ ਕਰਦਾ ਕਿਉਂਕਿ ਪਰਵਾਸ ਦਾ ਅਰਥ ਹੀ ਕਿਸੇ ਦੇ ਬਾਰ ਵਿਚ ਬੈਠਣਾ ਹੈ/ਪਰਾਏ ਦੇ ਵੱਸ ਪੈਣਾ ਹੈ। ਪਰ ਹਾਲਾਤ ਇਹ ਬਣ ਗਏ ਹਨ ਕਿ ਪਰਵਾਸ ਹੀ ਪੰਜਾਬ ਦੀ ਹੋਣੀ ਬਣ ਗਿਆ ਹੈ। ਜਦੋਂ ਸੰਵੇਦਨਸ਼ੀਲ ਪਰਵਾਸੀ ਬੰਦੇ ਨੂੰ ਇਹ ਗੱਲ ਸਮਝ ਪੈਂਦੀ ਹੈ ਤਾਂ ਉਹ ਆਖਦੈ:

*ਹੁਣ ਮੈਂ ਵਕਤ ਦੀ ਮੁੱਠੀ ਵਿਚ ਹਾਂ*
*ਮੁੱਠੀ ਖੁੱਲ੍ਹੇ ਤਾਂ ਮੈਂ ਸਾਹ ਭਰਾਂ*
*ਮੈਂ ਤਾਂ ਐਵੇਂ ਕਹਿੰਦਾ ਰਿਹਾ*
*ਕਿ ਵਕਤ ਮੇਰੀ ਮੁੱਠੀ ਵਿਚ ਹੈ*

ਏਥੇ ਹੀ ਫਿਰਦਿਆਂ ਉਸ ਨੂੰ ਆਪਣਾ ਸਤਲੁਜ ਯਾਦ ਆਉਂਦਾ ਹੈ ਜਿਸ ਦੇ ਕੰਢਿਓਂ ਉੱਠ ਕੇ ਉਹ ਵਰਦਿੰਗ ਦੇ ਸਮੁੰਦਰੀ ਕੰਢੇ ਵਸ ਗਿਆ ਹੈ ਤੇ ਮਹਿਸੂਸਦਾ ਹੈ ਕਿ ਹਰ ਸ਼ਾਮ ਸੈਰ ਕਰਦਿਆਂ/ ਮੈਂ ਅਤੇ ਸਮੁੰਦਰ ਰੋਜ਼ ਮਿਲਦੇ ਹਾਂ/ ਓਦੋਂ ਜਵਾਰ ਭਾਟਾ ਸਿਖ਼ਰ ਤੇ ਹੁੰਦਾ ਇਹੋ ਜਵਾਰਭਾਟਾ ਹੈ ਜਿਹੜਾ ਦੁਖਾਂਤ ਦੀ ਨਿਆਈਂ ਬਣ ਰਿਹਾ ਹੈ। ਦਰਸ਼ਨ ਬੁਲੰਦਵੀ ਦੀ ਕਵਿਤਾ ਵਿਚ ਪਰਵਾਸੀ ਬੰਦੇ ਦੀ ਇਹ ਹੋਣੀ ਵਾਰ ਵਾਰ ਦੁਹਰਾਈ ਜਾ ਰਹੀ ਹੈ, ਕਦੇ ਉਹ ਆਖਦੈ

*ਜਦ ਵੀ ਆਪਣੇ ਦੇਸ਼ ਜਾਵਾਂ, ਓਥੇ ਸਭ ਪਰਵਾਸੀ ਕਹਿਣ*
*ਦੇਸ਼ੋਂ ਮੁੜਾਂ ਤਾਂ, ਏਥੇ ਸਭ ਵਿਦੇਸ਼ੀ ਕਹਿਣ*
*ਮੈਂ ਦੇਸ਼ ਅਤੇ ਵਿਦੇਸ਼ ਵਿਚਕਾਰ*
*ਕੱਚੇ ਪੁਲਾਂ ਦੀ ਨਿਆਈਂ ਹਾਂ*

ਇਹ ਅਜਿਹਾ ਜੀਵਨ ਪਲ ਹੈ ਜਿਸਨੂੰ ਉਹ ਮਨੁੱਖ ਹੀ ਸਮਝ ਸਕਦਾ ਹੈ ਜਿਸ ਦੀ ਜ਼ਿੰਦਗੀ ਵਿਚ ਆ ਕੇ ਇਹ ਪਲ ਲਟਕ ਜਾਂਦਾ ਹੈ ਤੇ ਵਰ੍ਹਿਆਂ ਤੱਕ ਫ਼ੈਲ ਜਾਂਦਾ ਹੈ।

ਸਮਕਾਲ ਵਿਚ ਪੰਜਾਬ ਵਿਚੋਂ ਹੋ ਰਿਹਾ ਪਰਵਾਸ, ਪਰਵਾਸ ਨਹੀਂ ਹੈ, ਜਲਾਵਤਨੀ ਹੈ/ਹਿਜਰਤ ਹੈ/ਦੇਸ ਨਿਕਾਲਾ ਹੈ/ਡੁੱਬਦੇ ਬੇੜੇ ਵਿਚੋਂ ਛਾਲਾਂ ਮਾਰਨ ਤੁੱਲ ਹੈ। ਇਸਦੇ ਕਾਰਨ ਅਨੇਕ ਹਨ ਪਰ ਇਕ ਕਾਰਨ ਉਸ ਸਥਿਤੀ ਦਾ ਬਣ ਜਾਣਾ ਹੈ ਜਦੋਂ ਮਜਬੂਰੀ ਨੂੰ ਲੋੜ ਬਣਾਇਆ ਜਾ ਰਿਹਾ ਹੈ। ਜਦੋਂ ਰੰਗਾਂ ਦੀ ਹੋਲੀ ਵਿਚ ਇਕ ਰੰਗ ਖ਼ਾਸ ਹੋ ਰਿਹਾ ਹੈ ਜਦੋਂ ਬਿਨ ਦਿਮਾਗ ਤੋਂ ਸੋਚਣ ਦਾ ਰਿਆਜ਼ ਹੋ ਰਿਹਾ ਹੈ, ਬਿਨ ਜੀਭ ਤੋਂ ਬੋਲਣ ਦਾ ਅਭਿਆਸ ਹੋ ਰਿਹਾ ਹੈ, ਬਿਨ ਅੱਖਾਂ ਤੋਂ ਵੇਖਣ ਦਾ ਅਹਿਸਾਸ ਹੋ ਰਿਹਾ ਹੈ, ਬਿਨ ਸਾਹਾਂ ਤੋਂ ਜਿਉਣ ਦਾ ਵੱਲ ਸਿੱਖਿਆ ਜਾ ਰਿਹਾ ਹੈ ਅਜਿਹੇ ਵਿਚ ਆਪੋ ਆਪਣੀ ਮੂਲ ਪਛਾਣ ਕਰਨੀ ਕਵੀ ਦਾ ਸਵਾਲ ਬਣ ਜਾਂਦੀ ਹੈ ਕਿਉਂਕਿ ਕਵੀ ਜਾਣਦਾ ਹੈ ਕਿ ਆਪਣੀ ਅੱਖ ਨਾਲ਼/ਜੇ ਕੁਹਜ ਤੱਕਦਾ ਹਾਂ/ਤਾਂ ਸਿਰਫ਼ ਇਸ ਲਈ/ਕਿ ਸੁਹਜ ਦੀ ਸ਼ਨਾਖ਼ਤ ਰਵ੍ਹੇ। ਮੰਟੋ ਆਖਦਾ ਹੈ ਕਿ ਮੈਂ ਸਫ਼ੈਦ ਚਾਕ ਨਾਲ਼ ਕਾਲ਼ੀ ਤਖ਼ਤੀ ਤੇ ਲਿਖਦਾ ਹਾਂ ਤਾਂ ਕਿ ਉਸਦੀ ਕਾਲਖ਼ ਹੋਰ ਵਧੇਰੇ ਨਜ਼ਰ ਆਵੇ। ਲੇਖਕ ਕੋਲ ਇਹੋ ਸ਼ਕਤੀ ਹੁੰਦੀ ਹੈ ਕਿ ਉਸਨੇ ਗਾੜ੍ਹੇ ਹੋਏ ਹਨੇਰੇ ਦੀ ਸ਼ਨਾਖ਼ਤ ਕਰਨੀ ਹੁੰਦੀ ਹੈ ਕਿਉਂਕਿ ਉਹ ਜਾਣਦਾ ਹੁੰਦਾ ਹੈ ਕਿ

*ਹਨ੍ਹੇਰਾ ਅੰਦਰ ਹੋਵੇ ਜਾਂ ਬਾਹਰ*
*ਹਨ੍ਹੇਰਾ ਰਾਹ ਨਹੀਂ ਦੇਂਦਾ*
*ਰਾਹ ਤਾਂ ਆਪ ਬਣਾਉਣਾ ਹੀ ਪੈਂਦਾ ਏ*
*ਆਪਣਾ ਰਾਹ ਬਣਾਇਆਂ ਹੀ*
*ਆਪਣਾ ਮੁੱਲ ਪੈਂਦਾ ਏ*

ਦਰਸ਼ਨ ਬੁਲੰਦਵੀ ਦੀ ਕਵਿਤਾ ਹਨ੍ਹੇਰੇ ਵਿਚ ਰਾਹ ਬਣਾਉਣ ਦੀ ਕੋਸ਼ਿਸ਼ ਹੈ। ਲੰਬੇ ਸਮੇਂ ਤੋਂ ਪਰਵਾਸ ਭੋਗ ਰਿਹਾ ਸਾਡਾ ਸ਼ਾਇਰ ਨਿਰਾ ਪਰਵਾਸ ਦਾ ਦੁਖਾਂਤ ਹੀ ਨਹੀਂ ਸਿਰਜ ਰਿਹਾ ਬਲਕਿ ਆਪਣੇ ਦੇਸ਼ ਵਿਚ ਵਾਪਰ ਰਹੇ ਹਰ ਵਰਤਾਰੇ ਬਾਰੇ ਉਸਦੀ ਡੂੰਘੀ ਨਜ਼ਰ ਕਵਿਤਾ ਦਾ ਵਿਸ਼ਾ ਲੱਭਦੀ ਤੇ ਹਰ ਜ਼ੁਲਮ ਖ਼ਿਲਾਫ਼ ਆਵਾਜ਼ ਬਣ ਰਹੀ ਹੈ। ਉਸ ਦੀ ਕਵਿਤਾ ਵਿਚ ਲੋਕ ਲਹਿਰ ਬਣਨ ਦੀ ਖ਼ੁਸ਼ੀ ਵੀ ਹੈ ਤੇ ਲੋਕਾਂ ਦੇ ਇਸ ਲਹਿਰ ਨੂੰ ਅੰਜਾਮ ਤੀਕ ਨਾ ਪਹੁੰਚਾਣ ਦਾ ਦੁੱਖ ਵੀ। ਇਸੇ ਲਈ ਉਹ ਕਹਿੰਦਾ ਹੈ:

*ਜੰਗਲ ਦੇ ਰਾਜ ਵਿਚ*
*ਏਨੀ ਵੀ ਭੁੱਖ ਹੜਤਾਲ ਨਾ ਕਰ*
*ਕਿ ਤੇਰੀ ਖੁਰਦੀ ਹੋਈ ਤਾਕਤ*
*ਬਾਘ ਦੇ ਪੰਜੇ ਵਿਚ ਜਮ੍ਹਾ ਹੋ ਜਾਏ*
*ਤੇ ਉਸ ਨੂੰ ਤੇਰੇ ਉੱਤੇ ਝੱਪਟਣਾ*
*ਹੋਰ ਵੀ ਸੁਖਾਲਾ ਹੋ ਜਾਏ।*
... ... ...
*ਲੋਕ ਰਾਜ ਦੇ ਵਾਲੀਆ, ਆਪਣੀ ਸੁਰਤ ਸੰਭਾਲ*
*ਨਹੀਂ ਤਾਂ ਬਾਜ਼ੀ ਲੈ ਗਏ, ਇਹ ਪੂੰਜੀ ਦੇ ਦਲਾਲ*

ਦਰਸ਼ਨ ਬੁਲੰਦਵੀ ਦੀ ਇਸ ਨਵੀਂ ਕਾਵਿ ਕਿਤਾਬ 'ਚਾਨਣ ਦੇ ਪਰਛਾਂਵੇਂ' (ਪੰਨੇ 180, ਮੁੱਲ 295 ਰੁਪਏ ਸਜਿਲਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਦੀ ਕਵਿਤਾ ਨੇ ਇਕ ਵਾਰ ਫੇਰ ਸਾਬਤ ਕੀਤਾ ਹੈ ਕਿ ਏਨੇ ਲੰਬੇ ਅਰਸੇ ਬਾਅਦ ਵੀ ਉਸਦੇ ਸਰੋਕਾਰ ਪੰਜਾਬ ਦੀ ਧਰਤੀ/ਏਥੋਂ ਦੀ ਲੋਕਾਈ ਨਾਲ਼ ਜੁੜੇ ਹੋਏ ਹਨ। ਆਪਣੇ ਅੰਦਰ ਦੀ ਗੱਲ ਕਰਦਿਆਂ ਵੀ ਉਹ ਪਰ ਨੂੰ ਨਹੀਂ ਵਿਸਾਰਦਾ। ਸਮਕਾਲੀ ਦੌਰ ਅੰਦਰ ਇਸ ਤਰ੍ਹਾਂ ਦੀ ਕਵਿਤਾ ਦੀ ਡਾਢੀ ਲੋੜ ਹੈ ਜਿਹੜੀ ਕਵਿਤਾ ਲੋਕ-ਮੁਖ ਹੋਵੇ। ਦਰਸ਼ਨ ਬੁਲੰਦਵੀ ਦੀ ਇਸ ਨਵੀਂ ਕਾਵਿ ਕਿਤਾਬ ਦਾ ਸਵਾਗਤ ਕਰਨਾ ਬਣਦਾ ਹੈ।

**-ਹਰਵਿੰਦਰ ਸਿੰਘ**

## ਦਿਆਰਾਂ ’ਚੋਂ ਲੰਘਦੀ ਹਵਾ (ਕਹਾਣੀ ਸੰਗ੍ਰਹਿ) ਕੰਵਲ ਕਸ਼ਮੀਰੀ

ਸ੍ਰੀਨਗਰ ਕਸ਼ਮੀਰ ਦਾ ਵਸਨੀਕ ਕੰਵਲ ਕਸ਼ਮੀਰੀ ਉੱਥੋਂ ਦੇ ਪੰਜਾਬੀ ਸਾਹਿਤਕਾਰਾਂ ਵਿਚ ਇਕ ਸੁੱਘੜ ਸਿਰਜਕ ਵਜੋਂ ਜਾਣਿਆ ਪਛਾਣਿਆ ਨਾਂ ਹੈ, ਜੋ ਲੰਮੇਂ ਵਕਫੇ ਪਿੱਛੋਂ ਆਪਣਾ ਦੂਜਾ ਕਹਾਣੀ ਸੰਗ੍ਰਹਿ ‘ਦਿਆਰਾਂ ’ਚੋਂ ਲੰਘਦੀ ਹਵਾ’ (ਮੁੱਲ 250 ਰੁਪਏ, ਪੰਨੇ 135, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋਇਆ ਹੈ। ਉਸ ਦੇ ਹੱਥਲੇ ਦੂਜੇ ਕਹਾਣੀ ਸੰਗ੍ਰਹਿ ਵਿਚ ਕੁਲ 17 ਕਹਾਣੀਆਂ ਹਨ ਜਿੰਨ੍ਹਾਂ ਵਿਚ ਕਸ਼ਮੀਰ ਦੀਆਂ ਸਮਾਜਕ-ਸਭਿਆਚਾਰਕ ਅਤੇ ਆਰਥਿਕ-ਰਾਜਨੀਤਕ ਸਥਿਤੀਆਂ-ਪਰਸਥਿਤੀਆਂ ਨੂੰ ਪੇਸ਼ ਕੀਤਾ ਗਿਆ ਹੈ।

‘ਚੰਦਾ ਮਾਮਾ ਤੇ ਬੁੱਢੀ’ ਹੱਥਲੇ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ ਜਿਸ ਵਿਚ ਮੈਨਾ ਆਪਣੇ ਪੁੱਤਰ ਬਿੱਲੂ ਨੂੰ ਚੰਦ ਬਾਰੇ ਲੋਕ ਕਹਾਣੀਆਂ ਸੁਣਾ ਰਹੀ ਹੈ ਜਿਸ ਰਾਹੀਂ ਉਹ ਆਪਣੇ ਪੁੱਤਰ ਨੂੰ ਜੀਵਨ ਦੀ ਨੈਤਿਕ ਸਿੱਖਿਆ ਦੇ ਰਹੀ ਹੈ। ਪਰ ਬਿੱਲੂ ਦਾ ਬਾਲ ਮਨ ਲੋਕ ਕਹਾਣੀ ਦੇ ਸੰਦਰਭ ਵਿਚ ਆਪਣੀ ਬੁੱਢੀ ਦਾਦੀ ਨੂੰ ਮਿਲਣਾ ਲੋਚਦਾ ਹੈ। ਅਸਲ ਵਿਚ ਕਹਾਣੀ ਕਸ਼ਮੀਰ ਦੇ ਸਮਾਜਕ ਤੇ ਪਰਿਵਾਰਕ ਢਾਂਚੇ ਦੀ ਬਾਤ ਪਾਉਂਦੀ ਹੈ। ਜਿੱਥੇ ਉੱਤਰ ਆਧੁਨਿਕਤਾ ਨੇ ਪੂਰੇ ਵਿਸ਼ਵ ਵਿਚ ਸਾਂਝੇ ਪਰਿਵਾਰਾਂ ਨੂੰ ਤੋੜ ਕੇ ਛੋਟਾ ਕਰ ਦਿੱਤਾ ਹੈ, ਉੱਥੇ ਕਸ਼ਮੀਰ ਵੀ ਇਸ ਪ੍ਰਭਾਵ ਤੋਂ ਅਛੂਤਾ ਨਹੀਂ ਰਿਹਾ। ਵਾਸਤਵ ਵਿਚ ਹਰ ਸਮਾਜ ਵਿਚ ਪੀੜ੍ਹੀ ਪਾੜਾ ਵਧ ਰਿਹਾ ਹੈ ਅਤੇ ਬਜ਼ੁਰਗ ਵਰਗ ਦੀ ਸਥਿਤੀ ਚਿੰਤਾਜਾਨਕ ਹੈ। ਕਹਾਣੀ ਦਾ ਅੰਤ ਸਕਾਰਾਤਮਕ ਮੋੜ ’ਤੇ ਹੁੰਦਾ ਹੈ।

‘ਕੱਲ੍ਹ ਦਾ ਪਰਛਾਵਾਂ’ ਪੁਸਤਕ ਵਿਚ ਦਰਜ ਦੂਜੀ ਕਹਾਣੀ ਹੈ ਜੋ ਮਾਇਆ ਸਿੰਘ ਦੇ ਜੀਵਨ ਦੇ ਇਰਦ-ਗਿਰਦ ਬੁਣੀ ਗਈ ਹੈ। ਮਾਇਆ ਸਿੰਘ ਆਪਣੇ ਕਿੱਤੇ ਨਾਲ ਜੁੜਿਆ ਬੰਦਾ ਹੈ ਅਤੇ ਸੰਜਮ ਨਾਲ ਪੈਸੇ ਬਚਾਉਣੇ ਜਾਣਦਾ ਹੈ। ਬਾਰਾਮੁੱਲਾ ਦੇ ਆਸ-ਪਾਸ ਦੇ ਇਲਾਕਿਆਂ ਵਿਚ ਧਾੜਵੀ ਹਮਲਾ ਕਰ ਦਿੰਦੇ ਹਨ ਤੇ ਸਥਿਤੀ ਬੜੀ ਨਾਜ਼ੁਕ ਬਣ ਜਾਂਦੀ ਹੈ। ਲੋਕ ਆਪਣੀਆਂ ਜਾਨਾਂ ਬਚਾਉਣ ਲਈ ਘਰ-ਬਾਰ ਤੇ ਸਾਰਾ ਮਾਲ-ਅਸਬਾਬ ਛੱਡ ਕੇ ਭੱਜ ਰਹੇ ਹਨ। ਮਾਇਆ ਸਿੰਘ ਦੀ ਭੈਣ ਉਸ ਨੂੰ ਵਾਸਤਵਿਕਤਾ ਤੋਂ ਜਾਣੂ ਕਰਵਾਉਣ ਦਾ ਯਤਨ ਕਰਦੀ ਹੈ। ਪਰ ਮਾਇਆ ਸਿੰਘ ਦੇ ਅੰਦਰਲਾ ਲਾਲਚ ਉਸ ਨੂੰ ਭੁੱਖੇ ਤੇ ਲੋੜਵੰਦ ਲੋਕਾਂ ਨੂੰ ਵਧੀਆ ਸੇਬ ਵਰਤਾਉਣ ਤੋਂ ਰੋਕਦਾ ਹੈ।

ਪੁਸਤਕ ਵਿਚ ਦਰਜ ਤੀਜੀ ਕਹਾਣੀ ‘ਲੇਤਰੀ’ ਤਿੰਨ ਦੋਸਤਾਂ ਦੀ ਆਪਸੀ ਸਾਂਝ ਤੇ ਅਥਾਹ ਪਿਆਰ ਦੀ ਕਹਾਣੀ ਹੈ। ਧੰਨਾ, ਨੂਰਦੀਨ ਤੇ ਸੈਫਲ ਮਲੂਕ ਤਿੰਨ ਮਿੱਤਰ ਸੰਗੀਤ ਨੂੰ ਪਿਆਰ ਕਰਦੇ ਹਨ। ਸਾਰੀ ਬਸਤੀ ਉਹਨਾਂ ਦੇ ਸੰਗੀਤ ਦਾ ਆਨੰਦ ਮਾਣਦੀ ਹੈ। ਤਿੰਨਾਂ ਦੋਸਤਾਂ ਦੀਆਂ ਪਤਨੀਆਂ ਦਾ ਵੀ ਆਪਸ ਵਿਚ ਗੂੜ੍ਹਾ ਨਾਤਾ ਹੈ। ਨੂਰਦੀਨ, ਧੰਨੇ ਤੇ ਸੈਫਲ ਦੀ ਦੋਸਤੀ ਵਿਚ ਖਟਾਸ ਰਾਜਨੀਤਕ ਤਾਕਤਾਂ ਕਾਰਨ ਪੈਦਾ ਹੁੰਦੀ ਹੈ। ਵਾਸਤਵ ਵਿਚ ਕਹਾਣੀ ਵਿਚ ਤਿੰਨ ਦੋਸਤਾਂ ਨੂੰ ਤਿੰਨ ਫਿਰਕਿਆਂ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਰਾਜਸੀ ਧਿਰਾਂ ਆਪਣੇ ਨਿੱਜੀ ਮੁਫ਼ਾਦਾਂ ਲਈ ਸਮਾਜ ਵਿਚਲੀਆਂ ਆਪਸੀ ਸਾਂਝਾਂ ਵਿਚ ਦਰਾੜਾਂ ਪੈਦਾ ਕਰਦੀਆਂ ਹਨ। ਅਜਿਹੀ ਸਥਿਤੀ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਦੂਜਾ ਪ੍ਰਮੁੱਖ ਕਾਰਨ ਮਨੁੱਖ ਅੰਦਰਲੀ ਤਾਕਤ ਪ੍ਰਾਪਤ ਕਰਨ ਦੀ ਬਿਰਤੀ ਹੈ। ਮਨੁੱਖ ਥੋੜ੍ਹੀ ਜਿਹੀ ਤਾਕਤ ਮਿਲਣ ’ਤੇ ਆਪਦੇ ਆਪ ਨੂੰ ਆਪਣੇ ਸਾਥੀਆਂ ਤੋਂ ਵੱਖਰਾ ਸਮਝਣਾ ਸ਼ੁਰੂ ਕਰ ਦਿੰਦਾ ਹੈ। ਜਿਸ ਕਾਰਨ ਵਖਰੇਵੇਂ ਹੋਰ ਗਹਿਰੇ ਤੇ ਗੂੜ੍ਹੇ ਹੋ ਜਾਂਦੇ ਹਨ।

ਅਗਲੀ ਕਹਾਣੀ ‘ਔਰਤ’ ਸਮਾਜ ਵਿਚ ਔਰਤ ਦੀ ਸਥਿਤੀ ਦੀ ਵਾਸਤਵਿਕਤਾ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਕਹਾਣੀ ਇਕ ਰਾਜ ਵਿਚ ਬਣੀ ਹੜ੍ਹ ਦੀ ਸਥਿਤੀ ਨੂੰ ਟਾਲਣ ਦੇ ਇਰਦ-ਗਿਰਦ ਬੁਣੀ ਗਈ ਹੈ। ਰਾਜਾ ਆਪਣੇ ਪਰੋਹਿਤ ਤੇ ਵਜ਼ੀਰ ਦੀ ਸਲਾਹ ਨਾਲ ਰਾਜ ’ਤੇ ਪਈ ਬਿਪਤਾ ਨੂੰ ਟਾਲਣ ਲਈ ਆਪਣੇ ਸਤ ’ਤੇ ਕਾਇਮ ਔਰਤ ਨੂੰ ਲੱਭਣ ਦਾ ਯਤਨ ਕਰਦਾ ਹੈ, ਜਿਸ ਵਿਚ ਸਭ ਤੋਂ ਪਹਿਲਾਂ ਉਹ ਆਪਣੀ ਰਾਣੀ ਦਾ ਸਤ ਪਰਖਣਾ ਲੋਚਦਾ ਹੈ। ਪਰ ਕਹਾਣੀ ਦੇ ਅੰਤ ’ਤੇ ਨਾਟਕੀ ਢੰਗ

ਨਾਲ ਘੁਮਿਆਰਨ ਜੋ ਆਪਣੇ ਬੱਚੇ ਦਾ ਢਿੱਡ ਭਰਣ ਲਈ ਆਪਣੇ ਜਿਸਮ ਦਾ ਸੌਦਾ ਕਰਦੀ ਹੈ, ਸਤ ਵਾਲੀ ਔਰਤ ਸਾਬਤ ਹੁੰਦੀ ਹੈ ਅਤੇ ਉਸ ਦੀ ਛੋਹ ਮਾਤਰ ਨਾਲ ਰਾਜ 'ਤੇ ਪਈ ਬਿਪਤਾ ਟਲ ਜਾਂਦੀ ਹੈ ਹਾਲਾਂਕਿ ਉਹ ਔਰਤ ਆਪ ਵੀ ਹੜ੍ਹ ਦੇ ਪਾਣੀ ਵਿਚ ਰੁੜ੍ਹ ਜਾਂਦੀ ਹੈ। ਦਰਅਸਲ ਕਹਾਣੀ ਆਪਣੇ ਪਰਿਵਾਰ ਤੇ ਸਮਾਜ ਲਈ ਕੁਰਬਾਨ ਹੋਣ ਵਾਲੀ ਔਰਤ ਦੇ ਸੁੱਚੇ ਕਿਰਦਾਰ ਨੂੰ ਰੂਪਮਾਨ ਕਰਦੀ ਹੈ।

'ਚੰਗੇ ਦਿਨ' ਕਹਾਣੀ ਵਾਦੀ ਦੀਆਂ ਬੁਨਿਆਦੀ ਸਮੱਸਿਆਵਾਂ, ਲੋਕਾਂ ਦੀ ਅਕਾਂਖਿਆਵਾਂ, ਲੋੜਾਂ ਤੇ ਸਮੇਂ ਨਾਲ ਬਦਲਦੇ ਹਾਲਾਤ ਨੂੰ ਕੇਂਦਰ ਵਿਚ ਰੱਖ ਕੇ ਪੇਸ਼ ਕਰਦੀ ਹੈ। ਮੱਲ ਰਹੀਮ ਤੇ ਮਾਲਾ ਪਰਵਾਸ ਕਰਦੇ ਨਵੀਂ ਧਰਤੀ ਲੱਭਦੇ ਮਤਲਬ ਆਪਣੇ ਰੁਜ਼ਗਾਰ ਦੀ ਭਾਲ ਵਿਚ ਨਵੇਂ ਥਾਂ ਆਪਣਾ ਟਿਕਾਣਾ ਬਣਾਉਂਦੇ ਹਨ। ਹੌਲੀ-ਹੌਲੀ ਮੱਲ ਰਹੀਮ ਤੇ ਮਾਲਾ ਦਾ ਨਵਾਂ ਟਿਕਾਣਾ ਬਸਤੀ ਦੇ ਰੂਪ ਵਿਚ ਵਿਕਸਤ ਹੋਣ ਲੱਗਦਾ ਹੈ। ਮਾਲਾ ਦੀ ਦੁਕਾਨ ਵੀ ਬਸਤੀ ਦੇ ਵਿਕਸਣ ਨਾਲ ਵਿਕਸਣ ਲੱਗਦੀ ਹੈ। ਮਾਲਾ ਦੇ ਪਰਿਵਾਰ ਦੇ ਦਿਨ ਬਦਲ ਜਾਂਦੇ ਹਨ। ਪਰ ਕਦੀ ਵੀ ਹਾਲਾਤ ਸਥਿਰ ਨਹੀਂ ਰਹਿੰਦੇ ਚਾਹੇ ਉਹ ਬਦਤਰ ਹੋਣ ਚਾਹੇ ਚੰਗੇ। ਕਹਾਣੀ ਵਿਚ ਵਾਦੀ ਵਿਚਲੀ ਅੱਤਵਾਦ ਦੀ ਸਮੱਸਿਆ ਦੀਆਂ ਕਈ ਪਰਤਾਂ ਨੂੰ ਉਧੇੜਨ ਦਾ ਯਤਨ ਕੀਤਾ ਗਿਆ ਹੈ। ਭਾਵੇਂ ਅੱਤਵਾਦ ਦੀ ਸਮੱਸਿਆ ਨੇ ਵਾਦੀ ਦੀ ਸ਼ਾਂਤੀ ਤੇ ਵਪਾਰ ਦੀ ਸਥਿਤੀ ਨੂੰ ਡਾਵਾਂ-ਡੋਲ ਕਰ ਦਿੱਤਾ ਹੈ। ਫਿਰ ਵੀ ਮਾਲਾ ਵਰਗੇ ਕੁਝ ਪਰਿਵਾਰ ਹਨ ਜ਼ੋ ਉਹਨਾਂ ਦੇ ਰਾਹੀਂ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਕਹਾਣੀ ਵਿਚ ਵਾਦੀ ਦੇ ਗਭਰੀਟਾਂ ਦੀ ਮਾਨਸਿਕ ਸਥਿਤੀ ਨੂੰ ਬੜੀ ਮਾਰਮਿਕਤਾ ਸਹਿਤ ਬਿਆਨ ਕੀਤਾ ਗਿਆ ਹੈ।

'ਜ਼ੋਗਣ ਪਿਆਲਾ ਤੇ ਬਾਰੀ' ਕਹਾਣੀ ਵਿਚ ਵਾਦੀ ਦੀ ਖ਼ੂਬਸੂਰਤੀ ਦਾ ਵਰਨਣ ਕੀਤਾ ਗਿਆ ਹੈ। ਕਹਾਣੀ ਵਿਚ ਸੰਗਰਾਮਪੁਰ ਨਾਂ ਦੇ ਪਿੰਡ ਦੇ ਮਿਥਿਹਾਸਕ-ਇਤਿਹਾਸਕ ਵੇਰਵਿਆਂ ਨੂੰ ਮਾਨਵ ਤੇ ਕੁਦਰਤ ਦੇ ਆਪਸੀ ਰਿਸ਼ਤੇ ਦੇ ਸੰਦਰਭ ਵਿਚ ਪ੍ਰਤੀਪਾਦਿਤ ਕੀਤਾ ਗਿਆ ਹੈ। ਇਸ ਵਿਚ ਪੰਡਤਾਂ, ਵਾਦੀ ਦੀ ਇਤਿਹਾਸਕ ਗਤੀ ਅਨੁਸਾਰ ਰਾਜ ਪ੍ਰਬੰਧਾਂ, ਸਿੱਖਾਂ, ਮੁਸਲਮਾਨ, ਪਠਾਣ ਆਦਿ ਫਿਰਕਿਆਂ ਦੀ ਜੀਵਨ ਰਹਿਤਲ ਨੂੰ ਬਿਆਨ ਕੀਤਾ ਗਿਆ ਹੈ। 'ਪਰਖੜਾ' ਕਹਾਣੀ ਵਿਚ ਮੰਗੂ ਨਾਂ ਦੇ ਪਾਤਰ ਨਾਲ ਮਤਰੇਈ ਮਾਂ ਦੇ ਵਿਵਹਾਰ, ਸੁਮਿੱਤਰਾ ਦੀ ਮਮਤਾ ਤੇ ਵਾਦੀ ਦੇ ਸਮਾਜ ਵਿਚ ਪਰਿਵਾਰ ਨਾਂ ਦੀ ਸੰਸਥਾ ਦੀ ਭਾਵਨਾਤਮਕ, ਆਰਥਿਕ ਤੇ ਸਭਿਆਚਾਰਕ ਸਥਿਤੀ ਨੂੰ ਉਭਾਰਿਆ ਗਿਆ ਹੈ। ਕਹਾਣੀ ਵਿਚ ਬਲਾਸਟ ਵਿਚ ਮੰਗੂ ਦੇ ਮਾਰੇ ਜਾਣ ਦੀ ਅਫ਼ਵਾਹ ਨਾਲ ਬਸਤੀ ਦੀ ਮਾਨਵੀ ਸਾਂਝ ਤੇ ਅੱਤਵਾਦ ਦੀ ਵਾਸਤਵਿਕ ਸਥਿਤੀ ਨੂੰ ਉਜਾਗਰ ਕੀਤਾ ਗਿਆ ਹੈ। ਇਹਨਾਂ ਤੋਂ ਇਲਾਵਾ ਪੁਸਤਕ ਵਿਚ 'ਕਿਸ਼ਨਗੋਪੀ ਦਾ ਪਰਤ ਆਉਣਾ', 'ਪ੍ਰੋਫ਼ਾਇਲ ਇਕ ਰਾਤ ਦਾ', 'ਲਕੀਰ ਦਾ ਰਹੱਸ', 'ਅੰਮਾਂ ਜੀ ਦੇ ਆਪਣੇ', 'ਚਿਤਰ ਵਿੱਚਲੀ ਛਾਇਆ' ਆਦਿ ਕਹਾਣੀਆਂ ਕਸ਼ਮੀਰ ਦੀ ਆਰਥਿਕ, ਸਮਾਜਕ, ਸਭਿਆਚਾਰਕ, ਰਾਜਨੀਤਕ ਤੇ ਮਨੋਵਿਗਿਆਨਕ ਸਥਿਤੀਆਂ ਦੀ ਯਥਾਰਥਕ ਤਸਵੀਰ ਪੇਸ਼ ਕਰਦੀਆਂ ਹਨ।

ਅਖੀਰ ਵਿਚ ਰੂਪਕ ਪੱਖ ਬਾਰੇ ਵਿਚਾਰ ਕਰੀਏ ਤਾਂ ਜਿਆਦਾਤਰ ਕਹਾਣੀਆਂ ਅਨਯ ਪੁਰਖੀ ਬਿਰਤਾਂਤਕਾਰੀ ਦੀ ਜੁਗਤ ਰਾਹੀਂ ਪੇਸ਼ ਕੀਤੀਆਂ ਗਈਆਂ ਹਨ। ਕਹਾਣੀ ਦੀ ਪੜ੍ਹਨਯੋਗਤਾ ਬਣਾਈ ਰੱਖਣ ਲਈ ਕਹਾਣੀਕਾਰ ਕਈ ਤਰ੍ਹਾਂ ਦੇ ਮਿੱਥਕ ਹਵਾਲਿਆਂ, ਅਖਾਣਾਂ ਤੇ ਟੋਟਕਿਆਂ ਦੀ ਵਰਤੋਂ ਕਰਦਾ ਹੈ। ਲੇਖਕ ਕਹਾਣੀ ਨੂੰ ਠੋਸ ਅਧਾਰ ਦੇਣ ਲਈ ਕਈ ਥਾਈਂ ਲੋਕ ਕਥਾਵਾਂ ਦੀ ਜੁਗਤ ਦੀ ਵਰਤੋਂ ਕਰਦਾ ਹੈ ਜਿਸ ਤੋਂ ਕਹਾਣੀਕਾਰ ਦੀ ਸਮਰੱਥਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਕਹਾਣੀ ਕਹਿਣ ਲਈ ਉਹ ਆਪਣੇ ਨਿੱਜੀ ਅਨੁਭਵ ਦੇ ਦਾਇਰਿਆਂ ਤੋਂ ਬਾਹਰ ਨਹੀਂ ਜਾਂਦਾ ਜਿਸ ਕਾਰਨ ਕੰਵਲ ਕਸ਼ਮੀਰੀ ਦੀ ਕਹਾਣੀ ਵਿਚ ਸਹਿਜਤਾ ਤੇ ਠਹਿਰਾ ਹੈ। ਪੰਜਾਬੀ ਕਹਾਣੀ ਜਗਤ ਵਿਚ ਨਵੇਂ ਧਰਾਤਲ ਤੇ ਵਿਸ਼ਿਆਂ ਨਾਲ ਜੁੜੀਆਂ ਕਹਾਣੀਆਂ ਦਾ ਸਵਾਗਤ ਕਰਨਾ ਬਣਦਾ ਹੈ।

**-ਪਰਗਟ ਸਿੰਘ**

## ਪ੍ਰਾਪਤ ਪੁਸਤਕਾਂ

**ਨਾਬਰ ਪੈੜਾਂ** (ਸ਼ਬਦ ਚਿੱਤਰ) ਬਲਬੀਰ ਪਰਵਾਨਾ
ਪੰਨੇ 110, ਮੁੱਲ 150 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਪੰਜਾਬ

**ਅਬ ਜੂਝਣ ਕੋ ਦਉ** (ਇਤਿਹਾਸਕ ਨਾਵਲ) ਅਤਰਜੀਤ
ਪੰਨੇ 418, ਮੁੱਲ 400 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਗੁਰੂ ਕੀ ਨਗਰੀ, ਬਠਿੰਡਾ

**1947** (ਨਾਵਲ) ਪਰਗਟ ਸਿੰਘ ਸਤੌਜ
ਪੰਨੇ 144, ਮੁੱਲ 195 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ

**378 ਦਿਨ ਜਿਨ੍ਹਾਂ ਦਿੱਲੀ ਹਿਲਾ ਦਿੱਤੀ** (ਨਾਵਲ) ਧਰਮ ਸਿੰਘ ਕੰਮੇਆਣਾ
ਪੰਨੇ 112, ਮੁੱਲ 250 ਰੁਪਏ, ਸਨਾਵਰ ਪਬਲੀਕੇਸ਼ਨ, ਪਟਿਆਲਾ 147 001

**ਬਚੇ ਸ਼ਰਨ ਜੁ ਹੋਏ** (ਨਾਵਲ) ਹਰਜੀਤ ਕੌਰ ਵਿਰਕ
ਪੰਨੇ 187, ਮੁੱਲ 325 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 143 002

**ਕਰਫਿਊ ਤੇ ਹੋਰ ਤਿੰਨ ਨਾਵਲ,** ਅਨੁਵਾਦ ਅਤੇ ਸੰਪਾਦਨ: ਡਾ. ਹਰਬੰਸ ਸਿੰਘ ਧੀਮਾਨ
ਪੰਨੇ 316 ਮੁੱਲ 600 ਰੁਪਏ, ਨਵਯੁਗ ਪਬਲਿਸਰਜ਼, ਹੌਜ਼ ਖਾਸ, ਨਵੀਂ ਦਿੱਲੀ

**ਸਿਦਕ** (ਨਾਵਲ) ਜਸਵਿੰਦਰ ਜਸ
ਪੰਨੇ 72, ਮੁੱਲ 100 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟਰੀਅਲ ਏਰੀਆ, ਫੇਜ਼ 9, ਮੁਹਾਲੀ

**ਆਈ ਲਾਚਾ** (ਕਹਾਣੀਆਂ) ਅਨੇਮਨ ਸਿੰਘ
ਪੰਨੇ 144, ਮੁੱਲ 200 ਰੁਪਏ, ਸਾਹਿਬਦੀਪ ਪਬਲੀਕੇਸ਼ਨ, ਭੀਖੀ, ਜ਼ਿਲ੍ਹਾ ਮਾਨਸਾ 151 504

**ਮੇਰੀਆਂ ਪਿਆਰੀਆਂ ਕਹਾਣੀਆਂ** (ਕਹਾਣੀ ਸੰਗ੍ਰਹਿ) ਜੋਗਿੰਦਰ ਸਿੰਘ ਨਿਰਾਲਾ
ਪੰਨੇ 111, ਮੁੱਲ 250 ਰੁਪਏ, ਤਾਲਿਫ ਪ੍ਰਕਾਸ਼ਨ, ਬਰਨਾਲਾ

**ਤ੍ਰਿਕਾਲ-ਸੰਧਿਆ** (ਕਥਾ-ਸੰਗ੍ਰਹਿ) ਦੀਪ ਦੇਵਿੰਦਰ ਸਿੰਘ
ਪੰਨੇ 104, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 143 002

**ਇਨਕਲਾਬ** (ਕਹਾਣੀ ਸੰਗ੍ਰਹਿ) ਮਹਿੰਦਰ ਸਿੰਘ ਤਤਲਾ
ਪੰਨੇ 127 ਮੁੱਲ 200 ਰੁਪਏ, ਸਾਹਿਬਦੀਪ ਪਬਲੀਕੇਸ਼ਨਜ਼, ਪਟਿਆਲਾ

**ਅੱਗ 'ਚ ਸੜਦੇ ਫੁੱ**ਲ (ਕਹਾਣੀਆਂ) ਗੁਰਮੇਲ ਬੀਰੋਕੇ
ਪੰਨੇ 111, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

**ਸੁਪਨੇ ਜਵਾਬ ਮੰਗਦੇ ਨੇ** (ਕਹਾਣੀ ਸੰਗ੍ਰਹਿ) ਸਰਬ ਕੌਰ
ਪੰਨੇ 72, ਮੁੱਲ 150 ਰੁਪਏ, ਪ੍ਰੀਤ ਪਬਲੀਕੇਸ਼ਨ, ਨਾਭਾ

**ਬਦਾਮੀ ਰੰਗ ਦੇ ਛਿੱਟੇ** (ਕਹਾਣੀ ਸੰਗ੍ਰਹਿ) ਅਮਨ ਗੁਰਲਾਲ
ਪੰਨੇ 174, ਮੁੱਲ 295 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਬਸੰਤ ਕੁਰ ਦੀ ਖੂੰਡੀ** (ਕਹਾਣੀ ਸੰਗ੍ਰਹਿ) ਮੀਨੂੰ
ਪੰਨੇ 157, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਅਹਿਮ ਸੁਨੇਹੇ** (ਕਹਾਣੀ ਸੰਗ੍ਰਹਿ) ਜਗਰੂਪ ਸਿੰਘ ਗਿੱਲ
ਪੰਨੇ 96, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਮੰਜ਼ਿਲ ਤੇ ਪਗਡੰਡੀਆਂ** (ਕਾਵਿ ਸੰਗ੍ਰਹਿ) ਮਹਿੰਦਰ ਸਿੰਘ ਦੋਸਾਂਝ
ਪੰਨੇ 120, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਸੁਣ ਸਖੀਏ...**(ਕਵਿਤਾਵਾਂ) ਤਰਿੰਦਰ ਕੌਰ
ਪੰਨੇ 120, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 143 002

**ਖੰਭ ਤੇ ਸੁਨੇਹਾ** (ਕਾਵਿ ਸੰਗ੍ਰਹਿ) ਮੁਸ਼ਤਾਕ ਸੂਫ਼ੀ
ਪੰਨੇ 100, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਉਮਰੋਂ ਲੰਮੇ ਰੋਗ** (ਕਾਵਿ ਸੰਗ੍ਰਹਿ) ਬਾਬਾ ਗ਼ੁਲਾਮ ਹੁਸੈਨ ਨਦੀਮ ਕਾਦਰੀ
ਪੰਨੇ 94, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਲੋਅ** (ਕਾਵਿ ਸੰਗ੍ਰਹਿ) ਮੁਰੀਦ ਸੰਧੂ
ਪੰਨੇ 79, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਤ੍ਰਿਵੇਣੀ** (ਕਾਵਿ ਸੰਗ੍ਰਹਿ) ਮਹਿੰਦਰਪਾਲ ਸਿੰਘ ਪਾਲ
ਪੰਨੇ 112, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਖਾਲੀ ਬੇੜੀਆਂ** (ਕਾਵਿ ਸੰਗ੍ਰਹਿ) ਬਲਦੇਵ ਸੀਹਰਾ
ਪੰਨੇ 128, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਰਾਵੀ ਦੀ ਰੀਝੇ** (ਗ਼ਜ਼ਲ ਸੰਗ੍ਰਹਿ) ਮਨ ਮਾਨ
ਪੰਨੇ 104, ਮੁੱਲ 200 ਰੁਪਏ, ਸਪਰੈੱਡ ਪਬਲੀਕਾਸ਼ਨ, ਪਟਿਆਲਾ

**ਮੈਂ ਤੇ ਆਕਾਸ਼** (ਕਾਵਿ-ਸੰਗ੍ਰਹਿ) ਭਗਤ ਨਰਾਇਣ
ਪੰਨੇ 112, ਮੁੱਲ 250 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 143 002

**ਨਜ਼ਰਾਂ ਦੀ ਖ਼ਾਮੋਸ਼ੀ** (ਕਾਵਿ ਸੰਗ੍ਰਹਿ) ਡਾ. ਦਵਿੰਦਰ ਸਿੰਘ ਜੀਤਲਾ
ਪੰਨੇ 120+14, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਨਾ ਵਜ਼ਨ ਨਾ ਬਹਿਰ, ਇਹ ਤਾਂ ਮਨ ਦੀ ਲਹਿਰ...** (ਕਾਵਿ ਸੰਗ੍ਰਹਿ) ਜੰਗ ਐੱਸ ਵਰਮਨ
ਪੰਨੇ 119, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਬੇ-ਆਵਾਜ਼ ਗੁਫ਼ਤਗੂ** (ਕਾਵਿ ਸੰਗ੍ਰਹਿ) ਮੌਲਾਨਾ ਰੂਮੀ ਅਨੁਵਾਦ: ਇਮਰੋਜ਼ ਖਾਨ
ਪੰਨੇ 181, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਤੂੰ ਤੇ ਪਿਕਾਸੋ** (ਕਾਵਿ ਸੰਗ੍ਰਹਿ) ਹਰੀ ਸਿੰਘ ਤਾਤਲਾ
ਪੰਨੇ 79, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਪਰਾਏ ਪਰਾਂ ਦੀ ਪਰਵਾਜ਼** (ਕਾਵਿ ਸੰਗ੍ਰਹਿ) ਨਿਰਮਲ ਸਿੰਘ
ਪੰਨੇ 103, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਅਨਮੋਲ ਰਤਨ** (ਕਾਵਿ ਸੰਗ੍ਰਹਿ) ਹਰਦੇਵ ਸਿੰਘ ਗਰੇਵਾਲ
ਪੰਨੇ 104+8, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਜੇਕਰ ਦੇਖਦੀ ਨਾ** (ਕਾਵਿ ਸੰਗ੍ਰਹਿ) ਵਿਰਕ ਪੁਸ਼ਪਿੰਦਰ
ਪੰਨੇ 119, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਮੈਂ ਆਦਮੀ ਨਹੀਂ** (ਕਾਵਿ ਸੰਗ੍ਰਹਿ) ਡਾ. ਪ੍ਰਗਟ ਸਿੰਘ ਜਠੌਲ
ਪੰਨੇ 100, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜਗਦਾ ਰਹੀਂ ਵੇ ਦੀਵਿਆ** (ਕਾਵਿ ਸੰਗ੍ਰਹਿ) ਪਾਲ ਢਿੱਲੋਂ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਉਹਦਾ ਕਣ ਕਣ ਦੇ ਵਿਚ ਵਾਸਾ ਹੈ** (ਗੀਤ ਸੰਗ੍ਰਹਿ) ਬਲਵਿੰਦਰ ਗਿੱਲ
ਪੰਨੇ 112, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੂਰਜ ਦੇ ਸਾਰਥੀ** (ਕਾਵਿ ਸੰਗ੍ਰਹਿ) ਜਸਪਾਲਜੀਤ
ਪੰਨੇ 128, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਲੇਖਕ, ਲਿਖਤ ਤੇ ਵਿਚਾਰਧਾਰਾ** (ਚਿੰਤਨ) ਬਲਬੀਰ ਪਰਵਾਨਾ
ਪੰਨੇ 140, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਇੰਡਸਟੀਅਲ ਏਰਿਆ, ਫੇਜ਼ 9. ਮੁਹਾਲੀ
**ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ** (ਵਾਰਤਕ) ਵਿਜੈ ਬੰਬੇਲੀ
ਪੰਨੇ 224, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ
**ਖ਼ਾਲਿਸਤਾਨ ਸੰਘਰਸ਼: ਕਹਾਣੀ ਬਲਦੇ ਦਰਿਆਵਾਂ ਦੀ** (ਵਾਰਤਕ) ਜਗਤਾਰ ਸਿੰਘ
ਪੰਨੇ 517, ਮੁੱਲ 495 ਰੁਪਏ, ਲਾਹੌਰ ਬੁੱਕ ਸ਼ਾਪ, ਲੁਧਿਆਣਾ
**ਨਕਸਲਬਾੜੀ ਲਹਿਰ ਅਤੇ ਖੱਬੇ-ਪੱਖੀ ਪੰਜਾਬੀ ਪੱਤਰਕਾਰੀ** (ਵਾਰਤਕ) ਡਾ. ਮੇਘਾ ਸਿੰਘ
ਪੰਨੇ 251, ਮੁੱਲ 320 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਇੰਡਸਟਰੀਅਲ ਏਰੀਆ 2, ਚੰਡੀਗੜ੍ਹ
**ਅਣਫੋਲਿਆ ਵਰਕਾ: ਇੰਦਰ ਸਿੰਘ ਮੁਰਾਰੀ** (ਵਾਰਤਕ) ਸ਼ਿਵ ਨਾਥ
ਪੰਨੇ 96, ਮੁੱਲ 150 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਪੰਜਾਬ
**ਭਾਰਤੀ ਸਾਹਿਤ ਦੇ ਨਿਰਮਾਤਾ: ਗੁਰਸ਼ਰਨ ਸਿੰਘ** (ਵਾਰਤਕ) ਜਸਪਾਲ ਕੌਰ ਦਿਉਲ
ਪੰਨੇ 100, ਮੁੱਲ 50 ਰੁਪਏ, ਸਾਹਿਤ ਅਕਾਦੇਮੀ, ਨਵੀਂ ਦਿੱਲੀ
**ਗੁਰਮੁਖ ਸਿੰਘ ਸਹਿਗਲ: ਸ਼ਖਸੀਅਤ ਤੇ ਸਿਰਜਣਾ** (ਸਿਮ੍ਰਤੀ ਗ੍ਰੰਥ) ਸੰਪਾਦਕ: ਜਸਪ੍ਰੀਤ ਸਿੰਘ ਜਗਰਾਉਂ
ਪੰਨੇ 464, ਮੁੱਲ 595 ਰੁਪਏ, ਸੰਗਮ ਪਬਲੀਕੇਸ਼ਜ਼, ਸਮਾਣਾ (ਪਟਿਆਲਾ)
**ਜਿਨ ਪੇ ਤਕੀਆ ਥਾ** (ਵਾਰਤਕ) ਇੰਦਰਜੀਤ ਕੌਰ ਸਿੱਧੂ
ਪੰਨੇ 192, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੋਨਧਾਰਾ: ਵਿਕਲਪਕ ਇਲਾਜ ਪ੍ਰਣਾਲੀ** (ਵਾਰਤਕ) ਡਾ. ਜਗਰੂਪ ਸਿੰਘ
ਪੰਨੇ 144, ਮੁੱਲ 300 ਰੁਪਏ, ਈਗਲ ਪ੍ਰਕਾਸ਼ਨ, ਓਲਡ ਰੇਲਵੇ ਰੋਡ, ਜਲੰਧਰ
**ਕਹਾਣੀ ਨੂੰ ਸਮਰਪਿਤ ਕਹਾਣੀਕਾਰ ਜੋਗਿੰਦਰ ਸਿੰਘ ਨਿਰਾਲਾ** (ਆਲੋਚਨਾ) ਸੰ: ਡਾ. ਵੀਰਪਾਲ ਕੌਰ ਕਮਲ
ਪੰਨੇ 139, ਮੁੱਲ 225 ਰੁਪਏ, ਸਪਤਰਿਸ਼ੀ ਪਬਲੀਕੇਸ਼ਨਜ਼, ਇੰਡਸਟੀਅਲ ਏਰਿਆ 2, ਚੰਡੀਗੜ੍ਹ
**Jail Diary and Other Articles** (Documents) Baba Harjap Singh
Pages 405, Price 795, Chetna Parkashan, Punjabi Bhavan Ludhiana
**Indic civilization and Its Dharma Traditions** (Prose) Pro. Jagbir Singh
Pages 148, Price 295, Chetna Parkashan, Punjabi Bhavan Ludhiana

---


## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2023     ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ**     ਪ੍ਰਕਾਸ਼ਨ ਮਿਤੀ: 1 ਅਪਰੈਲ, 2023


---

## ਨਵੀਂ ਪੰਜਾਬੀ ਕਹਾਣੀ ਦੇ ਮੂਹਰਲੀ ਕਤਾਰ ਦੇ ਰਚਨਾਕਾਰ
## ਸਿਮਰਨ ਧਾਲੀਵਾਲ ਦੀਆਂ ਚੋਣਵੀਆਂ ਕਹਾਣੀਆਂ




ਸਿਮਰਨ ਧਾਲੀਵਾਲ ਨਵੀਂ ਪੰਜਾਬੀ ਕਹਾਣੀ ਦਾ ਸਮਰੱਥ ਕਥਾਕਾਰ ਹੈ। ਉਹ ਆਪਣੀਆਂ ਕਹਾਣੀਆਂ ਵਿਚ ਅੱਜ ਦੇ ਮਨੁੱਖ ਦੀਆਂ ਮਾਨਸਿਕ ਸਮਾਜਕ ਗੰਢਾਂ ਦਾ ਜਿਹੜਾ ਚਿੱਤਰ ਉਲੀਕ ਰਿਹਾ ਹੈ, ਉਹ ਯਥਾਰਥ ਦੇ ਬਹੁਤ ਨੇੜੇ ਹੈ। ਉਹਦੀਆਂ ਰਚਨਾਵਾਂ ਦੇ ਪਾਤਰ ਕਰੂਰ ਹਾਲਾਤ ਨਾਲ ਲਗਾਤਾਰ ਜੂਝਦੇ ਨਜ਼ਰੀਂ ਪੈਂਦੇ ਹਨ।

ਪੰਨੇ 104     ਸੁੰਦਰ ਦਿੱਖ     ਮੁੱਲ 225 ਰੁਪਏ

**ਰਵੀ ਸਾਹਿਤ** ਪ੍ਰਕਾਸ਼ਨ ਅੰਮ੍ਰਿਤਸਰ-143002

**SIRJANA** Literary Punjabi Quarterly Chandigarh
No. 208 ISSN 2455-1058 APRIL- JUNE 2023
Registered with the Registrar of Newspapers for India vide R.N. 10215/65

ਕੈਨੇਡਾ ਵੱਸਦੇ ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ
ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ 'ਹਨੇਰੇ ਰਾਹ'




ਹਰਪ੍ਰੀਤ ਸੇਖਾ ਨੇ ਆਪਣੀਆਂ ਜਾਨਦਾਰ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕੀਤਾ ਹੈ। ਉਸ ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕ ਡਰਾਈਵਰਾਂ ਨੂੰ ਕੇਂਦਰ ਵਿਚ ਰੱਖ ਕੇ ਨਵੇਂ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੀ ਬਾਤ ਪਾਉਂਦਾ ਹੈ। ਨਾਵਲ ਵਿਚ ਇੰਮੀਗਰੇਸ਼ਨ, ਖ਼ਾਸਕਰ ਪੰਜਾਬੀ ਪਰਵਾਸੀਆਂ ਦੇ ਦੁੱਖਾਂ-ਦੁਸ਼ਵਾਰੀਆਂ ਬਾਰੇ ਵੇਰਵੇ ਸੂਖ਼ਮ ਰੂਪ ਵਿਚ ਪੇਸ਼ ਹੋਏ ਹਨ।

ਪੰਨੇ 198 ਸੁੰਦਰ ਦਿੱਖ ਮੁੱਲ 350 ਰੁਪਏ

ਗਰੇਸ਼ੀਅਸ ਬੁੱਕਸ ਪਟਿਆਲਾ